

# ਹਰਿ ਭਗਤ ਦਵਾਰ

## ੨੬੦ ਧੀਰਪੁਰ ਦਿੱਲੀ - ੦੯

(ਨੇੜੇ - ਕਿੰਗਜ ਵੇ ਕੈਂਪ, ਨਿਰੰਕਾਰੀ ਕਲੋਨੀ)



ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ
ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ
ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ
ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ
ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ



✪ ✪ ✪ ✪ ✪
✪ ✪ ✪ ✪ ✪

✪ ੫ ਕੱਤਕ ਸ਼ਹਿਨਸ਼ਾਹੀ ਸੰਮਤ ੧, ੨੬੦ ਧੀਰਪੁਰ ਦਿੱਲੀ ਦਰਬਾਰ ਦੀ ਨੀਂਹ ਰੱਖਣ ਸਮੇਂ ✪

ਪੰਜ ਕੱਤਕ ਕਹੇ ਮੇਰਾ ਮਾਲਕ ਨਿਰੰਕਾਰ, ਦੋ ਜਹਾਨਾਂ ਮਲਕੀਅਤ ਆਪਣੇ ਹੱਥ ਰਖਾਈਆ । ਆਦਿ ਜੁਗਾਦਿ ਸਚੀ ਸਰਕਾਰ, ਧੁਰ ਦੀ ਧਾਰ ਹੁਕਮ ਪਰਗਟਾਈਆ । ਜੁਗ ਚੌਕੜੀ ਵਿਚ ਸੰਸਾਰ, ਨਿਤ ਨਵਿਤ ਵੇਖ ਵਖਾਈਆ । ਨਵ ਨੌ ਚਾਰ ਕਰ ਕੇ ਪਾਰ, ਪਰਮ ਪੁਰਖ ਪ੍ਰਭ ਆਪਣੀ ਦਇਆ ਕਮਾਈਆ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਵੇਖ ਅਖਾੜ, ਦਹਿ ਦਿਸ਼ਾ ਖੋਜ ਖੁਜਾਈਆ । ਪੈਗ਼ੰਬਰ ਗੁਰੂ ਵੇਖ ਅਵਤਾਰ, ਭਗਤ ਸੁਹੇਲੇ ਭੇਵ ਚੁਕਾਈਆ । ਇਸ਼ਟ ਦ੍ਰਿਸ਼ਟ ਵੇਖ ਵਿਵਹਾਰ, ਬਹੁਭਾਂਤੀ ਵੰਡ ਵੰਡਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ, ਪਰਦੇ ਰਿਹਾ ਉਠਾਈਆ । ਹਰ ਘਟ ਅੰਦਰ ਵੇਖੇ ਮਾਰ ਧਿਆਨ, ਬਿਨ ਅੱਖਾਂ ਵੇਖ ਵਖਾਈਆ । ਸੰਮਤ ਸ਼ਹਿਨਸ਼ਾਹੀ ਕਰ ਪਰਧਾਨ, ਲੋਕਮਾਤ ਦਿੱਤੀ ਵਡਿਆਈਆ । ਹੁਕਮ ਧੁਰ ਦਾ ਇਕ ਫ਼ਰਮਾਨ, ਫ਼ਰਮਾਬਰਦਾਰ ਦਿਤਾ ਸਮਝਾਈਆ । ਨੌ ਸਤ ਹੋਏ ਹੈਰਾਨ, ਹੈਰਾਨੀ ਘਰ ਘਰ ਨਜ਼ਰੀ ਆਈਆ । ਸਚਿਆਂ ਭਗਤਾਂ ਬਖ਼ਸ਼ ਇਕ ਗਿਆਨ, ਅਗਿਆਨੀ ਕਰੇ ਹਲਕਾਈਆ । ਧਰਮ ਦਵਾਰੇ ਦੇ ਕੇ ਮਾਣ, ਮਮਤਾ ਦਿੱਤੀ ਮਿਟਾਈਆ । ਸਤਿ ਸਚ ਵਖਾ ਨਿਸ਼ਾਨ, ਨਿਸ਼ਾਨਾ ਇਕੋ ਦਿਤਾ ਜਣਾਈਆ । ਢੋਲਾ ਦੱਸ ਕੇ "ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ" ਭਾਗ ਸਭ ਦਾ ਦਿਤਾ ਬਦਲਾਈਆ । ਖੇਲੇ ਖੇਲ ਨੌਜਵਾਨ, ਨੌਬਤ ਆਪਣਾ ਨਾਮ ਵਜਾਈਆ । ਸਚ ਦਵਾਰਾ ਕਰ ਪਰਵਾਨ, ਪਰਮ ਪੁਰਖ ਹੋਏ ਸਹਾਈਆ । ਦਿੱਲੀ ਦਰਬਾਰ ਖੋਲ੍ਹਿਆ ਆਣ, ਆਨਣ ਫਾਨਣ ਵੇਖੇ ਸਰਬ ਲੁਕਾਈਆ । ਸ਼ਬਦੀ ਜੋਧਾ ਹੋ ਬਲਵਾਨ, ਬਲਧਾਰੀ ਵੇਖ ਵਖਾਈਆ । ਨਾਮ ਖੰਡਾ ਖਿੱਚ ਅਗੰਮ ਕਮਾਨ, ਚਿਲਾ ਤੀਰ ਅਣਿਆਲਾ ਆਪਣੇ ਹੱਥ ਰਖਾਈਆ । ਬ੍ਰਹਿਮੰਡ ਖੰਡ ਵੇਖੇ ਇਕ ਮੈਦਾਨ, ਮੱਦਦਗੀਰ ਨਾ ਕੋਇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ ।

ਕੱਤਕ ਕਹੇ ਮੈਂ ਹੋਇਆ ਖ਼ੁਸ਼ਹਾਲ, ਪੰਚ ਪਰਵਿਸ਼ਟੇ ਮਿਲੀ ਵਡਿਆਈਆ । ਸਾਹਿਬ ਸਤਿਗੁਰ ਦੀਨ ਦਿਆਲ, ਦਇਆ ਦਿੱਤੀ ਕਮਾਈਆ । ਭਗਤ ਸੁਹੇਲੇ ਗੁਰਮੁਖ ਸੋਹਣੇ ਲਾਲ, ਲਾਲ ਰਿਹਾ ਵਡਿਆਈਆ । ਸਚ ਦਵਾਰਾ ਵਖਾ ਕੇ ਧਰਮਸਾਲ, ਭਗਤ ਭਗਵਾਨ ਹੋਏ ਸਹਾਈਆ । ਪੂਰਬਲਾ ਪੂਰਬ ਵੇਖ ਮੈਦਾਨ, ਧਰਤੀ ਧਰਤ ਰਿਹਾ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ ।

ਪੰਜ ਕੱਤਕ ਕਹੇ ਮੈਨੂੰ ਯਾਦ ਆਉਂਦਾ ਚੇਤਾ, ਚੇਤਾਵਨੀ ਨਾਲ ਜਣਾਈਆ । ਇਥੇ ਇੱਕੀ ਦਿਨ ਕ੍ਰਿਸ਼ਨ ਸੌਂਦਾ ਰਿਹਾ ਉਪਰ ਰੇਤਾ, ਦੂਜਾ ਸੰਗ ਨਾ ਕੋਇ ਵਖਾਈਆ । ਦੂਜਾ ਤੱਕਦਾ ਰਿਹਾ ਪੁਰਖ ਅਕਾਲ

ਦਾ ਸ਼ਬਦੀ ਬੇਟਾ, ਜੋ ਹੁਕਮੀ ਹੁਕਮ ਸੁਣਾਈਆ । ਜਿਸ ਦਾ ਕੋਇ ਨਾ ਜਾਣੇ ਲੇਖਾ, ਕਾਗਜ਼ ਕਲਮ ਨਾ ਲਿਖੇ ਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ ।

ਪੰਜ ਕੱਤਕ ਕਹੇ ਮੈਨੂੰ ਯਾਦ ਆਈ ਉਹ ਧਾਰ, ਜੋ ਧਰਨੀ ਦਏ ਗਵਾਹੀਆ । ਤਿੰਨ ਦਿਨ ਕ੍ਰਿਸ਼ਨ ਸੁੱਤਾ ਸੀ ਮੂੰਹ ਦੇ ਭਾਰ, ਦੱਖਣ ਦਿਸ਼ਾ ਕੋਨਾ ਵੰਡ ਵੰਡਾਈਆ । ਮਸਤਕ ਰਗੜ ਕਰੇ ਨਿਮਸਕਾਰ, ਸੀਸ ਗਰਦਨ ਉਤੇ ਟਿਕਾਈਆ । ਤੇਰਾ ਖੇਲ ਅਗੰਮ ਅਪਾਰ, ਤ੍ਰਿਲੋਕੀ ਨਾਥ ਦਏ ਗਵਾਹੀਆ । ਅਗੰਮੀ ਦਿਸਦਾ ਚਮਤਕਾਰ, ਜਲਵਾ ਸ਼ਹਿਨਸ਼ਾਹੀਆ । ਨਿਰਗੁਣ ਰੂਪ ਤੇਰਾ ਨਿਰੰਕਰ, ਮਾਲਕ ਇਕ ਅਖਵਾਈਆ । ਸਾਚਾ ਬਖ਼ਸ਼ ਉਹ ਪਿਆਰ, ਜਿਸ ਨੂੰ ਵੇਖੇ ਨਾ ਕੋਇ ਲੁਕਾਈਆ । ਤੇਤੀਵੇਂ ਸਾਲ ਦਾ ਇਹ ਵਿਹਾਰ, ਉਮਰ ਅਵਸਥਾ ਆਯੂ ਅੰਕੜਿਆਂ ਵਿਚ ਵੰਡ ਵੰਡਾਈਆ । ਪੁਰਖ ਅਕਾਲ ਹੋ ਦਿਆਲ, ਬਾਹੋਂ ਪਕੜ ਗਲੇ ਲਗਾਈਆ । ਉਹ ਵੇਖ ਖੇਲ ਕਮਾਲ, ਕਮਲਾਪਾਤ ਦਏ ਜਣਾਈਆ । ਦੀਨਾਂ ਬੰਧਪ ਦੀਨ ਦਿਆਲ, ਦਇਆਵਾਨ ਹੋਏ ਸਹਾਈਆ । ਕਲਜੁਗ ਅੰਤਮ ਸਤਿ ਸਚ ਬਣਾਵਾਂ ਉਚ ਦਵਾਰ, ਜਿਥੇ ਦਵਾਰਕਾ ਵਾਸੀ ਸੀਸ ਝੁਕਾਈਆ । ਜਮਨਾ ਤਟ ਸੁਣ ਪੁਕਾਰ, ਦੇਵੇ ਮਾਣ ਵਡਿਆਈਆ । ਧੁਰ ਦੇ ਸੱਜਣ ਮੀਤ ਮੁਰਾਰ, ਵਿਛੜੇ ਗੁਰਮੁਖ ਜੋੜ ਜੁੜਾਈਆ । ਸ੍ਰਿਸ਼ਟੀ ਦ੍ਰਿਸ਼ਟੀ ਖੋਲ੍ਹ ਕਿਵਾੜ, ਜਗਤ ਕਿਵਾੜ ਬੰਦ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਥਾਉਂ ਥਾਈਆ ।

ਪੰਜ ਕੱਤਕ ਕਹੇ ਕ੍ਰਿਸ਼ਨ ਕਹਾਏ ਤ੍ਰਿਲੋਕੀ ਨਾਥ, ਲੋਕ ਤਿੰਨ ਵਡਿਆਈਆ । ਬਰਦਾ ਤੇਰਾ ਚਾਕ, ਸੇਵਕ ਸੇਵ ਕਮਾਈਆ । ਗੋਪੀਆਂ ਵਾਲੀ ਰਾਸ, ਸਖੀਆਂ ਨਾਲ ਵਡਿਆਈਆ । ਗੁਵਾਲਿਆਂ ਰੱਖਾਂ ਪਾਸ, ਭੱਜਾਂ ਵਾਹੋ ਦਾਹੀਆ । ਤੇਰੀ ਇਕੋ ਯਾਦ, ਅੰਤਰ ਅੰਤਰ ਸਮਾਈਆ । ਧੂੜੀ ਟਿੱਕਾ ਖ਼ਾਕ, ਮਸਤਕ ਸੋਭਾ ਪਾਈਆ । ਜੋੜ ਕੇ ਦੋਵੇਂ ਹਾਥ, ਸੀਸ ਦਿਤਾ ਝੁਕਾਈਆ । ਤੂੰ ਮੇਰਾ ਰਘੁਨਾਥ, ਰਹਿਬਰ ਬੇਪਰਵਾਹੀਆ । ਧੁਰ ਦਾ ਦੇਣਾ ਸਾਥ, ਆਦਿ ਜੁਗਾਦੀ ਸੰਗ ਨਿਭਾਈਆ । ਕਲਜੁਗ ਹੋਵੇ ਅੰਧੇਰੀ ਰਾਤ, ਕੁੰਟ ਚਾਰ ਅੰਧੇਰਾ ਛਾਈਆ । ਸਾਚੀ ਦਿਸੇ ਨਾ ਕੋਈ ਪਰਭਾਤ, ਨੂਰੋ ਨੂਰ ਨਾ ਕੋਇ ਰੁਸ਼ਨਾਈਆ । ਪੁਰਖ ਅਕਾਲ ਕਿਹਾ ਮੈਂ ਪਰਗਟ ਹੋਵਾਂ ਸਾਖਿਆਤ, ਜੋਤੀ ਜੋਤ ਡਗਮਗਾਈਆ । ਜਿਨ੍ਹਾਂ ਜੁਗ ਚੌਕੜੀ ਰਿਹਾ ਆਖ, ਭਗਤਾਂ ਦਿਆਂ ਵਡਿਆਈਆ । ਮਾਨਸ ਜਨਮ ਵਿਚ ਦੇਵਾਂ ਸ਼ਾਬਾਸ, ਸਿਰ ਆਪਣਾ ਹੱਥ ਟਿਕਾਈਆ । ਮੇਰਾ ਤਤਾਂ ਵਾਲਾ ਨਹੀਂ ਹੋਣਾਂ ਲਬਾਸ, ਨੂਰੋ ਨੂਰ ਜਲਵਾ ਬੇਪਰਵਾਹੀਆ । ਗੋਬਿੰਦ ਹੋਣਾ ਘਾਟ, ਪਤਨ ਇਕੋ ਦਿਆਂ ਸਮਝਾਈਆ । ਨਵ ਨੌਂ ਚਾਰ ਦੀ ਮੇਟਾਂ ਵਾਟ, ਵਾਟਾਂ ਦੂਰ ਕਰਾਈਆ । ਧਰਮ ਦਵਾਰਾ ਖੋਲ੍ਹ ਕੇ ਹਾਟ, ਜਗਤ ਹਟਵਾਣੇ ਦਿਆਂ ਖਪਾਈਆ । ਕ੍ਰਿਸ਼ਨ ਤੇਰੀ ਜ਼ਰੂਰ ਪੂਰੀ ਕਰਾਂ ਬਾਤ, ਬੇਵਤਨਾਂ ਦਾ ਵਤਨ ਦਿਆਂ ਵਸਾਈਆ । ਸਚ ਦਵਾਰ ਕਰ ਕੇ ਆਬਾਦ, ਆਬਾਦੀ ਸ੍ਰਿਸ਼ਟੀ ਦੀ ਦੇਵਾਂ ਘਟਾਈਆ । ਮੇਰੇ ਕੋਲ ਸਭ ਤੋਂ ਵੱਖਰੀ ਅਨੋਖੀ ਜਾਚ, ਜਾਚਕ ਆਪਣੇ ਲਵਾਂ ਤਰਾਈਆ । ਲੱਗਣ ਨਾ ਦੇਵਾਂ ਕੋਇ ਆਂਚ, ਅਗਨੀ ਅੱਗ ਨਾ ਕੋਇ ਤਪਾਈਆ । ਉਸ ਵੇਲੇ ਸੰਮਤ ਸ਼ਹਿਨਸ਼ਾਹੀ ਕੱਤਕ ਮਹੀਨਾ ਉਪਰ ਦਿਵਸ ਹੋਵੇ ਪਾਂਚ, ਪੰਚਮ ਮੇਲਾ ਸਹਿਜ ਸੁਭਾਈਆ । ਜਿਸ ਦੁਆਰਿਉਂ ਸਾਰੀ ਸ੍ਰਿਸ਼ਟੀ ਬਣਨੀ ਇਕ ਨਿਕੀ ਜਿਹੀ ਬਰਾਂਚ, ਹੁਕਮਨਾਮੇ ਚਾਰੋਂ ਕੁੰਟ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ ।

ਪੰਜ ਕੱਤਕ ਕਹੇ ਕ੍ਰਿਸ਼ਨ ਗਦ ਗਦ, ਗੱਦੀ ਆਪਣੀ ਦਿੱਤੀ ਤਜਾਈਆ । ਮੈਨੂੰ ਭੁੱਲ ਗਏ ਯਾਦਾਂ ਵਾਲੀ ਉਹ ਯਦ, ਯਦਪ ਤੇਰਾ ਖੇਲ ਵੇਖ ਵਖਾਈਆ । ਓਸ ਵੇਲੇ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ

ਅਸਾਂ ਸਭ ਕੁਛ ਦੇਣਾ ਛੱਡ, ਛੱਡਣੀ ਜਗਤ ਲੋਕਾਈਆ । ਇਕੋ ਲੰਘ ਕੇ ਪਾਰ ਹੱਦ, ਦਵਾਰੇ ਧੁਰ ਦੇ ਸੋਭਾ ਪਾਈਆ । ਕੋਟਨ ਕੋਟ ਵਾਰ ਤਤ ਸਰੀਰ ਗਏ ਲੱਦ, ਚੋਲੀ ਜਗਤ ਮਾਤ ਹੰਡਾਈਆ । ਤੇਰਾ ਖੇਲ ਪੁਰਖ ਸਮਰੱਥ, ਬੇਅੰਤ ਬੇਪਰਵਾਹੀਆ । ਨਿਰਗੁਣ ਧਾਰ ਵਖਾਉਣਾ ਓਸ ਅਗੰਮੀ ਅੱਖ, ਜਿਸ ਦਾ ਰੂਪ ਰੰਗ ਰੇਖ ਨਾ ਕੋਇ ਵਖਾਈਆ । ਅਬਿਨਾਸ਼ੀ ਕਰਤਾ ਵੇਖ ਸਹਿਜੇ ਦਿਤਾ ਜਣਾਈਆ । ਜੁਗ ਚੌਕੜੀ ਸਭ ਕੁਝ ਮੇਰੇ ਵਸ, ਵਾਸਤਾ ਆਪਣੇ ਨਾਲ ਰਖਾਈਆ । ਸਭ ਦਾ ਲਹਿਣਾ ਦੇਣਾ ਕਰ ਕੇ ਬੱਸ, ਬਸਤੇ ਬਿਸਤਰਿਆਂ ਵਿਚ ਬੰਧਾਈਆ । ਹਰਿ ਭਗਤ ਗੁਰਮੁਖ ਸੁਹੇਲੇ ਕਰ ਇਕੱਠ, ਇਕੱਠਿਆਂ ਦਿਆਂ ਵਡਿਆਈਆ । ਸਚ ਦਰਬਾਰ ਦੀ ਨੀਂਹ ਰੱਖ, ਪਿਆਰ ਦੀ ਜੜ੍ਹ ਦਿਆਂ ਪਰਗਟਾਈਆ । ਆਦਿ ਜੁਗਾਦਿ ਜੁਗ ਚੌਕੜੀ ਮੇਰਾ ਭਗਤਾਂ ਵਾਲਾ ਪੱਖ, ਭੁੱਲਿਆਂ ਦੇਵਾਂ ਸਜ਼ਾਈਆ । ਗੁਰਮੁਖਾਂ ਦੀ ਸੇਵਾ ਦਾ ਇਹ ਪਿੱਛਲਾ ਰਸ, ਰਸਤਾ ਸ੍ਰਿਸ਼ਟੀ ਦਏ ਵਖਾਈਆ । ਜਿਸ ਦੇ ਨਿਸ਼ਾਨੇ ਉਤੇ ਸਦੀ ਪਿੱਛੋਂ ਖਰਚ ਹੋਣਾ ਸਵਾ ਲੱਖ, ਨਿਸ਼ਾਨਾ ਧਰਮ ਇਕ ਝੁਲਾਈਆ । ਕਿਸੇ ਦਾ ਰਹਿਣ ਨਹੀਂ ਦੇਣਾ ਕੋਈ ਵਸ, ਵਸੀਕਾਰ ਸਰਬ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੂਰਬ ਲਹਿਣਾ ਵੇਖ ਵਖਾਈਆ ।

ਪੰਜ ਕੱਤਕ ਕਹੇ ਮੇਰਾ ਕਰੋ ਕਦਰ, ਕੁਦਰਤ ਦਾ ਕਾਦਰ ਰਿਹਾ ਮਿਲਾਈਆ । ਜੋ ਪੂਰੀ ਸਭ ਦੀ ਕਰੇ ਸਧਰ, ਸਦਮਾ ਰਿਹਾ ਚੁਕਾਈਆ । ਜਿਸ ਨੇ ਸਭ ਦਾ ਲੇਖਾ ਦੇਣਾ ਬਦਲ, ਬਦਲੀ ਕਰੇ ਲੋਕਾਈਆ । ਓਸ ਦਾ ਧਾਮ ਅਵਲੜਾ ਇਨਸਾਫ਼ ਵਾਲਾ ਅਦਲ, ਅਦਾਲਤ ਇਕ ਲਗਾਈਆ । ਕੂੜੀ ਕਿਰਿਆ ਕਰ ਕੇ ਕਤਲ, ਮਕਤੂਲ ਕਲਜੁਗ ਲਏ ਬਣਾਈਆ । ਗੁਰਮੁਖ ਹੀਰੇ ਬਣਾ ਕੇ ਰਤਨ, ਲੱਖ ਚੁਰਾਸੀ ਵਿਚੋਂ ਬਾਹਰ ਕਢਾਈਆ । ਕਿਸੇ ਦਾ ਕੋਈ ਚੱਲਣ ਨਹੀਂ ਦੇਣਾ ਯਤਨ, ਯਥਾਰਥ ਆਪਣਾ ਹੁਕਮ ਵਰਤਾਈਆ । ਤਿੰਨ ਸਾਲ ਸੁੱਖ ਨਾਲ ਕਿਸੇ ਨੂੰ ਦੇਣਾ ਨਹੀਂ ਵਸਣ, ਵਸੀਆ ਕਰ ਕੇ ਹੁਕਮ ਮਨਾਈਆ । ਜਨ ਭਗਤਾਂ ਦਵਾਰੇ ਭਗਵਾਨ ਨੀਂਹ ਆਇਆ ਰੱਖਣ, ਜਗਤ ਵਾਲੀ ਨਾ ਕੋਇ ਵਡਿਆਈਆ । ਮਾਨਸ ਜਨਮ ਦਾ ਅਖ਼ੀਰੀ ਵਖਾ ਕੇ ਪਤਣ, ਪਤਰਿਆਂ ਵਿਚੋਂ ਬਾਹਰ ਕਢਾਈਆ । ਅੰਤਮ ਲੈ ਕੇ ਜਾਏ ਓਸ ਵਤਨ, ਜਿਸ ਦੇ ਵਿਚੋਂ ਹੋਈ ਜੁਦਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਦੀ ਭਗਤੀ ਵਾਲੀ ਆਇਆ ਨੀਂਹ ਰੱਖਣ, ਜਿਸ ਦੀ ਜੜ੍ਹ ਨਾ ਕੋਇ ਉਖੜਾਈਆ ।

ਪੰਜ ਕੱਤਕ ਕਹੇ ਮੈਨੂੰ ਸੋਹਣਾ ਲੱਗੇ ਵਿਹਾਰ, ਖ਼ੁਸ਼ੀਆਂ ਵਾਲੀ ਘੜੀ ਸੁਹਾਈਆ । ਦਿਸ਼ਾ ਦੱਖਣ ਸ਼ੁਰੂ ਹੋਵੇ ਉਸਾਰ, ਇੱਟ ਬਾਹਰਲੀ ਸੀਸ ਝੁਕਾਈਆ । ਨੌਂ ਇੰਚ ਦਾ ਜਿਸ ਪਿਆਰ, ਨੌਂ ਨੌਂ ਸੀਸ ਝੁਕਾਈਆ । ਅੰਦਰ ਲਹਿਣਾ ਵਾਰੋ ਵਾਰ, ਮਿਲੇ ਮਾਣ ਵਡਿਆਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰੱਖੇ ਨਾਲ ਪਿਆਰ, ਪਿਆਰ ਦੇ ਬੰਧਨ ਪੰਜਾਂ ਲੇਖਾਂ ਵਿਚ ਬੰਦ ਕਰਾਈਆ । ਪੰਜ ਸ਼ਬਦ ਲਿਖਣੇ ਨਾਲ ਪਿਆਰ, ਪਿਆਰ ਧੁਰ ਦਾ ਦਏ ਬਣਾਈਆ । ਜਿਨ੍ਹਾਂ ਉਤੇ ਹੋਵੇ "ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ" ਜੈਕਾਰ, ਜੈ ਜੈਕਾਰ ਸੁਣਾਈਆ । ਸਤ ਸਤ ਦੀ ਸਾਚੀ ਕਾਰ, ਕਰਨੀ ਦਾ ਕਰਤਾ ਆਪ ਕਮਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਧਰਮ ਦਵਾਰੇ ਦੀ ਨੀਂਹ ਦਾ ਇਕ ਸ਼ਿੰਗਾਰ, ਵਗਾਰ ਦੂਜੇ ਦੀ ਦਏ ਮਿਟਾਈਆ । ਇੱਟ ਕਹੇ ਮੇਰੀ ਨਿਮਸਕਾਰ, ਪੰਜ ਕੱਤਕ ਮਿਲੀ ਵਡਿਆਈਆ । ਆਈ ਚਲ ਸਚੇ ਦਵਾਰ, ਨਿਉਂ ਨਿਉਂ ਸੀਸ ਝੁਕਾਈਆ । ਸੰਮਤ ਸ਼ਹਿਨਸ਼ਾਹੀ ਅਪਰ ਅਪਾਰ, ਹੁਕਮ ਰਿਹਾ ਜਣਾਈਆ । ਤੂੰ ਲੱਗਣਾ ਭਗਤਾਂ ਦੇ ਓਸ ਦਰਬਾਰ, ਜਿਨ੍ਹਾਂ ਦਾ ਦਵਾਰਾ ਬੰਦ ਨਾ ਕੋਇ ਕਰਾਈਆ । ਜੁਗ ਚੌਕੜੀ ਵਸਦਾ ਰਹਿਣਾ ਘਰ ਬਾਰ, ਘਰਾਨਾ ਇਕੋ ਦੇਣਾ ਵਖਾਈਆ । ਜਿਨ੍ਹਾਂ ਦਾ ਯਾਰਾਨਾ ਨਾਲ ਨਿਰੰਕਾਰ, ਕੂੜੇ ਨਾਤੇ ਗਏ ਤੁੜਾਈਆ । ਓਨ੍ਹਾਂ ਦਾ ਪਿਆਰ ਪ੍ਰੇਮ ਮੁਨਾਰਾ ਦੇਣਾ ਉਸਾਰ, ਜੋ ਅਸਲ ਵਿਚੋਂ ਅਸਲ ਦਏ ਸਮਝਾਈਆ । ਜਿਸ ਦਾ ਸਦੀ ਪਿੱਛੋਂ ਸਧਰਾਂ ਵਾਲਾ ਹੋਣਾ ਵਿਹਾਰ, ਸਦ ਸਦ ਸਦ ਕਰਮ ਸਦ ਚਾਰੋਂ ਕੁੰਟ ਨਜ਼ਰੀ ਆਈਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੇਰੀ ਸੇਵਾ ਲੇਖੇ ਲਾਈਆ ।

ਇੱਟ ਕਹੇ ਮੇਰੀ ਇਕ ਬੇਨੰਤੀ, ਬਿਨੇ ਕਰ ਸੁਣਾਈਆ । ਜਨ ਭਗਤਾਂ ਦੀ ਸੋਹੇ ਸੰਗਤੀ, ਸੰਗਤ ਬੇਪਰਵਾਹੀਆ । ਮੈਂ ਦਰ ਤੇ ਆਈ ਮੰਗਤੀ, ਭਿਖਾਰਨ ਵੇਸ ਵਟਾਈਆ । ਮੈਨੂੰ ਲੋੜ ਨਹੀਂ ਕਿਸੇ ਅੰਨ ਦੀ, ਤ੍ਰਿਖਾ ਨਾ ਕੋਇ ਤਰਸਾਈਆ । ਮੈਨੂੰ ਆਸਾ ਇਕੋ ਚੰਨ ਦੀ, ਜੋ ਆਦਿ ਜੁਗਾਦਿ ਕਰੇ ਰੁਸ਼ਨਾਈਆ । ਮੈਂ ਓਸੇ ਦਾ ਹੁਕਮ ਮੰਨਦੀ, ਮਿੰਨਤਾ ਕਰ ਕਰ ਸੇਵ ਕਮਾਈਆ । ਜਨ ਭਗਤਾਂ ਦਾ ਬੇੜਾ ਬੰਨ੍ਹਦੀ, ਬੰਨ੍ਹ ਕੇ ਬੰਨੇਂ ਦੇਵਾਂ ਲਗਾਈਆ । ਮੈਨੂੰ ਲੋੜ ਨਹੀਂ ਛੱਪਰ ਛੰਨ ਦੀ, ਸ਼ਹਿਨਸ਼ਾਹ ਅੱਗੇ ਸੀਸ ਝੁਕਾਈਆ । ਮੈਨੂੰ ਖਿਚ ਇਕੋ ਗਲ ਦੀ, ਗਲ ਪੱਲੂ ਪਾ ਕੇ ਦਿਆਂ ਦ੍ਰਿੜਾਈਆ । ਜਨ ਭਗਤੋ ਧੰਨ ਉਹ ਆਤਮ ਜੋ ਪਰਮਾਤਮ ਦਾ ਦਰ ਮਲਦੀ, ਮਾਲਕ ਇਕੋ ਰਹੀ ਮਨਾਈਆ । ਅੱਗੇ ਤਾਕਤ ਰਹੀ ਨਹੀਂ ਕਿਸੇ ਦੇ ਬਲ ਦੀ, ਵਲੀਏ ਛਲੀਏ ਦੇਣੇ ਮਿਟਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੱਗੇ ਮੈਂ ਵਾਸਤਾ ਪਾਉਂਦੀ ਕੱਦ ਦੀ, ਰੈਣ ਸਬਾਈ ਸੀਸ ਝੁਕਾਈਆ । ਪ੍ਰਭੂ ਤੈਨੂੰ ਲੋੜ ਕਿਹੜੀ ਕਿਸੇ ਦਲ ਦੀ, ਸ਼ਬਦੀ ਹੁਕਮ ਨਾਲ ਸਭ ਦੀ ਜੜ੍ਹ ਦੇ ਉਖੜਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੀ ਖੇਲ ਅਗੰਮੀ ਪਲ ਦੀ, ਪਲਕ ਅੰਦਰ ਖ਼ਲਕ ਦੇ ਬਦਲਾਈਆ ।

ਇੱਟ ਕਹੇ ਮੈਂ ਆਈ ਵੈਰਾਗਣ, ਬਿਰਹੋਂ ਅੰਦਰ ਨੀਰ ਵਹਾਈਆ । ਹੋਈ ਵਡ ਵਡਭਾਗਣ, ਮਿਲਿਆ ਬੇਪਰਵਾਹੀਆ । ਭਗਤਾਂ ਆਈ ਆਖਣ, ਸੁੱਤਿਆਂ ਰਹੀ ਜਗਾਈਆ । ਜਨ ਭਗਤੋ ਮੈਂ ਤੁਹਾਡੀ ਸੇਵਾ ਕਰਨ ਵਾਲੀ ਉਹ ਸਾਥਣ, ਧੁਰ ਦਾ ਸੰਗ ਬਣਾਈਆ । ਤੁਹਾਡੇ ਅੰਦਰ ਜਲਵਾ ਨੂਰੀ ਵੇਖ ਕੇ ਬਾਤਨ, ਮੇਰੇ ਬਾਹਰ ਵੱਜੀ ਵਧਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਦਵਾਰੇ ਜਨ ਭਗਤਾਂ ਬਖ਼ਸ਼ੇ ਸਚ ਨਿਵਾਸਣ, ਨਮਸਤੇ ਕਹਿ ਕੇ ਇਕੋ ਮੰਗ ਮੰਗਾਈਆ ।

ਇੱਟ ਕਹੇ ਗੁਰਮੁਖੋ ਮੇਰੇ ਉਤੇ ਸਾਰੇ ਲਾਉ ਪੰਜਾ, ਪੰਜ ਆਬ ਦੀ ਬਦਲੀ ਦਿੱਤੀ ਕਰਾਈਆ । ਨਾਲੇ ਲੇਖਾ ਮੁੱਕੇ ਧਾਰ ਬਵੰਜਾ, ਬਾਵਨ ਦਏ ਗਵਾਹੀਆ । ਸੀਸ ਝੁਕ ਜਾਏ ਨਾਲ ਅਕਵੰਜਾ, ਇਕਾਵਨ ਧੂੜੀ ਖ਼ਾਕ ਰਮਾਈਆ । ਸਚ ਪ੍ਰੇਮ ਦਾ ਅੰਤਰ ਆਤਮ ਪਏ ਉਹ ਸੁਪਿੰਜਾ, ਜਿਸ ਨੂੰ ਸਕੇ ਨਾ ਕੋਇ ਤੁੜਾਈਆ । ਗੁਰਮੁਖ ਧਾਰ ਰਹੇ ਨਾ ਕੋਇ ਦੋਰੰਗਾ, ਇਕੋ ਰੰਗ ਦਏ ਰੰਗਾਈਆ । ਮਿਲੇ ਮੇਲ ਸੂਰਾ ਸਰਬੰਗਾ, ਸੂਰਬੀਰ ਜੋੜ ਜੁੜਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੇਰਾ ਲੇਖਾ ਦਏ ਚੁਕਾਈਆ ।

ਇੱਟ ਕਹੇ ਗੁਰਮੁਖੋ ਪੰਜੇ ਵਾਲੇ ਮੈਨੂੰ ਲਾਇਉ ਪੰਜੇ ਪੋਟੇ, ਖ਼ੁਸ਼ੀਆਂ ਨਾਲ ਛੁਹਾਈਆ । ਮੈਂ ਇਕੋ ਰੰਗ ਵੇਖਾਂ ਵੱਡੇ ਛੋਟੇ, ਨੌਜਵਾਨਾਂ ਵਿਚ ਵੱਜੇ ਵਧਾਈਆ । ਅੰਤਰ ਮਨ ਰਹੇ ਮੂਲ ਨਾ ਖੋਟੇ, ਸਤਿ ਸਚ ਮਿਲੇ ਵਡਿਆਈਆ । ਕੂੜੀ ਕਿਰਿਆ ਦੇ ਹੋਣੇ ਟੋਟੇ, ਟੁਕੜਿਆਂ ਵਿਚ ਵੰਡ ਵੰਡਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਬਣਾ ਕੇ ਆਪਣੇ ਪੋਤੇ, ਗੋਬਿੰਦ ਪੁੱਤਰ ਦੀ ਗੋਦ ਬਹਾਈਆ ।

✪ ੧੫ ਕੱਤਕ ਸ਼ਹਿਨਸ਼ਾਹੀ ਸੰਮਤ ੧ ਦਿੱਲੀ ਹਰਿ ਭਗਤ ਦਵਾਰ ਬਣੌਣ ਦੇ ਸਮੇਂ
੨੬੦ ਧੀਰਪੁਰ ਦਿੱਲੀ ✪

ਪੰਦਰਾਂ ਕੱਤਕ ਕਹੇ ਮੇਰਾ ਆ ਗਿਆ ਸਮਾਂ, ਸੰਮਤ ਸ਼ਹਿਨਸ਼ਾਹੀ ਵੱਜੇ ਵਧਾਈਆ । ਦੋ ਜਹਾਨਾਂ ਤੋੜ ਕੇ ਤਮਾਂ, ਮਮਤਾ ਛੱਡੀ ਸਰਬ ਲੋਕਾਈਆ । ਸ੍ਰਿਸ਼ਟੀ ਦ੍ਰਿਸ਼ਟੀ ਪੌਣੀ ਵਿਚ ਗਮਾਂ, ਗਹਿਰ ਗੰਭੀਰ ਹੁਕਮ ਵਰਤਾਈਆ । ਸਚਾ ਮਾਰਗ ਦੱਸਣਾ ਨਵਾਂ, ਨਵ ਨੌ ਚਾਰ ਹੁਕਮ ਸੁਣਾਈਆ । ਸੁਗੰਧ ਖਾ ਕੇ ਸਚ ਕਹਵਾਂ, ਕਸਮ ਨਾਲ ਦ੍ਰਿੜਾਈਆ । ਆਪਣੀ ਕਰਨੀ ਤੋਂ ਕਦੇ ਨਾ ਭਵਾਂ, ਭਾਵਨੀ ਵੇਖਾਂ ਥਾਉਂ ਥਾਈਆ । ਕੂੜ ਕੁੜਿਆਰੇ ਕਰਕੇ ਜਮ੍ਹਾਂ, ਜਮਾਂ ਦੇ ਹੱਥ ਦਿਆਂ ਫੜਾਈਆ । ਜੂਠ ਝੂਠ ਦੀ ਮੇਟ ਕੇ ਸ਼ਮਾਂ, ਸਚ ਦੀਪਕ ਕਰਾਂ ਰੁਸ਼ਨਾਈਆ । ਜੁਗ ਜਨਮ ਦਾ ਲੇਖ ਸਭ ਤੋਂ ਲਵਾਂ, ਲਹਿਣੇਦਾਰ ਹੋ ਕੇ ਫੇਰਾ ਪਾਈਆ । ਪ੍ਰੇਮ ਪਿਆਰ ਦਾ ਲੇਖਾ ਦਵਾਂ, ਸਾਜਣ ਸਾਚੇ ਮੇਲ ਮਿਲਾਈਆ । ਅਗੰਮੀ ਹੁਕਮ ਕਰਾਂ ਰਵਾ, ਰਵਾਨਗੀ ਪਰਵਾਨਗੀ ਨਾਲ ਮਿਲਾਈਆ । ਖ਼ੁਸ਼ੀਆਂ ਵਿਚ ਸੁਹੰਜਣੀ ਨੀਂਦ ਸਵਾਂ, ਦੁੱਖਾਂ ਵਿਚ ਵੇਖਾਂ ਸਰਬ ਲੋਕਾਈਆ । ਇਕੋ ਸਾਹਿਬ ਦੇ ਚਰਨੀ ਬਹਿਵਾਂ, ਬਾਕੀ ਕਰਾਂ ਅੰਤ ਸਫ਼ਾਈਆ । ਇਕੋ ਪੁਰਖ ਦੀ ਚਰਨੀ ਢਵਾਂ, ਢਾਹ ਢੇਰੀ ਦੀਨ ਦੁਨੀ ਦਿਆਂ ਮਿਟਾਈਆ । ਸੂਰਬੀਰ ਮਰਦ ਮਰਦਾਨ ਜੋਧਾ ਹੋ ਕੇ ਡਹਵਾਂ, ਅਖਾੜਾ ਵੇਖਾਂ ਥਾਉਂ ਥਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਵੇਲਾ ਰਿਹਾ ਸੁਹਾਈਆ ।

ਪੰਦਰਾਂ ਕੱਤਕ ਕਹੇ ਮੈਨੂੰ ਚਾਉ ਘਨੇਰਾ, ਬਿਨ ਰਾਗਾਂ ਨਾਦਾਂ ਵੱਜੀ ਵਧਾਈਆ । ਮੇਰਾ ਸਵਾਮੀ ਠਾਕਰ ਮਿਲਿਆ ਨੇਰਨ ਨੇਰਾ, ਬਿਨ ਪੈਰਾਂ ਪੰਧ ਮੁਕਾਈਆ । ਜਿਸ ਨੇ ਦੋ ਜਹਾਨ ਦਾ ਵਖਾਇਆ ਅਗੰਮੀ ਗੇੜਾ, ਪਰਦਾ ਦਿਤਾ ਚੁਕਾਈਆ । ਬ੍ਰਹਿਮੰਡ ਖੰਡ ਹੁਕਮੇ ਅੰਦਰ ਹੁਕਮੀ ਝੇੜਾ, ਧੁਰ ਫ਼ਰਮਾਣਾ ਇਕ ਸਮਝਾਈਆ । ਜਗਤ ਵਸਿਆ ਨਾ ਦਿਸੇ ਖੇੜਾ, ਉਖੇੜਾ ਦਿਸੇ ਦੀਨ ਦੁਨੀ ਲੋਕਾਈਆ । ਜਿਸ ਪਰਮੇਸ਼ਵਰ ਨੂੰ ਕਰਦੇ ਰਹੇ ਬਖੇੜਾ, ਉਹ ਬਖਤਾਵਰਾਂ ਦੀ ਕਰੇ ਸਫਾਈਆ । ਜਿਸ ਦਾ ਸ਼ਬਦ ਅਗੰਮੀ ਬਿਨਾ ਪੰਜਾਂ ਉਗਲਾਂ ਤੋਂ ਵੱਜੇ ਲਫੇੜਾ, ਚੋਟ ਅਗੰਮੀ ਇਕ ਲਗਾਈਆ । ਨਵ ਸੱਤ ਕਰੇ ਅੰਧੇਰਾ, ਨਿਰਗੁਣ ਨੂਰ ਨਾ ਕੋਇ ਰੁਸ਼ਨਾਈਆ । ਸ਼ਬਦੀ ਸ਼ਬਦ ਪਾਏ ਘੇਰਾ, ਹੁਕਮੀ ਹੁਕਮ ਭੈ ਵਖਾਈਆ । ਕੂੜੀ ਕਿਰਿਆ ਨੂੰ ਸਾਂਭਣ ਵਾਲਾ ਇਕੋ ਬਬੇਰਾ, ਬਾਕੀ ਸਭ ਦੀ ਕਰੇ ਸਫ਼ਾਈਆ । ਸਚ ਦਵਾਰ ਦਾ ਖੁਲ੍ਹਾ ਵੇਹੜਾ, ਭਗਤਾਂ ਦਏ ਵਡਿਆਈਆ । ਸਚ ਝੂਠ ਦਾ ਕਰ ਨਖੇੜਾ, ਵੱਖ ਵੱਖ ਦਏ ਬਠਾਈਆ । ਜਿਸ ਦਾ ਨਾਮ ਸਿੰਘ ਸ਼ੇਰਾ, ਸ਼ੇਰ ਹੋ ਕੇ ਭਬਕ ਦਏ ਸੁਣਾਈਆ । ਕਲਜੁਗ ਸਾਧ ਸੰਤ ਫ਼ਸਲਾਂ ਵਾਲਾ ਵੇਖ ਬਟੇਰਾ, ਜਾਲ ਆਪਣਾ ਲਏ ਫੈਲਾਈਆ । ਇਕੇ ਹੁਕਮ ਦਾ ਲਾ ਉਖੇੜਾ, ਸਫਾ ਦਏ ਉਲਟਾਈਆ । ਹਕੀਕਤ ਵਿਚੋਂ ਕਰਨਹਾਰਾ ਹੱਕ ਨਬੇੜਾ, ਸਚ ਤੋਫ਼ੀਕ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਰਿਹਾ ਬਣਾਈਆ ।

ਪੰਦਰਾਂ ਕੱਤਕ ਕਹੇ ਮੈਨੂੰ ਬਹੁਤੇ ਕਹਿੰਦੇ ਕਾਰਤਕ, ਕਿਰਤ ਕਰਮਾਂ ਵਾਲੀ ਗਾਈਆ । ਮੇਰਾ ਲੇਖਾ ਕੋਈ ਨਾ ਸਮਝੇ ਆਰਥਕ, ਅਰਥ ਭਾਵ ਨਾ ਕੋਇ ਲਗਾਈਆ । ਸਮਝ ਪਾਏ ਨਾ ਕੋਈ ਸ਼ਾਸਤਰ, ਸ਼ਸਤਰ ਪਰਦਾ ਨਾ ਕੋਇ ਚੁਕਾਈਆ । ਰਮਜ਼ ਜਾਣੇ ਨਾ ਕੋਈ ਆਸਤਕ, ਇਸ਼ਾਰਿਆਂ ਵਿਚ ਨਾ ਕੋਇ ਵਡਿਆਈਆ । ਲੇਖਾ ਬੁੱਝੇ ਨਾ ਕੋਈ ਨਾਸਤਕ, ਨਸ਼ਿਆਂ ਵਿਚ ਖ਼ੁਸ਼ੀ ਨਾ ਕੋਇ ਮਨਾਈਆ । ਪੰਦਰਾਂ ਕੱਤਕ ਕਹੇ ਮੈਂ ਪਰਮ ਪੁਰਖ ਦਾ ਯਾਚਕ, ਆਦਿ ਜੁਗਾਦਿ ਜੁਗ ਚੌਕੜੀ ਅਗੰਮੀ ਸੇਵ ਕਮਾਈਆ । ਬਿਨਾ ਗੋਬਿੰਦ ਦੇ ਮੇਰਾ ਬਣਿਆ ਕੋਈ ਨਾ ਵਾਚਕ, ਚਾਰ ਜੁਗ ਸਮਝ ਕਿਸੇ ਨਾ ਆਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਦੀ ਮੇਰੇ ਬਿਵਹਾਰ ਉਤੇ ਪੇਸ਼ ਹੁੰਦੀ ਰਹੀ ਦਰਖਾਸ਼ਤ, ਜੁਗ ਚੌਕੜੀ ਲਿਖਤ ਵਾਰ ਸਮਝਾਈਆ । ਅਗੰਮਾ ਖੇਲ ਮੇਰਾ ਵਾਸਤਕ, ਵਾਸਤਾ ਸਭ ਦੇ ਨਾਲ ਰਖਾਈਆ । ਲੱਖ ਚੁਰਾਸੀ ਵਿਚੋਂ ਭਗਤ ਸੁਹੇਲੇ ਵੇਖਾਂ ਪਾਰਸ,

ਸਚ ਸਰੂਪੀ ਖੋਜ ਖੁਜਾਈਆ । ਇਲਮਾਂ ਵਿਚ ਬਣ ਕੇ ਆਇਆ ਆਰਫ਼, ਕਲਮਾਂ ਵਿਚੋਂ ਵੰਡ ਨਾ ਕੋਇ ਵੰਡਾਈਆ । ਤੇਈ ਅਵਤਾਰ ਸਮਝ ਨਾ ਸਕੇ ਵਿਚ ਭਾਰਤ, ਇਬਾਰਤ ਸਹੀ ਨਾ ਕੋਇ ਲਿਖਾਈਆ । ਜੋ ਆਇਆ ਸੋ ਕਰਦਾ ਗਿਆ ਸਫ਼ਾਰਸ਼, ਸਿਫ਼ਤਾਂ ਨਾਲ ਵਡਿਆਈਆ । ਨੈਣ ਖੁਲ੍ਹਿਆ ਨਾ ਕਿਸੇ ਮਹਾਂਪਾਰਖ, ਤੀਜਾ ਨੇਤਰ ਨਾ ਕੋਇ ਜਣਾਈਆ । ਸਮਝ ਨਾ ਆਈ ਕਿਸੇ ਸਵਾਸਥ, ਸਵਾਸ ਸਵਾਸ ਬੈਠੇ ਸਾਹ ਸੁਕਾਈਆ । ਮੇਰਾ ਖੇਲ ਚਲਦਾ ਰਿਹਾ ਬਰਾਸਤ, ਰਾਸਤਾ ਆਪਣੇ ਵਿਚ ਲੁਕਾਈਆ । ਥੋੜ੍ਹਾ ਜਿਹਾ ਲਹਿਣਾ ਦੇਣਾ ਨਾਲ ਸ਼ੇਸ਼ ਬਾਸ਼ਕ, ਵਿਸ਼ਨੂੰ ਸਾਂਗੋ ਪਾਂਗ ਸੁਹਾਈਆ । ਜਿਹੜਾ ਇਕ ਇਕ ਦਾ ਉਪਾਸ਼ਕ, ਦੂਜੀ ਓਟ ਨਾ ਕੋਇ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋ ਵੇਲਾ ਰਿਹਾ ਸੁਹਾਈਆ ।

ਪੰਦਰਾਂ ਕੱਤਕ ਕਹੇ ਮੇਰਾ ਸਾਰੇ ਤੱਕਣ ਰਾਹ, ਰਹਿਬਰ ਇਕੋ ਵੇਖ ਵਖਾਈਆ । ਪੀਰ ਪੈਗ਼ੰਬਰ ਗੁਰ ਅਵਤਾਰ ਮੰਗਦੇ ਗਏ ਦੁਆ, ਬਿਨ ਹੱਥਾਂ ਝੋਲੀਆਂ ਅੱਗੇ ਡਾਹੀਆ । ਅੰਮ੍ਰਿਤ ਵੇਲਾ ਸੁਹੌਂਦੇ ਗਏ ਸੁਬ੍ਹਾ, ਸੋਹਣੀ ਰੁੱਤ ਵਡਿਆਈਆ । ਆਪਣੀ ਬਦਲਦੇ ਗਏ ਤਬ੍ਹਾ, ਨੇਤਰ ਨੈਣਾਂ ਨੀਰ ਵਹਾਈਆ । ਦਰੋਹੀ ਦਰੋਹੀ ਕਰਦੇ ਗਏ ਰੱਬਾ, ਖ਼ੁਦ ਖ਼ੁਦਾ ਤੇਰੀ ਸ਼ਰਨਾਈਆ । ਬੇਸ਼ਕ ਲੋਕਮਾਤ ਵਿਚ ਪੰਜਾਂ ਤਤਾਂ ਵਾਲਾ ਮਿਲਿਆ ਔਹਦਾ, ਸਿਫ਼ਤਾਂ ਨਾਲ ਸਾਲਾਹੀਆ । ਸਾਡਾ ਲੇਖਾ ਚਾਰ ਜੁਗ ਇਕ ਗਰੋਹ ਦਾ, ਅੰਤਮ ਮੇਲਾ ਸਹਿਜ ਸੁਭਾਈਆ । ਕਲਜੁਗ ਲੇਖਾ ਵੇਖ ਕੂੜ ਧਰੋਹ ਦਾ, ਸਾਰੇ ਤੇਰੇ ਅੱਗੇ ਸੀਸ ਝੁਕਾਈਆ । ਪ੍ਰਭੂ ਇਕ ਕਤਰਾ ਬਖ਼ਸ਼ ਆਪਣੀ ਲੋ ਦਾ, ਜੋ ਚੌਦਾਂ ਲੋਕ ਪਰਲੋਕ ਕਰੇ ਰੁਸ਼ਨਾਈਆ । ਸਾਚਾ ਨਾਤਾ ਬਖ਼ਸ਼ ਆਪਣੇ ਮੋਹ ਦਾ, ਕੂੜੀ ਮਮਤਾ ਦੇ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ ।

ਪੰਦਰਾਂ ਕੱਤਕ ਕਹੇ ਮੈਂ ਵੀ ਤੱਕਾਂ ਉਹ ਕਦ ਦਾ, ਕਦੀਮ ਤੋਂ ਧਿਆਨ ਲਗਾਈਆ । ਲੇਖਾ ਵੇਖਿਆ ਪਿੱਛਲੀ ਹੱਦ ਦਾ, ਹਦੂਦ ਦਿੱਤੀ ਮੁਕਾਈਆ । ਢੋਲਾ ਸੁਣ ਕੇ ਇਕੋ ਛੰਦ ਦਾ, ਮੇਰੀ ਵੱਜੀ ਸਚ ਵਧਾਈਆ । ਪੈਂਡਾ ਮੁੱਕਿਆ ਕੂੜੇ ਪੰਧ ਦਾ, ਕਦਮ ਕਦਮ ਦਾ ਲੇਖਾ ਦਿਤਾ ਮਿਟਾਈਆ । ਲਹਿਣਾ ਲੈਣਾ ਇਕ ਅਨੰਦ ਦਾ, ਜੋ ਅਨੰਦ ਅਨੰਦਪੁਰੀ ਵਾਲਾ ਗਿਆ ਸਮਝਾਈਆ । ਪਰਕਾਸ਼ ਵੇਖਣਾ ਓਸ ਚੰਦ ਦਾ, ਜਿਸ ਨੂੰ ਤਾਰੇ ਚੰਦ ਸੀਸ ਝੁਕਾਈਆ । ਨਜ਼ਾਰਾ ਤੱਕਣਾ ਓਸ ਬ੍ਰਹਿਮੰਡ ਦਾ, ਜਿਸ ਨੂੰ ਵਿਸ਼ਨ ਬ੍ਰਹਮਾ ਸ਼ਿਵ ਵੇਖ ਆਪਣੀ ਖ਼ੁਸ਼ੀ ਜਣਾਈਆ । ਹੁਕਮ ਤੱਕਣਾ ਸੂਰੇ ਸਰਬੰਗ ਦਾ, ਸਭ ਦੇ ਲਹਿਣੇ ਦੇਣੇ ਆਪਣੇ ਚਰਨਾਂ ਵਿਚ ਟਿਕਾਈਆ । ਜਿਸ ਦਾ ਲੇਖਾ ਕਦੇ ਨਹੀਂ ਅੱਗੇ ਬੰਦ ਦਾ, ਜੁਗ ਜੁਗ ਬੰਦਨਾ ਬੰਦਗੀ ਆਪਣੀ ਆਪ ਲਏ ਪਰਗਟਾਈਆ । ਜਿਹੜਾ ਕਿਸੇ ਕੋਲੋ ਨਹੀਂ ਮੰਗਦਾ, ਦੇਵਣਹਾਰਾ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵੇ ਮਾਣ ਵਡਿਆਈਆ ।

ਪੰਦਰਾਂ ਕੱਤਕ ਕਹੇ ਮੈਂ ਸ਼ਹਿਨਸ਼ਾਹੀ ਸੰਮਤ ਦਾ ਸਮੇਂ ਵਾਲਾ ਮਹੀਨਾ, ਮਹਾਂਬਲੀ ਮੈਨੂੰ ਦੇਵੇ ਵਡਿਆਈਆ । ਮੈਂ ਫਿਰਨਾਂ ਵਿਚ ਲੋਕ ਤੀਨਾਂ, ਤ੍ਰੈਗੁਣ ਮਾਇਆ ਦੇਣੀ ਉਠਾਈਆ । ਮੈਂ ਸ਼ਾਹ ਸੁਲਤਾਨਾਂ ਕਾਇਆ ਦੇਣਾ ਪਸੀਨਾ, ਪੇਸ਼ਾਨੀਆਂ ਉਤੇ ਹੱਥ ਫਿਰਾਈਆ । ਸਭ ਨੂੰ ਮੁਸ਼ਕਲ ਹੋਵੇ ਜੀਣਾ, ਜੀਵਣ ਵਿਚ ਮੌਤ ਸਾਹਮਣੇ ਨਜ਼ਰੀ ਆਈਆ । ਸੁੱਖ ਦਾ ਦਿਸੇ ਨਾ ਖਾਣਾ ਪੀਣਾ, ਦੁੱਖਾਂ ਦਰਦਾਂ ਵਿਚ ਲੋਕਾਈਆ । ਮੈਂ ਪਰਮ ਪੁਰਖ ਦਾ ਪਿਆਰਾ ਕੋਈ ਨਹੀਂ ਕਮੀਨਾ, ਕਮੀਨਿਆਂ ਦੇ ਕਮੀਨੇ ਸਾਰੇ ਦੇਣੇ ਖਪਾਈਆ । ਇਕੋ ਗੋਬਿੰਦ ਸੂਰਾ ਪਾਖਰ ਅਸਵ ਉਤੇ ਪੌਣਹਾਰਾ ਜੀਨਾ, ਜਿਸ ਸੀਨੇ ਦੇਣੇ ਹਿਲਾਈਆ । ਦੀਨ ਦਿਆਲ ਸਾਹਿਬ ਕਿਰਪਾਲ ਸਭ ਕੁਛ ਆਪੇ ਕੀਨਾ, ਕੀਮੀਆਂ ਕੀਮੀਆਂ ਵੇਖੇ ਲੋਕਾਈਆ । ਭਗਤਾਂ ਬਣਾ ਕੇ ਆਪਣਾ

ਸਚ ਦਾ ਧੁਰ ਨਬੀਨਾ, ਕੀਮਤ ਆਪਣੇ ਘਰ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ ।

ਪੰਦਰਾਂ ਕੱਤਕ ਕਹੇ ਮੈਨੂੰ ਯਾਦ ਆਈ ਨਵ ਨੌਂ ਚਾਰ, ਜੁਗ ਚੌਕੜੀ ਦਏ ਗਵਾਹੀਆ । ਸੰਦੇਸ਼ੇ ਦੇਣ ਗੁਰ ਅਵਤਾਰ, ਪੈਗ਼ੰਬਰ ਗਏ ਸਮਝਾਈਆ । ਜਿਸ ਵੇਲੇ ਆਵੇ ਕਲਕੀ ਅਵਤਾਰ, ਮਹਿੰਦੀ ਆਪਣਾ ਰੂਪ ਵਟਾਈਆ । ਭਵਿਖਤਾਂ ਦਾ ਸਰਦਾਰ ਸ਼ਾਹਾਂ ਦਾ ਨਿਰੰਕਾਰ, ਜੋਤੀ ਜਾਤਾ ਨੂਰ ਖ਼ੁਦਾਈਆ । ਜਿਸ ਦਾ ਇਕੋ ਇਕ ਦਰਬਾਰ, ਦੂਜਾ ਦਰ ਨਾ ਕੋਇ ਖੁਲ੍ਹਾਈਆ । ਕੂੜੀ ਕਿਰਿਆ ਕਰ ਕੇ ਖ਼ਬਰਦਾਰ, ਬੇਖ਼ਬਰਾਂ ਦਏ ਉਠਾਈਆ । ਇਕੋ ਨਾਮ ਖੰਡਾ ਖੜਗ ਲੈ ਕੇ ਤਲਵਾਰ, ਤਲੀਮ ਸਭ ਦੀ ਦਏ ਬਦਲਾਈਆ । ਊਚ ਨੀਚ ਜਾਤ ਪਾਤ ਕੂੜੀ ਕਿਰਿਆ ਪਧਰ ਕਰ ਕੇ ਹਮ ਵਾਰ, ਹਮ ਸਾਜਣ ਆਪਣੇ ਵੇਖ ਵਖਾਈਆ । ਸੁੱਤਿਆਂ ਨੂੰ ਕਰ ਕੇ ਬੇਦਾਰ, ਗਾਫ਼ਲਾਂ ਦੀ ਗਫ਼ਲਤ ਵਿਚੋਂ ਅੱਖ ਦਏ ਬਦਲਾਈਆ । ਥੋੜ੍ਹਾ ਰਿਹਾ ਲੇਖਾ ਪੰਦਰਾਂ ਕੱਤਕ ਕਹੂੰ ਓਸ ਦਿੱਲੀ ਦਰਬਾਰ, ਜਿਸ ਦਾ ਕ੍ਰਿਸ਼ਨ ਇੱਕੀ ਦਿਨ ਆਪਣਾ ਧਿਆਨ ਲਗਾਈਆ । ਜਿਸ ਦਾ ਮੰਜ਼ਲ ਵਾਲਾ ਮਨਾਰ ਇਕ ਤੋਂ ਦੋ ਦੋ ਤੋਂ ਜਾਏ ਚਾਰ, ਚਾਰ ਦਾ ਵਿਹਾਰ ਆਪਣੇ ਹੱਥ ਰਖਾਈਆ । ਸਾਰੀ ਸ੍ਰਿਸ਼ਟੀ ਨੂੰ ਕਰ ਕੇ ਖ਼ਬਰਦਾਰ, ਹੋਕਾ ਦੇਵੇ ਥਾਉਂ ਥਾਈਂਆ । ਹੁਣ ਲੁਕਿਆ ਰਹਿਣਾ ਨਹੀਂ ਵਿਚ ਸੰਸਾਰ, ਪਰਦਾ ਆਪਣਾ ਦੇਣਾ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋਹਣੀ ਮੇਰੀ ਵੰਡ ਵੰਡਾਈਆ ।

ਪੰਦਰਾਂ ਕੱਤਕ ਕਹੇ ਮੈਨੂੰ ਸਾਰੇ ਕਹੋ ਸ਼ਾਬਾਸ਼, ਮੈਂ ਜੁਗ ਚੌਕੜੀ ਦਾ ਸੁਨੇਹੜਾ ਦਿਤਾ ਸੁਣਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਦੀ ਆਸਾ ਰੱਖ ਕੇ ਆਪਣੇ ਪਾਸ, ਅੰਤਮ ਦਿੱਤੀ ਪਰਗਟਾਈਆ । ਅਗਲਾ ਖੇਲ ਪੁਰਖ ਅਬਿਨਾਸ਼, ਅਬਿਨਾਸ਼ੀ ਕਰਤਾ ਹੁਕਮ ਨਾਲ ਮਨਾਈਆ । ਮੇਰੀ ਖ਼ੁਸ਼ੀ ਭਗਤਾਂ ਸਾਥ, ਸਾਥੀ ਸੋਹਣੇ ਦਿੱਤੇ ਬਣਾਈਆ । ਪ੍ਰੇਮ ਪ੍ਰੀਤੀ ਦਾ ਜੋੜ ਕੇ ਨਾਤ, ਕੂੜੇ ਰਿਸ਼ਤੇ ਦਿੱਤੇ ਛੁਡਾਈਆ । ਗੁਰਮੁਖੋ ਅੱਜ ਸੋਹਣੀ ਆਈ ਪਰਭਾਤ, ਆਪਣਾ ਰੰਗ ਬਦਲਾਈਆ । ਬੇਸ਼ਕ ਤੁਸੀਂ ਸੁੱਤੇ ਰਹੇ ਰਾਤ, ਪੁਰਖ ਅਕਾਲ ਬ੍ਰਹਿਮੰਡਾਂ ਖੰਡਾਂ ਵਿਚੋਂ ਤੁਹਾਡਾ ਪ੍ਰੇਮ ਪੂਰਬਲਾ ਖਿੱਚ ਕੇ ਆਪਣੇ ਨਾਲ ਲਿਆਈਆ । ਜੇ ਇਕੱਠਾ ਕੀਤਾ ਤੇ ਮੈਨੂੰ ਬਖ਼ਸ਼ ਇਹ ਸੁਗ਼ਾਤ, ਸੁਗੰਧੀ ਚਾਰ ਕੁੰਟ ਮਹਿਕਾਈਆ । ਮੇਰਾ ਸੋਹਣਾ ਹੋ ਗਿਆ ਮਜਾਜ, ਖ਼ੁਸ਼ੀ ਅੰਦਰੋਂ ਖ਼ੁਸ਼ੀ ਰਹੀ ਵਖਾਈਆ । ਜਿਥੇ ਸਤਿ ਧਰਮ ਦਾ ਚਲਣਾ ਇਕ ਰਿਵਾਜ, ਦੂਜੀ ਰਵਾਦਾਰੀ ਨਾ ਕੋਇ ਬਣਾਈਆ । ਜਿਸ ਨੂੰ ਵਿਦਿਆ ਵਾਲਾ ਸਮਝ ਨਾ ਸਕੇ ਕੋਇ ਦਿਮਾਗ, ਕੁਤਬਖਾਨਿਆਂ ਵਾਲੀ ਲੁਗਾਤ ਨਾ ਕੋਇ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋਹਣਾ ਵਕਤ ਰਿਹਾ ਸੁਹਾਈਆ ।

ਪੰਦਰਾਂ ਕੱਤਕ ਕਹੇ ਜਨ ਭਗਤੋ ਖੁਸ਼ੀਆਂ ਨਾਲ ਮੇਰਾ ਕਰਿਓ ਵਿਹਾਰ, ਮੈਂ ਦੋ ਜਹਾਨਾਂ ਦੇਵਾਂ ਸੁਣਾਈਆ । ਇਹ ਦਰ ਨਹੀਂ ਇਹ ਘਰ ਨਹੀਂ ਇਹ ਦਿੱਲੀ ਨਹੀਂ ਇਹ ਦਿਲਾਂ ਦਾ ਦਰਬਾਰ, ਜੋ ਦਿਲਬਰੀ ਯਾਰ ਰਿਹਾ ਮਿਲਾਈਆ । ਭਗਤਾਂ ਦਾ ਬਾਜ਼ਾਰ, ਬਾਜ਼ੀ ਸਭ ਦੀ ਦਏ ਉਲਟਾਈਆ । ਜਿਸ ਨੇ ਬਣਾਇਆ ਆਪਣੇ ਕੁਮਾਰ, ਕਾਮਨਾ ਪੂਰਬਲਾ ਪੂਰਬ ਵੇਖ ਵਖਾਈਆ । ਜਿਨ੍ਹਾਂ ਦਾ ਕੋਟਾਂ ਵਿਚੋਂ ਥੋੜਾ ਸ਼ੁਮਾਰ, ਅਨਗਿਣਤੀ ਵਿਚੋਂ ਗਿਣਤੀ ਲਈ ਪਰਗਟਾਈਆ । ਇਹ ਕੋਈ ਟਕਿਆਂ ਵਾਲਾ ਨਹੀਂ ਵਪਾਰ, ਸੌਦਾ ਪ੍ਰੇਮ ਹੱਟ ਵਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਖੇਲ ਰਿਹਾ ਵਖਾਈਆ ।

ਪੰਦਰਾਂ ਕੱਤਕ ਕਹੇ ਅੱਜ ਸੋਹਣਾ ਲੱਗੇ ਦਿਹਾੜਾ, ਤਿਉਹਾਰਾਂ ਵਿਚੋਂ ਤਿਉਹਾਰ ਵਿਵਹਾਰੀ ਨਜ਼ਰੀ ਆਈਆ । ਮੇਰਾ ਜੁਗ ਜੁਗ ਦਾ ਪੂਰਾ ਹੋਇਆ ਲਾਰਾ, ਲਵਾਰਸ ਨੂੰ ਵਾਰਸ ਦਿਤਾ ਬਣਾਈਆ । ਮੇਰੇ ਪ੍ਰੇਮ ਦਾ ਮਿਲਿਆ ਮੈਨੂੰ ਪਿਆਰਾ, ਪ੍ਰੇਮੀ ਹੋ ਕੇ ਪ੍ਰੇਮ ਦਿਤਾ ਵਰਤਾਈਆ । ਪ੍ਰਭੂ ਦਿਆਂ ਭਗਤਾਂ ਦਾ ਬਣਨ ਲੱਗਾ ਦਰਬਾਰਾ, ਦਰਬਾਰੀ ਜਿਥੇ ਇਕੋ ਸੋਭਾ ਪਾਈਆ । ਜਿਸ ਦਾ ਸਭ ਨੂੰ ਤੱਕਣਾ ਪਏ ਨਜ਼ਾਰਾ, ਨਜ਼ਾਮਾਂ ਦੇ ਮਾਲਕ ਨਜਾਮ ਛੱਡ ਕੇ ਸੀਸ ਝੁਕਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਨੇ ਬੋਲ ਕੇ ਧੁਰ ਜੈਕਾਰਾ, ਇੱਟ ਇੱਟ ਦੇਣੀ ਲਗਾਈਆ ।

ਇੱਟ ਕਹੇ ਮੇਰੀ ਸੁਣਿਓ ਅਰਜ਼, ਅਰਜਨ ਗੁਰੂ ਮੇਰੀ ਦਏ ਗਵਾਹੀਆ । ਰਾਮਦਾਸ ਸਰੋਵਰ ਉਤੇ ਮੇਰੀ ਓਸ ਨੂੰ ਪਈ ਗਰਜ, ਓਸ ਦੀ ਗਰਜ ਅੱਜ ਮੇਰਾ ਸੰਗ ਨਿਭਾਈਆ । ਓਸ ਦੀ ਮੰਗ ਦੁਖੀਆਂ ਦਾ ਇਕੋ ਵੰਡਣ ਵਾਲਾ ਦਰਦ, ਪੁਰਖ ਅਕਾਲ ਸਚਾ ਸ਼ਹਿਨਸ਼ਾਹੀਆ । ਜਿਸ ਦੇ ਕੋਲ ਆਦਿ ਜੁਗਾਦਿ ਜੁਗ ਚੌਕੜੀ ਲੱਖ ਚੁਰਾਸੀ ਫਰਦ, ਫ਼ੈਸਲੇ ਹੱਕ ਹੱਕ ਸੁਣਾਈਆ । ਜੋਧਾ ਸੂਰਬੀਰ ਮਰਦਾਨਾ ਮਰਦ, ਨਿਤ ਨਵਿਤ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਰਿਹਾ ਮੁਕਾਈਆ ।

ਇੱਟ ਕਹੇ ਮੇਰੀ ਮੰਨਿਓ ਇਕ ਅਰਦਾਸ, ਜਨ ਭਗਤਾਂ ਦਿਆਂ ਜਣਾਈਆ । ਤੁਸੀਂ ਮੇਰਾ ਦੇਣਾ ਸਾਥ, ਧੁਰ ਦਾ ਸੰਗ ਬਣਾਈਆ । ਗੁਰੂ ਅਰਜਨ ਪੂਰੀ ਹੋਵੇ ਆਸ, ਆਸ਼ਾ ਨਾਲ ਮਿਲਾਈਆ । ਕਿਰਪਾ ਕਰੇ ਪੁਰਖ ਸਮਰਾਥ, ਸਮਰਥ ਦਏ ਸਰਨਾਈਆ । ਮੇਰੇ ਉਤੇ ਜ਼ਰੂਰ ਲਿਖਿਓ "ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ" ਦੀ ਸਚੀ ਗਾਥ, ਸਤਿਜੁਗ ਦੀ ਸਾਚੀ ਸਚ ਪੜ੍ਹਾਈਆ । ਮੇਰੀ ਪੂਰੀ ਹੋ ਜਾਏ ਆਸ, ਅੱਗੇ ਆਸਾ ਹੋਰ ਬਣਾਈਆ । ਫੇਰ ਸਦਾ ਬਣਿਆ ਰਹੇ ਸਤਿ ਦਾ ਵਿਸ਼ਵਾਸ, ਵਿਸ਼ਿਆਂ ਵਾਲੀ ਨਾ ਕੋਇ ਲੜਾਈਆ । ਇਹੋ ਮੰਗ ਗੁਰੂ ਅਰਜਨ ਮੰਗੀ ਖ਼ਾਸ, ਖ਼ਾਹਿਸ਼ ਪਿੱਛਲੀ ਯਾਦ ਆਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਸੇ ਹੋਣ ਨਾ ਦੇਵੇ ਨਿਰਾਸ, ਨਿਵਾਸ ਸਭ ਦਾ ਆਪਣੇ ਨਾਲ ਰਖਾਈਆ ।

ਇੱਟ ਕਹੇ ਮੈਨੂੰ ਪਹਿਲੋਂ ਰੱਖਿਓ ਦਿਸ਼ਾ ਦੱਖਣ, ਦੱਛਣਾ ਸਭ ਦੀ ਝੋਲੀ ਪਾਈਆ । ਕਿਉਂ ਤੁਸੀਂ ਪ੍ਰਭ ਦੇ ਭਗਤ ਬਣ ਕੇ ਮੇਰੇ ਅੰਦਰ ਆਏ ਵਸਣ, ਵਾਸਤਾ ਇਕੋ ਨਾਲ ਜੁੜਾਈਆ । ਪ੍ਰੇਮ ਪ੍ਰੀਤੀ ਵਿਚ ਆਏ ਹੱਸਣ, ਕੂੜੀ ਕਿਰਿਆ ਗ਼ਮੀ ਮਿਟਾਈਆ । ਮੈਂ ਤੁਹਾਨੂੰ ਲੱਗੀ ਦੱਸਣ, ਸਚ ਸਚ ਸਮਝਾਈਆ । ਮਾਤਲੋਕ ਦਾ ਤੁਹਾਡਾ ਬਣਾਵਾਂ ਉਹ ਵਤਨ, ਜਿਥੇ ਬੇਵਤਨਾਂ ਦਾ ਹੋਏ ਸਹਾਈਆ । ਧੁਰ ਦਾ ਵਖਾਵਾਂ ਪਤਨ, ਨਈਆ ਨੌਕਾ ਨਾਮ ਚੜ੍ਹਾਈਆ । ਤੁਹਾਡੀ ਪਤ ਪਤਿਪਰਮੇਸ਼ਵਰ ਆਪੇ ਆਏ ਰੱਖਣ, ਮੈਂ ਸ਼ਹਾਦਤਾਂ ਨਾਲ ਦੇਵਾਂ ਗਵਾਹੀਆ । ਲੇਖਾ ਮੁੱਕ ਜਾਏ ਉਤਰ ਪੂਰਬ ਪੱਛਮ, ਪਸ਼ਚਾਤਾਪ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ ।

ਇੱਟ ਕਹੇ ਮੈਂ ਸਭ ਨੂੰ ਦਿਆਂ ਅਸੀਸ, ਅਸਲ ਅਸਲ ਨਾਲ ਮਿਲਾਈਆ । ਤੁਹਾਡਾ ਮਾਲਕ ਇਕ ਜਗਦੀਸ਼, ਜਗ ਜੀਵਣ ਦਾਤਾ ਸ਼ਹਿਨਸ਼ਾਹੀਆ । ਸਾਚੇ ਪ੍ਰੇਮ ਦੀ ਕਰੇ ਬਖ਼ਸ਼ੀਸ਼, ਰਹਿਮਤ ਪਿਆਰ ਝੋਲੀ ਪਾਈਆ । ਅੰਤਰ ਅੰਤਰ ਕਰ ਅਤੀਤ, ਤ੍ਰੈਗੁਣ ਡੇਰਾ ਦੇਵੇ ਢਾਈਆ । ਕਾਇਆ ਮਾਟੀ ਕਰ ਕੇ ਠਾਂਡੀ ਸੀਤ, ਅਗਨੀ ਤਤ ਦੇਵੇ ਬੁਝਾਈਆ । ਜਨ ਭਗਤਾਂ ਚਲਾ ਕੇ ਧਰਮ ਦੀ ਰੀਤ, ਧਰਮ ਦਾ ਧਰਮ ਦਏ ਵਖਾਈਆ । ਪੱਤਤ ਪਾਪੀ ਕਰ ਪੁਨੀਤ, ਪਵਿੱਤਰ ਲਏ ਬਣਾਈਆ । ਝਗੜਾ ਚੁਕਾ ਕੇ ਊਚ ਨੀਚ, ਰਾਓ ਰੰਕ ਇਕੋ ਦਰ ਸੁਹਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੇ ਨਾਮ ਦਾ ਚਾੜ੍ਹ ਕੇ

ਰੰਗ ਮਜੀਠ, ਚਿੱਟੀ ਧਾਰ ਸਭ ਦੀ ਵੇਖ ਵਖਾਈਆ । ਇੱਟ ਕਹੇ ਮੇਰੀ ਅੰਤ ਅਖ਼ੀਰੀ ਇਕ ਇਤਲਹ, ਸਹਿਜ ਨਾਲ ਸੁਣਾਈਆ ।

ਸਭ ਦਾ ਮਾਲਕ ਇਕੋ ਇਕ ਮਲਾਹ, ਬੇੜਾ ਧੁਰ ਦਾ ਨਾਮ ਚਲਾਈਆ । ਆਤਮ ਪਰਮਾਤਮ ਦੱਸੇ ਰਾਹ, ਰਹਿਬਰ ਨੂਰ ਖ਼ੁਦਾਈਆ । ਜੋ ਜੁਗ ਜਨਮ ਦੇ ਵਿਛੜੇ ਹੋਏ ਜੁਦਾ, ਅੰਤਮ ਆਪਣੇ ਵਿਚ ਮਿਲਾਈਆ । ਕਿਰਪਾ ਕਰ ਸਾਹਿਬ ਮਿਹਰਵਾਂ, ਮਿਹਰ ਨਜ਼ਰ ਉਠਾਈਆ । ਦੋ ਜਹਾਨਾਂ ਵਾਲੀ ਸ਼ਹਿਨਸ਼ਾਹ, ਸਤਿ ਸਤਿਵਾਦੀ ਵੇਖ ਵਖਾਈਆ । ਸਚ ਪ੍ਰੇਮ ਨਾਲ ਜਿਨ੍ਹਾਂ ਸੇਵਾ ਲਈ ਕਮਾ, ਕਾਮਨਾ ਸਭ ਦੀ ਪੂਰ ਕਰਾਈਆ । ਅੱਗੇ ਜਮਾਂ ਤੋਂ ਲਏ ਛੁਡਾ, ਜਾਮਨੀ ਆਪਣੀ ਵਿਚ ਰਖਾਈਆ । ਸਿੱਧਾ ਸਚਖੰਡ ਦਵਾਰੇ ਲੈ ਕੇ ਜਾਵੇ ਸਾਚੇ ਥਾਂ, ਅਧਵਿਚਕਾਰ ਨਾ ਕੋਇ ਅਟਕਾਈਆ । ਜੋਤੀ ਜੋਤ ਜੋਤ ਲਏ ਮਿਲਾ, ਮਿਲਾਵਟ ਹੋਰ ਨਾ ਕੋਇ ਬਣਾਈਆ । ਸਚ ਦਵਾਰ ਸਚ ਗੋਦ ਗੋਬਿੰਦ ਨਾਲ ਲਏ ਸਵਾ, ਜਿਥੇ ਸੁੱਤਿਆਂ ਨਾ ਕੋਇ ਉਠਾਈਆ । ਓਥੇ ਨਾ ਕੋਈ ਪਿਤਾ ਤੇ ਨਾ ਕੋਈ ਮਾਂ, ਇਕੋ ਪੁਰਖ ਅਕਾਲ ਨਜ਼ਰੀ ਆਈਆ । ਇੱਟ ਕਹੇ ਮੈਂ ਸਚ ਕਹਵਾਂ, ਕਿਉਂ ਕਿ ਜੁਗ ਚੌਕੜੀ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਆਪਣੇ ਅੰਦਰ ਰਹੀ ਲੁਕਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਪਿਛੇ ਦਿਤਾ ਸਮਾਂ, ਸਮਾਪਤ ਕੀਤੀ ਸਰਬ ਲੋਕਾਈਆ ।

ਇੱਟ ਕਹੇ ਮੈਨੂੰ ਹੱਥ ਲਾਵੇ ਪਹਿਲੋਂ ਸਭ ਤੋਂ ਛੋਟਾ ਬੱਚਾ, ਮੈਂ ਛੋਟਿਆਂ ਤੋਂ ਵੱਡੇ ਦੇਣੇ ਬਣਾਈਆ । ਏਸ ਦਵਾਰੇ ਤੇ ਆ ਕੇ ਕੋਈ ਨਾ ਰਹਿ ਜਾਏ ਕੱਚਾ, ਕੱਚਿਆਂ ਦੇ ਪੱਕੇ ਦੇਣੇ ਵਖਾਈਆ । ਜਿਸ ਨੂੰ ਪਰਮ ਪੁਰਖ ਪਰਮਾਤਮਾ ਦਾ ਨਹੀਂ ਪਤਾ, ਪਤਿਪਰਮੇਸ਼ਵਰ ਉਹਨੂੰ ਦੇਣਾ ਮਿਲਾਈਆ । ਜਿਥੇ ਲੇਖਾ ਸਭ ਦਾ ਇਕੋ ਜਿਹਾ ਰੱਖਾ, ਜਾਤ ਪਾਤ ਵੰਡ ਨਾ ਕੋਇ ਵੰਡਾਈਆ । ਮਿਹਰਵਾਨ ਪ੍ਰੇਮੀਆਂ ਪਿਆਰਿਆਂ ਨੂੰ ਵੇਖੇ ਆਪਣੀ ਓਸ ਅੱਖਾਂ, ਜਿਹੜੀ ਅੱਖ ਜਗਤ ਨਜ਼ਰ ਨਾ ਆਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਛੋਟਾ ਬਾਲਾ ਨਿੱਕਾ ਜਾਣ ਕੇ ਸਚਾ, ਸਚ ਸੰਗਤ ਦੀ ਸੇਵਾ ਦਏ ਲਗਾਈਆ ।

✪ ✪ ✪ ✪ ✪

✪ ✪ ✪ ✪ ✪

✪ ੭ ਮੱਘਰ ਸ਼ਹਿਨਸ਼ਾਹੀ ਸੰਮਤ ੧ ਹਰਿ ਭਗਤ ਦਵਾਰ
੨੬੦ ਧੀਰਪੁਰ ਦਿੱਲੀ-੯ ✪

ਮੱਘਰ ਕਹੇ ਪ੍ਰਭ ਦਾ ਵੇਖਦਾ ਰਿਹਾ ਅਦਲ, ਸਚਖੰਡ ਨਿਵਾਸੀ ਜੁਗ ਜੁਗ ਹੁਕਮ ਵਰਤਾਈਆ । ਨਿੱਤ ਨਵਿਤ ਖੇਲ ਕਰਦਾ ਰਿਹਾ ਬਦਲ, ਬਦਲਾ ਚੁਕਾਵੇ ਥਾਉਂ ਥਾਈਂਆ । ਗੁਰ ਅਵਤਾਰ ਪੈਗ਼ੰਬਰ ਕੱਟ ਕੇ ਗਏ ਮਜ਼ਲ, ਮੰਜ਼ਲ ਚੜ੍ਹ ਕੇ ਪੰਧ ਮੁਕਾਈਆ । ਭਗਤ ਭਗਵਾਨ ਇਕ ਦੂਜੇ ਦੀ ਕਰਦੇ ਵੇਖੇ ਕਦਰ, ਕਾਦਰ ਕੁਦਰਤ ਰੰਗ ਵਖਾਈਆ । ਨੌਂ ਸੌ ਚੁਰਾਨਵੇ ਚੌਕੜੀ ਜੁਗ ਪਿਛੋਂ ਕੋਟਾਂ ਵਿਚੋਂ ਥੋੜਿਆਂ ਦੀ ਪੂਰੀ ਹੋਈ ਸਧਰ, ਸਦਮੇ ਵਿਚ ਸਰਬ ਲੋਕਾਈਆ । ਮਨ ਵਿਕਾਰਾ ਪੰਚ ਪਰਪੰਚ ਪਿਆ ਗ਼ਦਰ, ਸਾਂਤਕ ਸਤਿ ਨਾ ਕੋਇ ਵਰਤਾਈਆ । ਪੁਰਖ ਅਕਾਲ ਦੀਨ ਦਿਆਲ ਕੋਈ ਨਾ ਲੱਗਾ ਪਰਮੇਸ਼ਵਰ ਮਗਰ, ਦ੍ਰਿਸ਼ਟ ਇਸ਼ਟ ਇਕ ਨਾ ਕੋਇ ਮਨਾਈਆ । ਕੂੜ ਕੁੜਿਆਰਾ ਜਾਮ ਪਿਆਲਾ ਪੀ ਕੇ ਬੇਸਬਰ, ਸਤਿ ਸੰਤੋਖ ਨਾ ਕੋਇ ਰਖਾਈਆ । ਲੱਖ ਚੁਰਾਸੀ ਵੇਖੀ ਮੜ੍ਹੀ ਗੋਰ ਕਬਰ, ਕਾਅਬਿਆਂ ਵਿਚ ਦੁਹਾਈਆ । ਦੋ ਜਹਾਨ ਮਿਹਰ ਕਰੇ ਨਾ ਕੋਇ ਨਜ਼ਰ, ਨਜ਼ਰੀਆ ਸਕੇ ਨਾ ਕੋਇ ਬਦਲਾਈਆ । ਸੰਮਤ ਸ਼ਹਿਨਸ਼ਾਹੀ ਬਦਲ ਕੇ

ਮੇਰੀ ਆਈ ਫਜ਼ਲ, ਫਾਜ਼ਲ ਆਪਣਾ ਭੇਵ ਚੁਕਾਈਆ । ਜਿਸ ਨੇ ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਸ਼ਬਦੀ ਕੰਡੇ ਕੀਤਾ ਵਜ਼ਨ, ਵਜ਼੍ਹਾ ਸਕੇ ਨਾ ਕੋਇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਖੇਲ ਇਕ ਵਰਤਾਈਆ ।

ਮੱਘਰ ਕਹੇ ਮੈਂ ਸਚਖੰਡ ਦਵਾਰੇ ਹੋ ਕੇ ਮੌਜੂਦ, ਖੇਲ ਤੱਕਿਆ ਬੇਪਰਵਾਹੀਆ । ਜਿਸ ਦੀ ਮੰਜ਼ਲ ਇਕ ਮਕਸੂਦ, ਮਹਿਬੂਬ ਬੇਪਰਵਾਹੀਆ । ਚੌਦਾਂ ਲੋਕ ਚੌਦਾਂ ਤਬਕ ਸਮਝ ਨਾ ਸਕੇ ਹਦੂਦ, ਹਕ ਹਕੀਕਤ ਨਾ ਕੋਇ ਦ੍ਰਿੜਾਈਆ । ਜੋ ਆਦਿ ਜੁਗਾਦਿ ਜੁਗ ਚੌਕੜੀ ਜਨ ਭਗਤਾਂ ਰੱਖੇ ਮਹਿਫੂਜ਼, ਸਿਰ ਆਪਣਾ ਹੱਥ ਟਿਕਾਈਆ । ਅਰਸ਼ ਕੁਰਸ਼ ਤੋਂ ਉਪਰ ਜਿਸ ਦਾ ਅਰੂਜ, ਜਲਵਾ ਨੂਰ ਨੂਰ ਰੁਸ਼ਨਾਈਆ । ਜਿਸ ਦਾ ਨਾ ਕੋਈ ਤਤ ਨਾ ਕਲਬੂਤ, ਕਲਮਾ ਕਲਮਿਆਂ ਵਾਲੀ ਨਾ ਕੋਇ ਪੜ੍ਹਾਈਆ । ਨਾ ਕੋਈ ਤਹਿਰੀਰ ਨਾ ਲਿਖਤ ਹਰੂਫ, ਅੱਖਰਾਂ ਵੰਡ ਨਾ ਕੋਇ ਵੰਡਾਈਆ । ਨਿੱਤ ਨਵਿਤ ਜਨ ਭਗਤਾਂ ਅੰਤਰ ਆਤਮ ਪਰਮਾਤਮ ਹੋ ਮਸਰੂਫ਼, ਮੁਸਲਸਲ ਆਪਣੀ ਕਾਰ ਕਮਾਈਆ । ਜਿਸ ਦਾ ਹੁਕਮ ਫ਼ਰਮਾਣ ਸੰਦੇਸ਼ ਕਰੇ ਨਾ ਕੋਇ ਮੌਕੂਫ਼, ਫ਼ਿਕਰਿਆਂ ਵਿਚ ਨਾ ਕੋਇ ਉਡਾਈਆ । ਮੱਘਰ ਕਹੇ ਉਸ ਨੇ ਸ੍ਰਿਸ਼ਟੀ ਦੀ ਦ੍ਰਿਸ਼ਟੀ ਕੀਤੀ ਬੇਵਕੂਫ਼, ਬੇਵਾ ਰੂਪ ਦਿਸੇ ਲੋਕਾਈਆ । ਜਿਸਦਾ ਗੁਰ ਅਵਤਾਰ ਪੈਗ਼ੰਬਰ ਸ਼ਬਦੀ ਧਾਰ ਦੇਣ ਸਬੂਤ, ਵਾਕ ਭਵਿਖਤਾਂ ਵਿਚ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਣਾ ਇਕ ਸੁਣਾਈਆ ।

ਮੱਘਰ ਕਹੇ ਮੈਂ ਵੇਖਿਆ ਲੋਕ ਪਰਲੋਕ, ਬ੍ਰਹਿਮੰਡ ਖੰਡ ਖੋਜ ਖੁਜਾਈਆ । ਆਤਮ ਪਰਮਾਤਮ ਗਾਵੇ ਨਾ ਕੋਈ ਸਲੋਕ, ਅੱਖਰਾਂ ਵਾਲੀ ਸਿਫ਼ਤੀ ਜਗਤ ਪੜ੍ਹਾਈਆ । ਨਿਰਮਲ ਨਿਰਵੈਰ ਨੂਰ ਤੱਕੇ ਨਾ ਕੋਈ ਜੋਤ, ਸਚ ਸਚ ਨਾ ਕੋਇ ਸਮਾਈਆ । ਮਨ ਵਾਸਨਾ ਕੂੜੀ ਕਿਰਿਆ ਕੱਢੇ ਕੋਈ ਨਾ ਖੋਟ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜ਼ੀਲ ਕੁਰਾਨ ਕਰ ਕਰ ਥੱਕੇ ਪੜ੍ਹਾਈਆ । ਹਰਿ ਕਾ ਭਾਣਾ ਸਕੇ ਨਾ ਕੋਈ ਰੋਕ, ਅੱਗੇ ਹੋ ਨਾ ਕੋਇ ਅਟਕਾਈਆ । ਜੁਗ ਚੌਕੜੀ ਨਾਮ ਸੰਦੇਸ਼ੇ ਦੇ ਕੇ ਗਏ ਕੋਟਨ ਕੋਟ, ਕੋਟੀ ਕੋਟ ਢੋਲੇ ਗਾਈਆ । ਕੋਈ ਮਿਟਾ ਨਾ ਸਕਿਆ ਹਰਖ਼ ਸੋਗ, ਚਿੰਤਾ ਗ਼ਮ ਨਾ ਕੋਇ ਚੁਕਾਈਆ । ਸਤਿ ਧਰਮ ਦਾ ਮਿਲਿਆ ਨਾ ਕਿਸੇ ਜੋਗ, ਜੁਗੀਸ਼ਰ ਜੁਗਤ ਨਾ ਕੋਇ ਧਰਾਈਆ । ਹਉਮੇ ਹੰਗਤਾ ਮਾਇਆ ਮਮਤਾ ਨਾ ਮਿਟਿਆ ਰੋਗ, ਮਨ ਕਾ ਮਣਕਾ ਨਾ ਕੋਇ ਭੁਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਧਾਰ ਇਕ ਵਖਾਈਆ ।

ਮੱਘਰ ਕਹੇ ਮੈਂ ਵੇਖਿਆ ਆਦਿ ਜੁਗਾਦਿ ਜੁਗ ਚੌਕੜੀ ਖੇਲ, ਨਿਰਗੁਣ ਸਰਗੁਣ ਰੰਗ ਵਖਾਈਆ । ਬਿਨ ਭਗਤਾਂ ਸਾਚਾ ਹੋਇਆ ਕਿਸੇ ਨਾ ਮੇਲ, ਮਿਲਣੀ ਜਗਦੀਸ਼ ਨਾ ਕੋਇ ਕਰਾਈਆ । ਬਿਨ ਤੇਲ ਬਾਤੀ ਸਤਿ ਪਰਕਾਸ਼ ਨਾ ਹੋਇਆ ਰੰਗ ਨਵੇਲ, ਗ੍ਰਹਿ ਮੰਦਰ ਅੰਦਰ ਨਾ ਕੋਇ ਰੁਸ਼ਨਾਈਆ । ਇਕੋ ਰੰਗ ਨਾ ਵੇਖਿਆ ਗੁਰੂ ਚੇਲ, ਚੇਲਾ ਗੁਰ ਰੰਗ ਨਾ ਕੋਇ ਵਟਾਈਆ । ਅੰਤ ਅਖ਼ੀਰੀ ਸ੍ਰਿਸ਼ਟੀ ਹੋਈ ਫੇਲ, ਮਜ਼ਮੂਨ ਹੱਕ ਨਾ ਕੋਇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਰਨੀ ਆਪਣੇ ਹੱਥ ਵਖਾਈਆ ।

ਮੱਘਰ ਕਹੇ ਮੈਂ ਵੇਖਿਆ ਲੇਖਾ ਜਗਤ ਜਹਾਂ, ਜੁਗ ਚੌਕੜੀ ਖੋਜ ਖੁਜਾਈਆ । ਗੁਰ ਅਵਤਾਰ ਪੈਗ਼ੰਬਰ ਦੇ ਕੇ ਗਏ ਬਿਆਂ, ਬਿਆਨਾ ਆਪਣਾ ਨਾਮ ਧਰਾਈਆ । ਧੁਰ ਦਾ ਢੋਲਾ ਰਾਗਾਂ ਨਾਦਾਂ ਵਿਚ ਗਏ ਸੁਣਾ, ਅਨਬੋਲਤ ਅੱਖਰਾਂ ਵਿਚ ਵਡਿਆਈਆ । ਸ਼ਬਦ ਇਸ਼ਾਰਿਆਂ ਵਿਚ ਕਰ ਕੇ ਗਏ ਹਾਂ, ਹਉਮੇ

ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੜਦਾ ਉਹਲਾ ਰਿਹਾ ਚੁਕਾਈਆ ।

ਮੱਘਰ ਕਹੇ ਮੈਂ ਵੇਂਹਦਾ ਰਿਹਾ ਪੜਦਿਆਂ ਅੰਦਰ ਲੁਕ, ਨਿੱਤ ਨਿੱਤ ਆਪਣਾ ਵੇਸ ਵਟਾਈਆ । ਸਾਲ ਬਸਾਲੇ ਪੈਂਡੇ ਗਏ ਮੁੱਕ, ਜੁਗ ਚੌਕੜੀ ਗਈ ਵਿਹਾਈਆ । ਸਤਿਜੁਗ ਸਤਿ ਸਤਿਵਾਦੀ ਪਿਆ ਉਠ, ਸਚ ਦਵਾਰੇ ਲਈ ਅੰਗੜਾਈਆ । ਪੁਰਖ ਅਕਾਲ ਧੁਰ ਦਾ ਮਾਲਕ ਗਿਆ ਤੁੱਠ, ਮਿਹਰ ਨਜ਼ਰ ਇਕ ਉਠਾਈਆ । ਹੁਕਮ ਸੰਦੇਸ਼ਾ ਦੇ ਕੇ ਸਚ ਸੁੱਚ, ਸਤਿ ਦਿਤਾ ਦ੍ਰਿੜਾਈਆ । ਜਾ ਕੇ ਵੇਖ ਭਗਤ ਸੁਹੇਲੇ ਅਗੰਮੀ ਸੁੱਤ, ਜਿਨ੍ਹਾਂ ਦਾ ਪੁਰਖ ਅਕਾਲ ਇਕੋ ਪਿਤਾ ਇਕੋ ਮਾਈਆ । ਬਾਹਰੋਂ ਪੰਜਾਂ ਤਤਾਂ ਵਾਲੇ ਖ਼ਾਕੀ ਬੁੱਤ, ਅੰਦਰ ਵਸਿਆ ਬੇਪਰਵਾਹੀਆ । ਜਗਤ ਵਿਵਹਾਰ ਵੱਲੋਂ ਕੋਲ ਨਹੀਂ ਕੁਛ, ਭਗਤ ਭੰਡਾਰ ਵਲੋਂ ਭੰਡਾਰਾ ਬੇਪਰਵਾਹੀਆ । ਗੋਬਿੰਦ ਕੋਲੋਂ ਜਾ ਕੇ ਪੁੱਛ, ਜੋ ਸੰਦੇਸ਼ਾ ਸਚ ਜਣਾਈਆ । ਜਿਹੜੇ ਉਸ ਤੋਂ ਗਏ ਘੁਸ, ਚਾਰ ਜੁਗ ਨਾ ਕੋਇ ਮਿਲਾਈਆ । ਜਿਸ ਦਾ ਭਾਣਾ ਕਦੇ ਨਾ ਸਕੇ ਰੁਕ, ਦੋ ਜਹਾਨ ਨਾ ਕੋਇ ਮਿਟਾਈਆ । ਉਸ ਦੀ ਸਭ ਤੋਂ ਵੱਖਰੀ ਨਿਰਾਲੀ ਸ਼ਬਦ ਅਗੰਮੀ ਤੁਕ, ਜੋ ਤੁਖ਼ਮ ਤਾਅਸੀਰ ਦਏ ਬਦਲਾਈਆ । ਜੋ ਏਥੇ ਉਥੇ ਦੋ ਜਹਾਨਾਂ ਦੇਵੇ ਓਟ, ਓੜਕ ਆਪਣੇ ਨਾਲ ਮਿਲਾਈਆ । ਜਿਸ ਦਾ ਨੂਰ ਨੁਰਾਨਾ ਅਗੰਮੀ ਜੋਤ, ਜੋਤੀ ਜੋਤ ਜੋਤ ਰੁਸ਼ਨਾਈਆ । ਜਿਸ ਦੀ ਗੁਰ ਅਵਤਾਰ ਪੀਰ ਪੈਗ਼ੰਬਰ ਕੋਈ ਕਰ ਨਾ ਸਕਿਆ ਸੋਚ, ਅਨਭਵ ਭੇਵ ਨਾ ਕੋਇ ਖੁਲ੍ਹਾਈਆ । ਉਸ ਦੀ ਭਗਤਾਂ ਅੰਦਰ ਮੌਜ, ਮੌਜੂਦਾ ਹੋ ਕੇ ਮਜਲਸ ਰਿਹਾ ਵਖਾਈਆ । ਜੋ ਮਾਲਕ ਹੋ ਕੇ ਕਰੇ ਧੁਰ ਸੰਜੋਗ, ਆਤਮ ਪਰਮਾਤਮ ਜੋੜ ਜੁੜਾਈਆ । ਲੇਖਾ ਮੁਕਾ ਕੇ ਚੌਦਾਂ ਲੋਕ, ਚਰਨ ਕਵਲ ਦਏ ਸਰਨਾਈਆ । ਮੱਘਰ ਕਹੇ ਮੈਨੂੰ ਤੱਕ ਕੇ ਆ ਗਈ ਹੋਸ਼, ਆਪਣਾ ਆਪ ਲਿਆ ਬਦਲਾਈਆ । ਜੋ ਨਵ ਨੌਂ ਚਾਰ ਬੈਠਾ ਰਿਹਾ ਖ਼ਾਮੋਸ਼, ਅੱਖਰਾਂ ਵਾਲੀ ਨਾ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਇਕ ਵਰਤਾਈਆ ।

ਮੱਘਰ ਕਹੇ ਮੈਂ ਤੱਕਿਆ ਨਿਰਮਲ ਧਾਰ, ਨਿਰਵੈਰ ਨਿਰਾਕਾਰ ਨਿਰੰਕਾਰ ਨਜ਼ਰੀ ਆਈਆ । ਜਿਸ ਦਾ ਸਭ ਤੋਂ ਵਖਰਾ ਵਿਹਾਰ, ਵਿਵਹਾਰੀ ਨੂਰ ਖ਼ੁਦਾਈਆ । ਜਿਸ ਨੇ ਸੂਲੀਆਂ ਉਤੇ ਦਿਤੇ ਚਾੜ੍ਹ, ਸੂਫ਼ੀਆਂ ਸੁਰਤ ਭੁਲਾਈਆ । ਸੋ ਭਗਤਾਂ ਦਏ ਦੀਦਾਰ, ਦੀਦ ਈਦ ਚੰਦ ਰੁਸ਼ਨਾਈਆ । ਬਿਨ ਰਸਨਾ ਜੇਹਵਾ ਬੱਤੀ ਦੰਦ ਕਰੇ ਗੁਫ਼ਤਾਰ, ਨਿਰਅੱਖਰ ਨਾਲ ਸਮਝਾਈਆ । ਮੰਜ਼ਲ ਚੜ੍ਹ ਕੇ ਸਚ ਮੀਨਾਰ, ਸਨਮੁਖ ਹੋ ਕੇ ਦਰਸ ਦਿਖਾਈਆ । ਜਿਸ ਦਾ ਕਾਗਜ਼ ਕਲਮ ਸ਼ਾਹੀ ਪਾਏ ਨਾ ਪਾਰਾਵਾਰ, ਅੰਤ ਅੰਤ ਨਾ ਕੋਇ ਜਣਾਈਆ । ਸੋ ਪ੍ਰੀਤਮ ਜਨ ਭਗਤਾਂ ਵਸੇ ਠਾਂਡੇ ਦਰਬਾਰ, ਦਰ ਦਵਾਰਾ ਇਕ ਸੁਹਾਈਆ । ਘਰ ਤਾਕੀ ਖੋਲ੍ਹ ਕਿਵਾੜ, ਪੜਦਾ ਦਏ ਚੁਕਾਈਆ । ਜੁਗ ਜਨਮ ਦੇ ਵਿਛੜੇ ਮੇਲੇ ਆਣ, ਆਪ ਆਪਣੇ ਰੰਗ ਰੰਗਾਈਆ । ਮਾਇਆ ਮਮਤਾ ਮੋਹ ਮਿਟਾ ਨਿਸ਼ਾਨ, ਸ਼ਰਅ ਦੇ ਬੰਧਨ ਦਏ ਕਟਾਈਆ । ਤੂੰ ਮੇਰਾ ਮੈਂ ਤੇਰਾ ਦੇ ਕੇ ਇਕੋ ਸਚ ਗਿਆਨ, ਅਗਿਆਨ ਅੰਧੇਰਾ ਦਏ ਮਿਟਾਈਆ । ਸਾਚੇ ਮੰਦਰ ਮਿਲਾ ਕੇ ਸ੍ਰੀ ਭਗਵਾਨ, ਭਗਵਨ ਆਪਣਾ ਨੂਰ ਦਏ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਦਾਤਾ ਦਇਆ ਕਮਾਈਆ ।

ਮੱਘਰ ਕਹੇ ਮੈਂ ਆ ਗਿਆ ਜਗ, ਜਗ ਜੀਵਨ ਦਾਤੇ ਦਿਤੀ ਵਡਿਆਈਆ । ਮੱਕੇ ਕਾਅਬੇ ਵੇਖੇ ਹੱਜ, ਧੁਰ ਦਾ ਹਜ਼ਰਤ ਨਾ ਕੋਇ ਮਨਾਈਆ । ਫਿਰ ਫਿਰ ਵੇਖੇ ਤੀਰਥ ਤਟ, ਅੱਠ ਸੱਠ ਰਹੇ ਕੁਰਲਾਈਆ । ਨੇਤਰ ਰੋਵਣ ਮੰਦਰ ਮੱਠ, ਗੁਰੂਦਵਾਰ ਦੇਣ ਦੁਹਾਈਆ । ਮਿਲੇ ਮੇਲ ਨਾ ਪੁਰਖ ਸਮਰੱਥ, ਸਚ ਨੂਰ ਨਾ ਕੋਇ ਰੁਸ਼ਨਾਈਆ । ਨਿਝ ਨੇਤਰ ਖੋਲ੍ਹੇ ਕੋਇ ਨਾ ਅੱਖ, ਪੜਦਾ ਦੂਈ ਨਾ ਕੋਇ ਚੁਕਾਈਆ । ਅਨਹਦ

ਨਾਦ ਨਾ ਵੱਜੇ ਸੱਟ, ਤੂਹੀ ਤੂਹੀ ਨਾ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਪੜਦਾ ਦਿਤਾ ਉਠਾਈਆ ।

ਮੱਘਰ ਕਹੇ ਮੇਰਾ ਲੱਥਾ ਪੜਦਾ, ਨਿਰਗੁਣ ਹੋ ਕੇ ਦਿਆਂ ਜਣਾਈਆ । ਪ੍ਰਭੂ ਨੇ ਖੇਲ ਵਖਾਇਆ ਘਰ ਘਰ ਦਾ, ਲੱਖ ਚੁਰਾਸੀ ਅੰਦਰ ਫਰਾਈਆ । ਬਿਨ ਭਗਤਾਂ ਸਾਚੀ ਮੰਜ਼ਲ ਵੇਖਿਆ ਕੋਇ ਨਾ ਚੜ੍ਹਦਾ, ਨਰ ਹਰਿ ਦਰਸ ਕੋਇ ਨਾ ਪਾਈਆ । ਸਾਧ ਸੰਤ ਵੇਖਿਆ ਸੜਦਾ, ਤ੍ਰੈਗੁਣ ਅਗਨੀ ਰਹੀ ਤਪਾਈਆ । ਬਿਨ ਗੁਰਮੁਖਾਂ ਭਾਣਾ ਕੋਇ ਨਾ ਜਰਦਾ, ਜ਼ਰਾ ਜ਼ਰਾ ਭੇਟ ਨਾ ਕੋਇ ਕਰਾਈਆ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਖੇਲ ਆਪਣਾ ਵੱਖਰਾ ਕਰਦਾ, ਕਦਰ ਭਗਤਾਂ ਰਿਹਾ ਪਾਈਆ । ਚਾਰੋਂ ਕੁੰਟ ਫਿਰੇ ਲੱਭਦਾ, ਨਿਰਗੁਣ ਵੇਖੇ ਥਾਉਂ ਥਾਈਂਆ । ਮੈਂ ਨਜ਼ਾਰਾ ਵੇਖਿਆ ਝੱਬ ਦਾ, ਪਹਿਲੀ ਮੱਘਰ ਰਿਹਾ ਦ੍ਰਿੜਾਈਆ । ਭਗਤ ਭਗਵਾਨ ਇਕੋ ਸੇਜਾ ਸਾਚੀ ਸਜਦਾ, ਜਿਥੇ ਸੱਜਦੇ ਦੀ ਲੋੜ ਰਹੇ ਨਾ ਰਾਈਆ । ਜਗਤ ਨੇਤਰਾਂ ਲੱਭਿਆਂ ਕਿਸੇ ਨਾ ਲੱਭਦਾ, ਖੋਜਾਂ ਵਿਚ ਸਰਬ ਲੋਕਾਈਆ । ਜੋ ਸਤਿ ਦਵਾਰੇ ਅੰਤਰ ਬਹਿ ਕੇ ਫਬਦਾ, ਸ਼ਾਹ ਪਾਤਸ਼ਾਹ ਸਚਾ ਸ਼ਹਿਨਸ਼ਾਹੀਆ । ਉਸਦਾ ਖੇਲ ਅਗੰਮੀ ਨੂਰੀ ਪੁਰਖ ਸਮਰੱਥ ਦਾ, ਸਮਰੱਥਿਆ ਆਪਣੇ ਹੱਥ ਰਖਾਈਆ । ਜੋ ਜੁਗ ਜੁਗ ਲੇਖਾ ਜਾਣੇ ਜਗਤ ਰਥ ਦਾ, ਰਥਵਾਹੀ ਹੋ ਕੇ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵਣਹਾਰ ਸਰਨਾਈਆ ।

ਮੱਘਰ ਕਹੇ ਮੈਂ ਵੇਖਿਆ ਹਜ਼ੂਰ, ਹਾਜਰ ਹੋ ਕੇ ਧਿਆਨ ਲਗਾਈਆ । ਜੋ ਜਨ ਭਗਤਾਂ ਦਾ ਬਣ ਮਜ਼ਦੂਰ, ਦਿਵਸ ਰੈਣ ਸੇਵ ਕਮਾਈਆ । ਪ੍ਰੇਮ ਪ੍ਰੀਤੀ ਅੰਦਰ ਹੋ ਮਜ਼ਬੂਰ, ਮਜ਼ਬੂਰੀ ਭਗਤਾਂ ਰਿਹਾ ਕਟਾਈਆ । ਜੁਗ ਜਨਮ ਦੇ ਬਖ਼ਸ਼ ਕੇ ਆਪ ਕਸੂਰ, ਕਸਰ ਆਪਣੀ ਝੋਲੀ ਪਾਈਆ । ਮਾਇਆ ਮਮਤਾ ਤੋੜ ਕੇ ਗੜ੍ਹ ਗ਼ਰੂਰ, ਗੁਰਬਤ ਰਿਹਾ ਮਿਟਾਈਆ । ਆਪਣੇ ਪ੍ਰੇਮ ਦਾ ਦੇ ਕੇ ਨੂਰ, ਸਚ ਨੂਰ ਰਿਹਾ ਚਮਕਾਈਆ । ਜੁਗ ਚੌਕੜੀ ਦਾ ਬਦਲ ਕੇ ਆਪ ਦਸਤੂਰ, ਦਸਤ ਬਦਸਤ ਰਿਹਾ ਮਿਲਾਈਆ । ਜਗਤ ਕਾਮਨਾ ਮੇਟ ਕੇ ਵਾਂਗ ਕਾਫੂਰ, ਕੁਫ਼ਲਾ ਦਾ ਲੇਖਾ ਦਿਤਾ ਮੁਕਾਈਆ । ਨਾਮ ਖ਼ੁਮਾਰੀ ਦੇ ਸਰੂਰ, ਰਸ ਇਕੋ ਇਕ ਚਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ ।

ਮੱਘਰ ਕਹੇ ਮੈਂ ਵੇਖਿਆ ਮੀਤਾ, ਮਿੱਤਰ ਪਿਆਰਾ ਨਜ਼ਰੀ ਆਈਆ । ਜੋ ਭਗਤਾਂ ਅੰਦਰ ਖੇਲ ਕਰੇ ਅਨਡੀਠਾ, ਅਨਡਿਠੜੀ ਕਾਰ ਕਮਾਈਆ । ਜਿਸ ਦੀ ਸਿਫ਼ਤ ਕਰੇ ਅਠਾਰਾਂ ਧਿਆਏ ਗੀਤਾ, ਸ਼ਬਦ ਸ਼ਬਦਾਂ ਨਾਲ ਸਲਾਹੀਆ । ਜਿਸ ਨੂੰ ਗੁਰ ਅਵਤਾਰ ਪੈਗ਼ੰਬਰ ਮੰਨਣ ਨੀਕਨ ਨੀਕਾ, ਨਿਰਵੈਰ ਨਜ਼ਰ ਨਾ ਆਈਆ । ਸੋ ਭਗਤ ਉਧਾਰਨ ਦਾ ਜਗ ਨਵਾਂ ਬਦਲ ਤਰੀਕਾ, ਤਰਾਂ ਤਰਾਂ ਰਿਹਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਨੀ ਦਾ ਕਰਤਾ ਕਾਰ ਕਮਾਈਆ ।

ਮੱਘਰ ਕਹੇ ਮੈਂ ਹੋਇਆ ਹੈਰਾਨ, ਹੈਰਾਨੀ ਮੇਰੇ ਅੰਦਰ ਆਈਆ । ਕਿਸ ਬਿਧ ਹੋਇਆ ਪ੍ਰਭੂ ਮਿਹਰਵਾਨ, ਮਿਹਰ ਨਜ਼ਰ ਉਠਾਈਆ । ਭਗਤ ਸੁਹੇਲੇ ਮੇਲੇ ਆਣ, ਨਿਰਗੁਣ ਸਰਗੁਣ ਜੋੜ ਜੁੜਾਈਆ । ਬਿਨ ਪੜ੍ਹਿਆਂ ਦੇ ਕੇ ਗਿਆਨ, ਅਗਿਆਨ ਅੰਧੇਰਾ ਦਿਤਾ ਮਿਟਾਈਆ । ਲੱਖ ਚੁਰਾਸੀ ਵਿਚੋਂ ਕਰ ਪਹਿਚਾਨ, ਬਹੁਤਿਆਂ ਵਿਚੋਂ ਥੋੜੇ ਆਪਣੀ ਗੋਦ ਉਠਾਈਆ । ਇਕੋ ਦੇ ਕੇ ਸਚ ਨਿਸ਼ਾਨ, ਨਿਸ਼ਾਨੇ ਕੂੜੇ ਦਿਤੇ ਭੁਲਾਈਆ । ਤੂੰ ਮੇਰਾ ਮੈਂ ਤੇਰਾ ਦੋਹਾਂ ਨੂੰ ਕਰਨਾ ਪਏ ਪਰਵਾਨ, ਪਰਵਾਨਾ ਅਵਰ ਨਾ ਕੋਇ ਵਖਾਈਆ । ਨੌ ਸੌ ਚੁਰਾਨਵੇ ਚੌਕੜੀ ਜੁਗ ਪਿਛੋਂ ਜਨ ਭਗਤਾਂ ਦਾ ਬਣਿਆ ਆਪ ਮਹਿਮਾਨ, ਭਗਤ ਦਵਾਰੇ ਫੇਰਾ ਪਾਈਆ ।

ਗੁਰਮੁਖਾਂ ਦੀ ਆਤਮ ਸੇਜਾ ਕਰੇ ਅਰਾਮ, ਦੂਜੇ ਸੁੱਖ ਦੀ ਲੋੜ ਰਹੇ ਨਾ ਰਾਈਆ । ਪ੍ਰੀਤੀ ਅੰਦਰ ਬਣ ਬਣ ਗੁਲਾਮ, ਸੇਵਕ ਹੋ ਕੇ ਸੇਵ ਕਮਾਈਆ । ਭਗਤਾਂ ਦਾ ਆਪਣੀ ਝੋਲੀ ਪਾਇਆ ਅਹਿਸਾਨ, ਅਸਲ ਆਪਣਾ ਰੰਗ ਵਖਾਈਆ । ਬਿਨ ਪੂਜਾ ਪਾਠ ਤੋਂ ਕਰ ਕਲਿਆਣ, ਕਲਮਿਆਂ ਤੋਂ ਬਾਹਰ ਦਿਤਾ ਕਢਾਈਆ । ਜੋਧੇ ਸੂਰ ਬਣਾ ਬਲਵਾਨ, ਕਲਜੁਗ ਕੂੜਾ ਚਰਨਾਂ ਹੇਠ ਦਿਤਾ ਦਬਾਈਆ । ਲੱਖ ਚੁਰਾਸੀ ਚੁਕਾ ਕੇ ਕਾਣ, ਆਵਣ ਜਾਵਣ ਪੈਂਡਾ ਦਿਤਾ ਮੁਕਾਈਆ । ਸਚ ਦਵਾਰੇ ਮੇਲੇ ਆਣ, ਦਰ ਦਰਬਾਰਾ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਹਰਿ ਰਘੁਰਾਈਆ ।

ਮੱਘਰ ਕਹੇ ਮੈਂ ਬੋਲਣਾ ਸਚ ਜੈਕਾਰਾ, ਸਚ ਦਿਆਂ ਜਣਾਈਆ । ਜਿਹੜਾ ਜੁਗ ਚੌਕੜੀ ਦੇਂਦਾ ਆਇਆ ਲਾਰਾ, ਇਸ਼ਾਰਿਆਂ ਨਾਲ ਇਸ਼ਾਰੇ ਆਇਆ ਸਮਝਾਈਆ । ਜਿਸ ਦਾ ਲੇਖਾ ਅਗੰਮ ਅਪਾਰਾ, ਅਲੱਖ ਅਗੋਚਰ ਨਾ ਕੋਇ ਸਮਝਾਈਆ । ਜਿਸ ਦਾ ਭਾਣਾ ਮੰਨ ਗੁਰੂ ਅਵਤਾਰਾ, ਪੈਗ਼ੰਬਰ ਗਏ ਸੀਸ ਝੁਕਾਈਆ । ਸੋ ਕਰਨ ਆਇਆ ਵਿਹਾਰਾ, ਵਿਵਹਾਰੀ ਵੇਸ ਵਟਾਈਆ । ਜਿਸ ਦਾ ਹੁਕਮ ਸਦਾ ਜੁਗ ਚਾਰਾ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਨਾ ਕੋਇ ਮੇਟੇ ਮੇਟ ਮਿਟਾਈਆ । ਸੋ ਸਾਹਿਬ ਸਵਾਮੀ ਅੰਤਰਜਾਮੀ ਜਨ ਭਗਤ ਸੁਹਾਏ ਇਕ ਦਵਾਰਾ, ਮੰਦਰ ਇਕੋ ਇਕ ਵਖਾਈਆ । ਜਿਥੇ ਦਿਵਸ ਰੈਣ ਦੀਆ ਦੀਪਕ ਇਕੋ ਉਜਿਆਰਾ, ਤੇਲ ਬਾਤੀ ਨਾ ਕੋਇ ਵਖਾਈਆ । ਨਾਦ ਸ਼ਬਦ ਧੁਨ ਸਚੀ ਧੁਨਕਾਰਾ, ਅਨੁਰਾਗੀ ਰਾਗ ਅਲਾਈਆ । ਜਿਸ ਦਾ ਖੇਲ ਸਭ ਤੋਂ ਵੱਖਰਾ ਨਿਆਰਾ, ਨਰ ਨਿਰੰਕਾਰਾ ਹੋ ਕੇ ਆਪ ਕਰਾਈਆ । ਸੋ ਸੁਹਾਵਣਹਾਰਾ ਜਮਨ ਕਿਨਾਰਾ, ਜਾਮਨ ਹੋ ਕੇ ਵੇਖ ਵਖਾਈਆ । ਦੁਵਾਰਕਾ ਨਿਵਾਸੀ ਤੇਰਾ ਉਧਾਰਾ, ਦੋਹਰੀ ਵਾਰ ਦਿਤੀ ਵਡਿਆਈਆ । ਸਾਚਿਆਂ ਭਗਤਾਂ ਦੇ ਸਹਾਰਾ, ਗੁਰ ਅਵਤਾਰਾਂ ਰਿਹਾ ਜਣਾਈਆ । ਜਿਨ੍ਹਾਂ ਦਾ ਲੇਖਾ ਇਕ ਤੋਂ ਦੋ ਦੋ ਤੋਂ ਚਾਰਾ, ਚੌਕੜ ਦਏ ਗੁਵਾਹੀਆ । ਜਿਨ੍ਹਾਂ ਨੇ ਸੀਸ ਚੁਕਣਾ ਇੱਟਾਂ ਗਾਰਾ, ਗਹਿਰ ਗੰਭੀਰ ਵਿਚ ਸਮਾਈਆ । ਅਗਲੇ ਜਨਮ ਦਾ ਲੇਖਾ ਰਿਹਾ ਨਾ ਕੋਇ ਸੰਸਾਰਾ, ਸੰਸਾਰੀਆਂ ਵਿਚੋਂ ਬਾਹਰ ਕਢਾਈਆ । ਹਰਿ ਸੰਗਤ ਤੇਰਾ ਰੂਪ ਅਪਾਰਾ, ਅਪਰੰਪਰ ਵੇਖ ਵਖਾਈਆ । ਨਿੱਕੇ ਵੱਡੇ ਦਾ ਇਕੋ ਜਿਹਾ ਵਿਹਾਰਾ, ਵਿਵਹਾਰੀ ਆਪਣੀ ਕਾਰ ਕਮਾਈਆ । ਗੁਰਮੁਖੋ ਤੁਹਾਡੀ ਸੇਵਾ ਲੱਖ ਕਰੋੜੀ ਨਾ ਗਿਣਤੀ ਵਿਚ ਹਜ਼ਾਰਾਂ, ਕੀਮਤਾਂ ਵਾਲਾ ਕੀਮਤ ਸਕੇ ਨਾ ਕੋਇ ਜਣਾਈਆ । ਜਿਥੇ ਝੁਕਣਾ ਜਗਤ ਸਰਕਾਰਾ, ਸਿਰ ਸਕੇ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਰਨੀ ਸਭ ਨੂੰ ਦਏ ਵਖਾਈਆ ।

ਮੱਘਰ ਕਹੇ ਮੈਂ ਦੋਏ ਜੋੜ ਕਰਾਂ ਨਮਸਤੇ, ਨਿਮਸਕਾਰ ਡੰਡਾਵਤ ਵਿਚ ਬਦਲਾਈਆ । ਜਨ ਭਗਤੋ ਤੁਸੀਂ ਸੇਵਾ ਕੀਤੀ ਹੱਸਦੇ ਹੱਸਦੇ, ਹਸਤੀ ਆਪਣੀ ਲਈ ਬਦਲਾਈਆ । ਤੁਹਾਡੇ ਘਰਾਣੇ ਰਹਿਣੇ ਵਸਦੇ, ਅੰਤਮ ਉਜੜੇ ਸਰਬ ਲੋਕਾਈਆ । ਸ਼ਾਹ ਸੁਲਤਾਨ ਵੇਖਣੇ ਨੱਸਦੇ, ਰਾਜੇ ਰਾਣੇ ਪਿੱਠ ਭੁਵਾਈਆ । ਇਸ਼ਾਰਿਆਂ ਨਾਲ ਇਕ ਦੂਜੇ ਨੂੰ ਸਾਰੇ ਦੱਸਦੇ, ਉਂਗਲਾਂ ਉਪਰ ਉਠਾਈਆ । ਬਿਨਾ ਸ੍ਰੀ ਭਗਵਾਨ ਕੋਇ ਨਾ ਬਚਦੇ, ਬੱਚਿਆਂ ਵਾਲੇ ਸਰਬ ਕੁਰਲਾਈਆ । ਇਹ ਖੇਲ ਉਸ ਅਗੰਮੀ ਇਸ਼ਾਰੇ ਅੱਖ ਦੇ, ਜਿਸ ਦੀ ਪਲਕ ਨਾ ਕੋਇ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਦੇਵਣਹਾਰ ਵਡਿਆਈਆ ।

ਮੱਘਰ ਕਹੇ ਮੈਨੂੰ ਆਈ ਹਾਸੀ, ਹੱਸ ਹੱਸ ਦਿਆਂ ਸੁਣਾਈਆ । ਜਨ ਭਗਤੋ ਤੁਹਾਡੀ ਕੱਟੀ ਗਈ ਜਮ ਫ਼ਾਸੀ, ਜਮਾਂ ਦਾ ਭੈ ਨਾ ਕੋਇ ਵਖਾਈਆ । ਪੁਰਖ ਅਕਾਲ ਦੀਨ ਦਿਆਲ ਨਿਰਗੁਣ ਨੂਰ ਮਿਲਿਆ ਇਕੋ ਸਾਥੀ, ਧੁਰ ਦਾ ਸੰਗੀ ਨਜ਼ਰੀ ਆਈਆ । ਲਹਿਣਾ ਰਿਹਾ ਕੋਈ ਨਾ ਬਾਕੀ, ਜੋ ਖ਼ੁਸ਼ੀਆਂ ਨਾਲ ਸੇਵ ਕਮਾਈਆ । ਜਿਸ ਦਵਾਰੇ ਉਤੇ ਆ ਕੇ ਕੋਟ ਤਰਨੇ ਪਾਪੀ, ਉਸ ਦੀ ਨੀਂਹ ਭਗਤਾਂ ਕੋਲੋਂ

ਰਖਾਈਆ । ਜਨਮ ਜਨਮ ਦੀ ਪੂਰੀ ਕਰਕੇ ਆਸੀ, ਤ੍ਰਿਸ਼ਨਾ ਦਿਤੀ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ ।

ਜਨ ਭਗਤੋ ਤੁਹਾਡੀ ਸੇਵਾ ਦਿਵਸ ਰਾਤ, ਰੈਣ ਦਏ ਗਵਾਹੀਆ । ਚੌਵੀ ਘੰਟੇ ਕਰ ਇਤਫ਼ਾਕ, ਢੋਲਾ ਇਕੋ ਰਹੇ ਸੁਣਾਈਆ । ਸੱਠ ਘੜੀਆਂ ਬੋਲ ਕੇ ਵਾਕ, ਵਾਕਿਆ ਆਪਣਾ ਰਿਹਾ ਦ੍ਰਿੜਾਈਆ । ਅੱਠ ਪਹਿਰ ਹੋ ਕੇ ਦਾਸ, ਨੇਤਰ ਨੈਣ ਨਿਵਾਈਆ । ਅੱਖ ਖੋਲ੍ਹ ਪ੍ਰਿਥਮੀ ਆਕਾਸ਼, ਗਗਨ ਮੰਡਲ ਰਹੇ ਸੁਣਾਈਆ । ਵਾਹਵਾ ਤੇਰੀ ਪ੍ਰੀਤੀ ਪੁਰਖ ਅਬਿਨਾਸ਼, ਬਿਨ ਭਗਤਾਂ ਹੱਥ ਕਿਸੇ ਨਾ ਆਈਆ । ਜਿਹੜੇ ਉਠ ਵੇਲੇ ਪਰਭਾਤ, ਤੇਰੀ ਸੇਵਾ ਸਚ ਕਮਾਈਆ । ਪਤਾ ਨਹੀਂ ਕਿਥੋਂ ਸਿਖੀ ਇਨ੍ਹਾਂ ਨੇ ਜਾਚ, ਕਵਣ ਗਿਆ ਦ੍ਰਿੜਾਈਆ । ਅੰਦਰੋਂ ਬਾਹਰੋਂ ਹੋ ਗਿਆ ਪਾਕ, ਪੁਨੀਤ ਹੋ ਕੇ ਖ਼ੁਸ਼ੀ ਵਰਤਾਈਆ । ਪ੍ਰੇਮ ਪਿਆਰ ਦਾ ਵੱਜਦਾ ਰਹੇ ਰਬਾਬ, ਤੂਹੀ ਤੂਹੀ ਰਾਗ ਅਲਾਈਆ । ਕਬੀਰ ਫਰੀਦ ਕਰਦੇ ਰਹੇ ਹਿਸਾਬ, ਬੱਤੀ ਦਿਨ ਬੱਤੀ ਦੰਦਾਂ ਵਾਲਾ ਲੇਖਾ ਨਾਲ ਜਣਾਈਆ । ਅੰਤ ਉਹ ਵੀ ਦੇ ਕੇ ਜੁਆਬ, ਸੱਤ ਮੱਘਰ ਰਹੇ ਜਣਾਈਆ । ਪਤਾ ਨਹੀਂ ਪ੍ਰਭੂ ਤੂੰ ਕਿਵੇਂ ਇਨ੍ਹਾਂ ਦੇ ਅੰਦਰ ਵਸਿਉਂ ਆਪ, ਜੋ ਆਪਾ ਗਏ ਮਿਟਾਈਆ । ਸਾਚੇ ਪ੍ਰੇਮ ਪਿਆਰ ਦਾ ਕਰ ਇਤਫ਼ਾਕ, ਵੱਡੇ ਛੋਟੇ ਬਾਲੇ ਨੱਢੇ ਮਿਲ ਕੇ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰੇ ਦਿਤੀ ਵਡਿਆਈਆ ।

ਸ੍ਰੀ ਭਗਵਾਨ ਕਹੇ ਸੁਣ ਮੱਘਰ ਬਾਲੇ ਨੱਢੇ, ਤੈਨੂੰ ਦਿਆਂ ਜਣਾਈਆ । ਨੌ ਸੌ ਚੁਰਾਨਵੇ ਜੁਗ ਚੌਕੜੀ ਪਿਛੋਂ ਮੈਂ ਆਪਣੀ ਜੋਤੀ ਧਾਰੋਂ ਕੱਢੇ, ਮੈਂ ਆਪਣੇ ਤਤਾਂ ਨਾਲ ਕਰੀ ਕੁੜਮਾਈਆ । ਜਿਨ੍ਹਾਂ ਨਾਲ ਸਚ ਦਵਾਰੇ ਮਿਲ ਕੇ ਕਰਾਂ ਲੱਡੇ, ਲਾਡ ਉਨ੍ਹਾਂ ਰਿਹਾ ਲਡਾਈਆ । ਜਿਨ੍ਹਾਂ ਦੇ ਅੰਦਰ ਧਰਮ ਨਿਸ਼ਾਨੇ ਗੱਡੇ, ਸਚ ਸਚ ਦਿਤਾ ਸਮਝਾਈਆ । ਜਗਤ ਤ੍ਰਿਸ਼ਨਾ ਬੁਝਾ ਕੇ ਅੱਗੇ, ਆਗਿਆ ਆਪਣੀ ਵਿਚ ਰਖਾਈਆ । ਪ੍ਰੇਮ ਪ੍ਰੀਤੀ ਵਿਚ ਦੇ ਕੇ ਮਜੇ, ਕੂੜਾ ਮਜਾ ਦਿਤਾ ਮਿਟਾਈਆ । ਉਹ ਨੇਤਰ ਦਰਸ਼ਨ ਕਰ ਕਰ ਰੱਜੇ, ਅੰਦਰ ਭੁੱਖ ਰਹੀ ਨਾ ਰਾਈਆ । ਆਪੇ ਫਿਰਨ ਭੱਜੇ, ਅੰਦਰ ਬਾਹਰ ਵਾਹੋ ਦਾਹੀਆ । ਜਿਨ੍ਹਾਂ ਦੇ ਪ੍ਰੀਤਮ ਨੇ ਉਨ੍ਹਾਂ ਨਾਲ ਨਹੀਂ ਕਰਨੇ ਦਗੇ, ਕੂੜਾ ਯਰਾਨਾ ਨਾ ਕੋਇ ਰਖਾਈਆ । ਏਥੇ ਉਥੇ ਆਪਣੀ ਗੋਦੀ ਚੁੱਕੇ, ਚੁੱਕ ਚੁੱਕ ਖ਼ੁਸ਼ੀ ਮਨਾਈਆ । ਸਚ ਦਵਾਰੇ ਜਾ ਕੇ ਰੱਖੇ, ਜਿਥੇ ਵੇਖਣ ਵਾਲਾ ਮਾਈ ਬਾਪ ਭਾਈ ਭੈਣ ਨਜ਼ਰ ਕੋਇ ਨਾ ਆਈਆ । ਸਚ ਪ੍ਰੀਤੀ ਅੰਦਰ ਨੱਸੇ, ਸ਼ਬਦੀ ਰਾਗ ਸੁਣਾਈਆ । ਚਰਨ ਕਵਲ ਕਰ ਕੇ ਇਕੱਠੇ, ਇਕੋ ਢੋਲਾ ਦਏ ਸੁਣਾਈਆ । ਜਨ ਭਗਤੋ ਤੁਸੀਂ ਆਏ ਮੇਰੇ ਪ੍ਰੇਮ ਦੇ ਵੱਟੇ, ਬਦਲਾ ਲੈਣਾ ਚੁਕਾਈਆ । ਭਾਵੇਂ ਤੁਹਾਡੇ ਬਾਹਰੋਂ ਚੀਥੜ ਫਟੇ, ਅੱਗੇ ਫਟਿਆਂ ਦਾ ਖਹਿੜਾ ਦਿਤਾ ਛੁਡਾਈਆ । ਜੇ ਧੰਨੇ ਨੂੰ ਮਿਲਿਆ ਵਿਚੋਂ ਵੱਟੇ, ਪੱਥਰਾਂ ਸੋਭਾ ਪਾਈਆ । ਤੁਹਾਨੂੰ ਪ੍ਰਾਪਤ ਉਸ ਵਿਚੋਂ ਮਿੱਟੀ ਘੱਟੇ, ਜਿਸ ਦਾ ਘਾਟਾ ਆਪਣੇ ਵਿਚ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੁਨੇਹੜਾ ਇਕ ਸੁਣਾਈਆ ।

ਮੱਘਰ ਕਹੇ ਸੁਣੋ ਸੁਨੇਹੜਾ ਗੁਰਮੁਖ ਸੱਜਣ, ਸਚ ਦਿਆਂ ਸੁਣਾਈਆ । ਹਰਿ ਭਗਵਾਨ ਤੁਹਾਨੂੰ ਆਇਆ ਲੱਭਣ, ਬ੍ਰਹਿਮੰਡ ਖੰਡ ਖੋਜ ਖੁਜਾਈਆ । ਜੁਗ ਜਨਮ ਦਿਆਂ ਵਿਛੜਿਆਂ ਆਇਆ ਸੱਦਣ, ਹੁਕਮੀ ਹੁਕਮ ਸੁਣਾਈਆ । ਸਚ ਦਵਾਰੇ ਆਇਆ ਰੱਖਣ, ਜਿਥੇ ਰੱਖਿਆ ਕਰੇ ਚਾਈਂ ਚਾਈਂਆ । ਤੁਹਾਡੇ ਅੰਦਰ ਵੜ ਕੇ ਆਇਆ ਵਸਣ, ਵਾਸਤਾ ਅੰਤਰ ਅੰਤਰ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਖੇਲ ਸਮਝਾਈਆ ।

ਮੱਘਰ ਕਹੇ ਇਹ ਖੇਲ ਅਨੋਖਾ, ਆਕਲਾਂ ਬੇਅਕਲ ਕਰਾਈਆ । ਸਿੱਧਾ ਸ੍ਰਿਸ਼ਟੀ ਨਾਲ ਧੋਖਾ, ਗੁਰਮੁਖਾਂ ਮਿਲੇ ਵਡਿਆਈਆ । ਜਿਹੜਾ ਸਚ ਦਵਾਰੇ ਪਹੁੰਚਾ, ਪੰਜਾਂ ਤੋਂ ਲਏ ਬਚਾਈਆ । ਅੰਤਮ ਲੈਣਾ ਪਏ ਨਾ ਹਉਕਾ, ਜਮਾਂ ਤੋਂ ਲਿਆ ਛੁਡਾਈਆ । ਸਚ ਪ੍ਰੇਮ ਦੀ ਲਾ ਕੇ ਚੋਟਾ, ਚੋਟੀ ਤੇ ਲਏ ਚੜ੍ਹਾਈਆ । ਦਰ ਦਵਾਰੇ ਰਹਿਣ ਨਾ ਦੇਵੇ ਕੋਈ ਖੋਟਾ, ਗੁਰਮੁਖ ਆਪਣੇ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰ ਸ਼ਰਨ ਸ਼ਰਨਾਈਆ ।

ਮੱਘਰ ਕਹੇ ਮੈਂ ਸ਼ਰਨ ਵੇਖੇ ਲੱਗਦੇ, ਜੋ ਲਗ ਮਾਤਰ ਗਏ ਭੁਲਾਈਆ । ਸਚ ਦਵਾਰੇ ਵੇਖੇ ਵਧਦੇ, ਭੱਜਣ ਚਾਈਂ ਚਾਈਂਆ । ਨਾਤੇ ਤੋੜ ਕੇ ਕੂੜੇ ਜਗ ਦੇ, ਜਗ ਜੀਵਨ ਦਾਤਾ ਵੇਖ ਖ਼ੁਸ਼ੀ ਮਨਾਈਆ । ਨਿਝ ਨੇਤਰ ਦਰਸ਼ਨ ਕਰ ਕਰ ਰੱਜਦੇ, ਰਜੋ ਤਮੋ ਸਤੋ ਦਾ ਲੇਖਾ ਗਏ ਮੁਕਾਈਆ । ਭਾਂਬੜ ਬੁਝ ਗਏ ਕੂੜੀ ਅੱਗ ਦੇ, ਮਾਇਆ ਮਮਤਾ ਦਿਤੀ ਜਲਾਈਆ । ਜੋ ਭਗਤ ਸਚ ਦਵਾਰੇ ਵਸਦੇ, ਵਸਲ ਇਕੋ ਯਾਰ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਰਿਹਾ ਵਖਾਈਆ ।

ਮੱਘਰ ਕਹੇ ਮੈਂ ਦੱਸਾਂ ਅਖ਼ੀਰ, ਬਿਨ ਅੱਖਰਾਂ ਅੱਖਰ ਸਮਝਾਈਆ । ਜਿਸ ਦੀ ਨਜ਼ਰ ਨਾ ਆਏ ਕੋਈ ਤਸਵੀਰ, ਨੂਰੋ ਨੂਰ ਕਰੇ ਰੁਸ਼ਨਾਈਆ । ਸੋ ਸਾਹਿਬ ਸਵਾਮੀ ਅੰਤਰਜਾਮੀ ਬੇਨਜ਼ੀਰ, ਨਜ਼ਰ ਅੰਦਰੋਂ ਦਏ ਬਦਲਾਈਆ । ਤੁਹਾਡਾ ਲਹਿਣਾ ਦੇਣਾ ਵੇਖ ਕਬੀਰ, ਜੁਲਾਹਾ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਮ ਦਾ ਲੇਖਾ ਰਿਹਾ ਚੁਕਾਈਆ ।

ਕਬੀਰ ਕਹੇ ਮੈਂ ਭੁੱਲ ਗਿਆ ਕਰਦਾ ਗਿਣਤੀ, ਅੰਕ ਅੰਕ ਬਦਲਾਈਆ । ਮੈਂ ਖੇਲ ਵੇਖੀ ਸਾਰੇ ਦਿਨ ਦੀ, ਭਗਤ ਦਵਾਰੇ ਬਹਿ ਕੇ ਅੱਖ ਖੁਲ੍ਹਾਈਆ । ਸਚ ਪਿਆਰੀ ਸੰਗਤ ਪ੍ਰੇਮ ਪਿਆਰ ਵੇਖੀ ਮਿਣਦੀ, ਨਾਮ ਪੈਮਾਨੇ ਹੱਥ ਉਠਾਈਆ । ਮੈਂ ਸਿਫ਼ਤ ਦੱਸਾਂ ਕਿਸ ਕਿਸ ਦੀ, ਕਿਸਮਤ ਸਾਰੇ ਗਏ ਬਦਲਾਈਆ । ਇਸਤਰੀ ਪੁਰਖ ਇਕੋ ਰੂਪ ਦਿਸਦੀ, ਅੰਦਰ ਅੱਖ ਨਾ ਕੋਇ ਭੁਆਈਆ । ਮੈਂ ਸਿਫ਼ਤ ਕਰਾਂ ਜਿਸ ਦੀ, ਉਹ ਮੈਨੂੰ ਅੱਗੋਂ ਸੁਣਾਈਆ । ਸਾਨੂੰ ਲੋੜ ਨਹੀਂ ਵਡਿਆਈ ਵਾਲੀ ਹਿਰਸ ਦੀ, ਹਰਸ ਹਵਸ ਗਏ ਮਿਟਾਈਆ । ਸਾਨੂੰ ਲੋੜ ਓਸੇ ਦੇ ਦ੍ਰਿਸ਼ ਦੀ, ਜਿਸ ਦ੍ਰਿਸ਼ਟੀ ਦਿਤੀ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਆਪਣੇ ਹੱਥ ਰਖਾਈਆ ।

ਕਬੀਰ ਕਹੇ ਮੈਨੂੰ ਭੁੱਲ ਗਿਆ ਤਣਨਾ ਬੁਣਨਾ, ਪਹਿਲੀ ਕਹਾਣੀ ਦਿਆਂ ਬਦਲਾਈਆ । ਮੈਂ ਚਾਹੁੰਦਾ ਇਕੋ ਢੋਲਾ ਸੁਣਨਾ, ਜੋ ਗੁਰਮੁਖ ਰਹੇ ਗਾਈਆ । ਜਿਥੇ ਫੇਰ ਕਿਸੇ ਨਹੀਂ ਬੋਲਣਾ, ਸੋਹੰ ਰੂਪ ਸਮਾਈਆ । ਉਸ ਦਾ ਤੋਲ ਕਿਸੇ ਕੀ ਤੋਲਣਾ, ਜੋ ਆਪਣਾ ਆਪ ਗਏ ਮਿਟਾਈਆ । ਉਥੇ ਘੋਲ ਕਿਸੇ ਘੁਲਣਾ, ਜੋ ਘੋਲੀ ਘੋਲ ਘੁਮਾ ਕੇ ਆਪਣਾ ਆਪ ਭੇਟਾ ਗਏ ਕਰਾਈਆ । ਉਥੇ ਦਵਾਰਾ ਕਿਸੇ ਕੀ ਖੋਲ੍ਹਣਾ, ਜਿਥੇ ਧੁਰ ਦਰਬਾਰੀ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਨਹਾਰ ਖ਼ੁਸ਼ੀ ਮਨਾਈਆ ।

ਕਬੀਰ ਕਹੇ ਮੇਰਾ ਬਦਲ ਗਿਆ ਸ਼ਰੀਰ, ਨਾਤਾ ਤਨ ਨਜ਼ਰ ਨਾ ਆਈਆ । ਮੈਂ ਚੜ੍ਹ ਕੇ ਚੋਟੀ ਅਖੀਰ, ਭਗਤਾਂ ਵੇਖ ਵਖਾਈਆ । ਮੈਨੂੰ ਨਜ਼ਰੀ ਆਈ ਇਕ ਤਸਵੀਰ, ਜਿਸ ਨੂੰ ਤਸੱਵਰ ਨਾ ਕੋਇ ਕਰਾਈਆ । ਉਥੇ ਮੈਂ ਕੋਇ ਨਾ ਤੱਕਿਆ ਗਰੀਬ ਅਮੀਰ, ਗੁਰਮੁਖ ਇਕੋ ਰੰਗ ਸੋਭਾ ਪਾਈਆ । ਨਾ

ਕੋਈ ਤੱਕੀ ਦੌਲਤ ਧਨ ਜਗੀਰ, ਜਾਗਰਤ ਜੋਤ ਜੋਤ ਰੁਸ਼ਨਾਈਆ । ਨਾ ਕੋਈ ਗੁਰ ਅਵਤਾਰ ਤੱਕਿਆ ਪੈਗੰਬਰ ਪੀਰ, ਪਾਰਬ੍ਰਹਮ ਪਤਿਪਰਮੇਸ਼ਵਰ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਕਰਵਟ ਆਪਣੀ ਰਿਹਾ ਬਦਲਾਈਆ ।

ਕਬੀਰ ਕਹੇ ਮੈਂ ਵੇਖਿਆ ਬਦਲਦਾ ਕਰਵਟ, ਕਰਾਮਾਤ ਨਾ ਕੋਇ ਜਣਾਈਆ । ਜਿਸ ਦੇ ਪਿਛੇ ਸ੍ਰਿਸ਼ਟੀ ਰਹੀ ਭਰਮਤ, ਭਰਮਾਂ ਵਿਚ ਲੋਕਾਈਆ । ਉਹ ਕੂੜ ਕੁੜਿਆਰੀ ਜਗਤ ਜਹਾਨ ਵਖਾ ਕੇ ਇਸਮਤ, ਆਜ਼ਮ ਰਿਹਾ ਹਲਾਈਆ । ਜਨ ਭਗਤਾਂ ਦੀ ਬਦਲ ਕੇ ਅੰਦਰੋਂ ਕਿਸਮਤ, ਜਿਸਮ ਜਮੀਰ ਦਿਤੀ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਆਪਣੇ ਨਾਲ ਰਖਾਈਆ ।

ਮੱਘਰ ਕਹੇ ਮੈਂ ਵੇਖ ਦਵਾਰ ਦਿੱਲੀ, ਦਿਲਾਂ ਨੂੰ ਖੋਜ ਖੁਜਾਈਆ । ਅਰਸ਼ ਕੁਰਸ਼ਾਂ ਦੀ ਜੜ੍ਹ ਹਿੱਲੀ, ਹਲੂਣਾ ਦਿਤਾ ਲਗਾਈਆ । ਮੇਰੀ ਖ਼ੁਸ਼ੀ ਵਿਚ ਆਣ ਕੇ ਹਾਸੀ ਨਿਕਲੀ ਖਿਲੀ, ਵੇਖੀ ਖਲੀ ਖ਼ਲਕ ਖ਼ੁਦਾਈਆ । ਸਾਰੇ ਦਰਬਾਰ ਵਿਚ ਤੱਕ ਇਕ ਸੌ ਗਿਆਰਾਂ ਇੱਟ ਲੱਗੀ ਪਿਲੀ, ਇਕ ਇਕ ਦੀ ਗਿਣਤੀ ਸਚ ਦਿਤੀ ਜਣਾਈਆ । ਸਭ ਦੀ ਕਮਰ ਕਮਰਕਸਿਆਂ ਵਾਲੀ ਹੋਣੀ ਢਿਲੀ, ਕਮਾਨ ਅਫਸਰਾਂ ਦੇਣੀ ਸੁਟਾਈਆ । ਬਿਲਿਆਂ ਦੇ ਮਗਰ ਮੌਤ ਵੈਰਾਗਣ ਲੌਣੀ ਬਿਲੀ, ਲਹਿੰਦੀ ਦਿਸ਼ਾ ਖ਼ੁਸ਼ੀ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੇ ਨਾਮ ਦੀ ਲਾ ਕੇ ਸਿਲੀ, ਸਿਲਸਿਲਾ ਅਗਲਾ ਦਏ ਬਦਲਾਈਆ ।

✪ ✪ ✪ ✪ ✪
✪ ✪ ✪ ✪ ✪

✪ ੧੫ ਮੱਘਰ ਸ਼ਹਿਨਸ਼ਾਹੀ ਸੰਮਤ ੧ ਹਰਿ ਭਗਤ ਦਵਾਰ ਧੀਰਪੁਰ ਦਿੱਲੀ-੯ ✪

ਪੰਦਰਾਂ ਮੱਘਰ ਕਹੇ ਮੇਰੀ ਨਮਸਤੇ ਪੁਰਖ ਅਬਿਨਾਸ਼, ਸ੍ਰੀ ਭਗਵਾਨ ਤੇਰੀ ਸ਼ਰਨਾਈਆ । ਤੂੰ ਆਦਿ ਜੁਗਾਦਿ ਜੁਗ ਚੌਕੜੀ ਸਦਾ ਵਸੇਂ ਭਗਤਾਂ ਪਾਸ, ਪਾਰਬ੍ਰਹਮ ਪਤਿਪਰਮੇਸ਼ਵਰ ਆਪਣੀ ਦਇਆ ਕਮਾਈਆ । ਜੁਗ ਜਨਮ ਵਿਛੜਿਆਂ ਪੂਰੀ ਕਰੇਂ ਆਸ, ਨਿੱਤ ਨਵਿਤ ਵੇਖੇਂ ਥਾਉਂ ਥਾਈਂਆ । ਨਿਰਗੁਣ ਨਿਰਵੈਰ ਹੋ ਕੇ ਦੇਵੇਂ ਸਾਥ, ਧੁਰ ਦਾ ਸੰਗ ਬਣਾਈਆ । ਪ੍ਰੇਮੀਆਂ ਪਿਆਰਾ ਦੇਵੇ ਸ਼ਾਬਾਸ, ਸਿਰ ਆਪਣਾ ਹੱਥ ਟਿਕਾਈਆ । ਜਨ ਭਗਤਾਂ ਕਾਰਜ ਕਰੇਂ ਖ਼ਾਸ, ਖ਼ਾਲਸ ਆਪਣਾ ਰੰਗ ਵਖਾਈਆ । ਮਾਨਸ ਜਨਮ ਕਰ ਕੇ ਰਾਸ, ਲੱਖ ਚੁਰਾਸੀ ਫੰਦ ਕਟਾਈਆ । ਚਰਨ ਦਵਾਰੇ ਦੇ ਨਿਵਾਸ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲਹਿਣਾ ਝੋਲੀ ਪਾਈਆ ।

ਪੰਦਰਾਂ ਮੱਘਰ ਕਹੇ ਵਾਹ ਮੇਰੇ ਭਗਵੰਤ, ਤੇਰੀ ਬੇਪਰਵਾਹੀਆ । ਆਤਮ ਪਰਮਾਤਮ ਸਾਚੇ ਕੰਤ, ਸ਼ਾਹ ਪਾਤਸ਼ਾਹ ਸਚੇ ਸ਼ਹਿਨਸ਼ਾਹੀਆ । ਮੇਲ ਮਿਲਾ ਕੇ ਭਗਤ ਸੁਹੇਲੇ ਧੁਰ ਦੇ ਸੰਤ, ਸਚ ਸਤਿ ਆਪਣਾ ਆਪ ਦ੍ਰਿੜਾਈਆ । ਨਾਮ ਨਿਧਾਨਾ ਦੇ ਕੇ ਮੰਤ, ਸਚ ਮੰਤਰ ਨਾਮ ਦ੍ਰਿੜਾਈਆ । ਕੂੜੀ ਕਿਰਿਆ ਮੇਟ ਗੜ੍ਹ ਤੋੜ ਹਉਮੇ ਹੰਗਤ, ਭੇਵ ਅਭੇਦਾ ਦਏ ਖੁਲ੍ਹਾਈਆ । ਨਾਤਾ ਤੋੜ ਬਹਿਸ਼ਤ ਜੰਨਤ, ਸਚਖੰਡ ਦਵਾਰਾ ਬਖ਼ਸ਼ੇ ਸਚ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਠਾਂਡਾ ਇਕ ਸੁਹਾਈਆ ।

ਪੰਦਰਾਂ ਮੱਘਰ ਕਹੇ ਮੈਂ ਹੋਇਆ ਖ਼ੁਸ਼ਹਾਲ, ਗੀਤ ਅਗੰਮੀ ਢੋਲਾ ਗਾਈਆ । ਖੇਲ ਵੇਖਿਆ ਦੀਨ ਦਿਆਲ, ਸ੍ਰੀ ਭਗਵਾਨ ਰਿਹਾ ਦ੍ਰਿੜਾਈਆ । ਹੱਸਦੇ ਵੇਖੇ ਸ੍ਰੀ ਭਗਵਾਨ, ਬ੍ਰਹਿਮੰਡ ਖੰਡ ਪੁਰੀ ਲੋ ਖ਼ੁਸ਼ੀ ਮਨਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਚ ਤਰਾਨਾ ਇਕੋ ਗਾਣ, ਤੂਹੀ ਤੂਹੀ ਇਕੋ ਰਾਗ ਅਲਾਈਆ । ਭਵਿਖਤਾਂ ਵਾਲਾ ਵੇਖਣਾ ਬਿਆਨ, ਬਿਨਾ ਕਾਗਜ਼ ਕਿਤਾਬ ਫੋਲ ਫੁਲਾਈਆ । ਸੰਦੇਸ਼ਾ ਸੁਣ ਅਗੰਮੀ ਫ਼ਰਮਾਣ, ਨਿਉਂ ਨਿਉਂ ਅੱਖ ਉਠਾਈਆ । ਵਕਤ ਸੁਹੰਵਣਾ ਹੋਇਆ ਵਿਚ ਜਹਾਨ, ਸੋਹਣੀ ਵੱਜੀ ਵਧਾਈਆ । ਭਗਤ ਭਗਵਾਨ ਮੇਲਾ ਮਿਲਿਆ ਆਣ, ਅੰਦਰ ਬਾਹਰ ਖ਼ੁਸ਼ੀ ਮਨਾਈਆ । ਭਗਤ ਸੁਹੇਲਾ ਰਿਹਾ ਨਾ ਕੋਇ ਨਿਧਾਨ, ਨਿਝ ਨੇਤਰ ਕਰੇ ਰੁਸ਼ਨਾਈਆ । ਸਾਚੇ ਨਾਮ ਦਾ ਦੇ ਕੇ ਗਿਆਨ, ਰਾਮ ਇਕੋ ਦਿਤਾ ਵਖਾਈਆ । ਧੁਰ ਦਾ ਮਾਲਕ ਦੱਸ ਕੇ ਕਾਹਨ, ਬੰਸਰੀ ਇਕੋ ਧੁਨ ਸੁਣਾਈਆ । ਪੈਗ਼ੰਬਰਾਂ ਵਾਲਾ ਦੇ ਪੈਗ਼ਾਮ, ਬਿਨ ਅੱਖਰਾਂ ਕਰੀ ਪੜ੍ਹਾਈਆ । ਸਚ ਦਵਾਰਾ ਵਖਾ ਕੇ ਧਾਮ, ਧਰਮ ਦਵਾਰ ਵੱਜੀ ਵਧਾਈਆ । ਮਸਤ ਖ਼ੁਮਾਰੀ ਪਿਆ ਕੇ ਜਾਮ, ਜਾਮਨ ਹੋ ਕੇ ਹੋਇਆ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ ।

ਪੰਦਰਾਂ ਮੱਘਰ ਕਹੇ ਮੈਂ ਦੇਵਾਂ ਸਚ ਫ਼ਰਮਾਣ, ਫੁਰਨੇ ਵਿਚੋਂ ਫੁਰਨਾ ਇਕ ਜਣਾਈਆ । ਜਨ ਭਗਤਾਂ ਸੇਵਾ ਸਚ ਮਹਾਨ, ਮਹਿੰਮਾ ਕਥ ਕਥ ਦ੍ਰਿੜਾਈਆ । ਪ੍ਰੇਮ ਪਿਆਰ ਦਾ ਸਚਾ ਧਿਆਨ, ਨਾਤਾ ਇਕੋ ਨਾਲ ਜੁੜਾਈਆ । ਢੋਲਾ ਗਾ ਕੇ ਵਿਸ਼ਨੂੰ ਭਗਵਾਨ, ਸੋਹੰ ਸੋ ਵਿਚ ਸਮਾਈਆ । ਜਗਤ ਕੂੜਾ ਛੱਡ ਅਰਾਮ, ਆਤਮ ਸੁਖ ਵੱਜੇ ਵਧਾਈਆ । ਮਨ ਵਾਸਨਾ ਨਾ ਹੋਏ ਗੁਲਾਮ, ਜਗਤ ਜੰਜ਼ੀਰ ਨਾ ਕੋਇ ਬੰਧਾਈਆ । ਜਲਵਾ ਤੱਕ ਕੇ ਇਕ ਅਮਾਮ, ਨੂਰ ਜਹੂਰ ਇਕ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਚੀ ਸਰਨਾਈਆ ।

ਪੰਦਰਾਂ ਮੱਘਰ ਕਹੇ ਮੈਂ ਵੇਖੇ ਭਗਤ ਸੁਹੇਲੇ ਮੀਤ ਮੁਰਾਰ, ਸੱਜਣ ਧੁਰ ਦੇ ਨਜ਼ਰੀ ਆਈਆ । ਜਿਨ੍ਹਾਂ ਦਾ ਸਭ ਤੋਂ ਵੱਖਰਾ ਵਿਵਹਾਰ, ਵਿਵਹਾਰੀ ਹੋ ਕੇ ਸੇਵ ਕਮਾਈਆ । ਖੇਲ ਤੱਕ ਇਕ ਤੋਂ ਦੋ ਦੋ ਤੋਂ ਚਾਰ, ਚਾਰ ਕੁੰਟ ਗਏ ਭੁਲਾਈਆ । ਦਰਸ਼ਨ ਕਰ ਕੇ ਦੀਦ ਦੀਦਾਰ, ਦਰਦ ਆਪਣਾ ਗਏ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਰਿਹਾ ਚੁਕਾਈਆ ।

ਪੰਦਰਾਂ ਮੱਘਰ ਕਹੇ ਮੈਂ ਵੇਖੀ ਅਜਬ ਕਹਾਣੀ, ਲੇਖਾ ਲਿਖਤ ਨਾ ਕੋਇ ਸਮਝਾਈਆ । ਜਨ ਭਗਤਾਂ ਅੰਦਰ ਸੁਣੀ ਅਗੰਮੀ ਬਾਣੀ, ਬਾਣ ਨਿਰਾਲਾ ਤੀਰ ਲਗਾਈਆ । ਪ੍ਰੇਮ ਪਿਆਰ ਦਾ ਚੁੱਕ ਕੇ ਪਾਣੀ, ਭੱਜਣ ਵਾਹੋ ਦਾਹੀਆ । ਅਚਰਜ ਖੇਲ ਵੇਖ ਗੁਰ ਅਵਤਾਰ ਪੈਗ਼ੰਬਰ ਹੋਏ ਹੈਰਾਨੀ, ਹੈਰਤ ਸਭ ਦੇ ਅੰਦਰ ਆਈਆ । ਨਵ ਜੋਬਨ ਨਵ ਜੁਗ ਨਵ ਰੰਗ ਦੀ ਵੇਖ ਜੁਆਨੀ, ਜੋਬਨਮਤੇ ਖ਼ੁਸ਼ੀ ਮਨਾਈਆ । ਅੰਦਰ ਤੱਕ ਕੇ ਨੂਰ ਨੁਰਾਨੀ ਲਹਿਰ ਰੁਹਾਨੀ, ਜ਼ਿਮੀ ਅਸਮਾਨ ਸੀਸ ਝੁਕਾਈਆ । ਨਜ਼ਾਰਾ ਤੱਕ ਕੇ ਪਦ ਨਿਰਬਾਨੀ, ਝਗੜਾ ਛੱਡ ਕੇ ਚਾਰੇ ਬਾਣੀ, ਚਾਰੇ ਖਾਣੀ ਡੇਰਾ ਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋਹਣਾ ਰੰਗ ਵਖਾਈਆ ।

ਪੰਦਰਾਂ ਮੱਘਰ ਕਹੇ ਮੈਂ ਵੇਖ ਕੇ ਭਗਤ ਦਵਾਰ, ਦੁਵਾਰਕਾ ਵਾਸੀ ਦਿਆਂ ਵਧਾਈਆ । ਉਠ ਵੇਖ ਕ੍ਰਿਸ਼ਨ ਮੁਰਾਰ, ਮੁਰਾਰੀ ਮੋਹਰ ਰਿਹਾ ਲਗਾਈਆ । ਜੁਗ ਚੌਕੜੀ ਜਿਸ ਦੀ ਕਾਰ, ਕਰਨੀ ਕਰਤਾ ਇਕ ਅਖਵਾਈਆ । ਨਿਰਗੁਣ ਸਰਗੁਣ ਖੇਲ ਅਪਾਰ, ਅਪਰੰਪਰ ਵੇਸ ਵਟਾਈਆ । ਸੰਤ ਸੁਹੇਲੇ ਲਏ ਉਭਾਰ, ਨਿੱਤ ਨਵਿਤ ਜੋੜ ਜੁੜਾਈਆ । ਅੰਦਰ ਬਾਹਰ ਪਾਵੇ ਸਾਰ, ਗੁਪਤ ਜਾਹਰ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਚੀ ਸਰਨਾਈਆ ।

ਪੰਦਰਾਂ ਮੱਘਰ ਕਹੇ ਮੇਰਾ ਅੰਤ ਅਖੀਰੀ ਸ਼ਬਦੀ ਬੋਲ, ਸੰਦੇਸਾ ਦਿਆਂ ਜਣਾਈਆ । ਜਨ ਭਗਤੋ ਪ੍ਰਭੂ ਵਸੇ ਸਦਾ ਤੁਹਾਡੇ ਕੋਲ, ਪਰਮਾਤਮ ਆਤਮ ਅੰਤਮ ਮਿਲ ਕੇ ਖ਼ੁਸ਼ੀ ਮਨਾਈਆ । ਜਗਤ ਵਡਿਆਈ ਉਪਰ ਧੌਲ, ਸਚਖੰਡ ਦਵਾਰੇ ਸਾਚਾ ਰੰਗ ਵਖਾਈਆ । ਪੂਰਬ ਜਨਮ ਦਾ ਪੂਰਾ ਕਰ ਕੇ ਕੌਲ, ਕਰਮਾਂ ਦਾ ਲਹਿਣਾ ਦਿਤਾ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ ।

ਪੰਦਰਾਂ ਮੱਘਰ ਕਹੇ ਮੈਂ ਕਹਾਂ ਸਚ ਅਖ਼ੀਰ, ਆਖ਼ਰ ਦਿਆਂ ਜਣਾਈਆ । ਪ੍ਰਭੂ ਦੇ ਹੱਥ ਭਗਤਾਂ ਦੀ ਤਕਦੀਰ, ਜਦੋਂ ਚਾਹੇ ਦੇਵੇ ਬਦਲਾਈਆ । ਅੰਦਰ ਰੱਖ ਆਪਣੀ ਤਸਵੀਰ, ਤਸਬੀਆਂ ਮਣਕਿਆਂ ਤੋਂ ਦਏ ਛੁਡਾਈਆ । ਸਚ ਦਵਾਰਾ ਵਖਾ ਕੇ ਇਕ ਅੰਮ੍ਰਿਤ ਜਾਮ ਪਿਆਏ ਸੀਰ, ਸੁਰਤ ਸ਼ਬਦ ਜੋੜ ਜੁੜਾਈਆ । ਜਿਸ ਗ੍ਰਿਹਿ ਵਸੇ ਭਗਤ ਕਬੀਰ, ਕਾਅਬਾ ਓਦੂੰ ਅਗਲਾ ਦਏ ਵਖਾਈਆ । ਜਿਥੇ ਖੇਲ ਬੇਨਜ਼ੀਰ, ਨਜ਼ਰ ਨਿਸ਼ਾਨ ਨਾ ਕੋਇ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਇਕੋ ਦਏ ਵਡਿਆਈਆ ।

ਪੰਦਰਾਂ ਮੱਘਰ ਕਹੇ ਜਗਤ ਭਗਤ ਸੱਜਣ ਸਾਚੀ ਕਾਰ, ਪਾਰਬ੍ਰਹਮ ਆਪ ਕਮਾਈਆ । ਸਚ ਆਪ ਕਰੇ ਸਤਿ ਸਤਿਵਾਦ ਵਿਵਹਾਰ, ਵੇਲਾ ਵਕਤ ਦਏ ਗਵਾਹੀਆ । ਲੇਖਾ ਜਾਣ ਦਿੱਲੀ ਦਰਬਾਰ, ਦਵਾਰ ਭਗਤਾਂ ਇਕ ਸੁਹਾਈਆ । ਸੇਵਕਾਂ ਸੇਵਾ ਵੇਖ ਅਪਾਰ, ਆਪ ਆਪਣਾ ਰੰਗ ਚੜ੍ਹਾਈਆ । ਮੰਜ਼ਲ ਰਹਿਣ ਨਾ ਦੇਵੇ ਕੋਇ ਦੁਸ਼ਵਾਰ, ਮਾਰਗ ਇਕੋ ਦਏ ਵਖਾਈਆ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਚਾਰ ਵਰਨ ਅਠਾਰਾਂ ਬਰਨ ਦੱਸੇ ਸਚ ਪਿਆਰ, ਜਾਤ ਪਾਤ ਦੀਨ ਮਜ਼੍ਹਬ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਾਗ ਭਗਤਾਂ ਭਗਤ ਦਵਾਰੇ ਵਿਚ ਰਖਾਈਆ ।

✪ ✪ ✪ ✪ ✪
✪ ✪ ✪ ✪ ✪

✪ ੫ ਚੇਤ ਸ਼ਹਿਨਸ਼ਾਹੀ ਸੰਮਤ ੨ ਹਰਿ ਭਗਤ ਦਵਾਰ ਕਿੰਗਜਵੇ ਕੈਂਪ ਧੀਰਪੁਰ ਦਿੱਲੀ-੯ ✪

ਸੰਮਤ ਸ਼ਹਿਨਸ਼ਾਹੀ ਦੋ ਕਹੇ ਮੇਰਾ ਪੰਚਮ ਚੇਤ, ਨਵ ਨੌਂ ਚਾਰ ਦਏ ਵਡਿਆਈਆ । ਪੁਰਖ ਅਕਾਲ ਦੀਨ ਦਿਆਲ ਦਾ ਖੋਲ੍ਹੇ ਭੇਤ, ਭੇਵ ਅਗਲਾ ਦਏ ਜਣਾਈਆ । ਜਨ ਭਗਤੋ ਸਭ ਤੋਂ ਪਹਿਲੋਂ ਸਾਖਿਆਤ ਤੱਕੋ ਨੇਤ ਨੇਤ, ਨਿੱਤ ਨਵਿਤ ਦਾ ਮਾਲਕ ਬੇਪਰਵਾਹੀਆ । ਜੋ ਆਦਿ ਜੁਗਾਦਿ ਜੁਗ ਚੌਕੜੀ ਆਤਮ ਪਰਮਾਤਮ ਕਰੇ ਹੇਤ, ਪਾਰਬ੍ਰਹਮ ਬ੍ਰਹਮ ਮਾਲਕ ਇਕ ਅਖਵਾਈਆ । ਜੋ ਵਸਣਹਾਰਾ ਸਚਖੰਡ ਅਗੰਮੇ ਦੇਸ, ਲੋਕਮਾਤ ਨਿਰਗੁਣ ਜੋਤ ਕਰੇ ਰੁਸ਼ਨਾਈਆ । ਜਿਸ ਨੂੰ ਗੁਰ ਅਵਤਾਰ ਪੈਗੰਬਰ ਕਰਦੇ ਗਏ ਆਦੇਸ, ਸੀਸ ਸੱਜਦਿਆਂ ਵਿਚ ਝੁਕਾਈਆ । ਜਿਸ ਦਾ ਭਵਿਖਤ ਬਿਨ ਲਿਖਤ ਸ਼ਬਦੀ ਧਾਰ ਦੱਸ ਕੇ ਗਿਆ ਦਸਮੇਸ਼, ਗੋਬਿੰਦ ਖੋਜੀ ਖੋਜ ਖੁਜਾਈਆ । ਸੋ ਸਾਹਿਬ ਸਵਾਮੀ ਅੰਤਰਜਾਮੀ ਖੇਲ ਕਰਨਹਾਰਾ ਹਮੇਸ਼, ਹਮਸਾਜਣ ਹੋ ਕੇ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ ।

ਪੰਜ ਚੇਤ ਕਹੇ ਸੰਮਤ ਸ਼ਹਿਨਸ਼ਾਹੀ ਦੂਜਾ, ਦੁਤੀਆ ਭਾਓ ਰਹੇ ਨਾ ਰਾਈਆ । ਜਨ ਭਗਤਾਂ ਭੇਵ ਖੁਲ੍ਹੇ ਅੰਦਰੋਂ ਗੂਝਾ, ਰਮਜ਼ ਇਸ਼ਾਰਾ ਆਪ ਲਗਾਈਆ । ਗੁਰਮੁਖ ਰਹੇ ਕੋਈ ਨਾ ਸੁੱਤਾ, ਨੇਤਰ ਲੋਚਨ

ਅੱਖ ਖੁਲ੍ਹਾਈਆ । ਗੋਦ ਉਠਾਏ ਧੁਰ ਦਾ ਪਿਤਾ, ਪਤਿਪਰਮੇਸ਼ਵਰ ਗੋਦ ਉਠਾਈਆ । ਸਾਚਾ ਮਾਰਗ ਦੱਸੇ ਸੁੱਚਾ, ਸੰਜਮ ਇਕੋ ਇਕ ਸਮਝਾਈਆ । ਲੇਖਾ ਰਹੇ ਕੋਈ ਨਾ ਲੁਕਾ, ਸਨਮੁਖ ਹੋ ਕੇ ਦਏ ਦ੍ਰਿੜਾਈਆ । ਕਲਜੁਗ ਵੇਲਾ ਅੰਤਮ ਢੁਕਾ, ਪੈਂਡਾ ਆਪਣਾ ਪੰਧ ਮੁਕਾਈਆ । ਪੁਰਖ ਅਕਾਲ ਦੀਨ ਦਿਆਲ ਆਪਣੇ ਭਾਣੇ ਵਿਚ ਕਦੇ ਨਾ ਰੁਕਾ, ਨਾ ਕੋਈ ਹੁਕਮ ਮੇਟੇ ਮੇਟ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ ।

ਸੰਮਤ ਸ਼ਹਿਨਸ਼ਾਹੀ ਦੂਜਾ ਕਹੇ ਪੰਚਮ ਚੇਤ ਦਾ ਵੇਖੋ ਦਿਨ, ਰੁੱਤ ਬਦਲ ਕੇ ਗਿਆ ਆਈਆ । ਗੁਰ ਅਵਤਾਰ ਪੈਗ਼ੰਬਰ ਲਓ ਗਿਣ, ਚਾਰ ਜੁਗ ਦੇ ਬੈਠੇ ਸੀਸ ਨਿਵਾਈਆ । ਜਿਨ੍ਹਾਂ ਦਾ ਖੇਲ ਵੇਖਿਆ ਭਿੰਨ ਭਿੰਨ, ਨਿਰਗੁਣ ਸਰਗੁਣ ਕਾਰ ਕਮਾਈਆ । ਤਤਾਂ ਵਾਲਾ ਛੱਡ ਕੇ ਚਿਨ, ਚਿੰਤਾ ਜਗਤ ਵਾਲੀ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਆਪਣੀ ਕਾਰ ਕਮਾਈਆ ।

ਪੰਜ ਚੇਤ ਕਹੇ ਪ੍ਰਭ ਦਾ ਸ਼ਹਿਨਸ਼ਾਹੀ ਸੰਮਤ ਆ ਗਿਆ ਦੋ, ਦੋਹਰੀ ਧਾਰ ਰਿਹਾ ਬਣਾਈਆ । ਨਿਰਗੁਣ ਸਰਗੁਣ ਆਪੇ ਹੋ, ਹੋਕਾ ਦੇ ਕੇ ਰਿਹਾ ਸੁਣਾਈਆ । ਭਗਤ ਸੁਹੇਲੇ ਅੰਦਰ ਕਰ ਕੇ ਲੋ, ਲੋਚਣ ਆਪਣੀ ਅੱਖ ਖੁਲ੍ਹਾਈਆ । ਜਗਤ ਨਾਲੋਂ ਕਰ ਨਿਰਮੋਹ, ਮੁਹੱਬਤ ਆਪਣੇ ਨਾਲ ਬਣਾਈਆ । ਕੂੜੀ ਕਿਰਿਆ ਸਕੇ ਨਾ ਛੋਹ, ਧੁਰ ਦਾ ਮੇਲਾ ਰਿਹਾ ਜੁੜਾਈਆ । ਨਾਮ ਨਿਧਾਨਾ ਲੈ ਕੇ ਢੋਆ ਢੋ, ਸਚ ਦਵਾਰੇ ਗਿਆ ਆਈਆ । ਜਿਸ ਦਾ ਮਲਤਬ ਸਮਝੇ ਨਾ ਕੋ, ਸੋ ਸਾਹਿਬ ਦਏ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ ।

ਸ਼ਹਿਨਸ਼ਾਹੀ ਸੰਮਤ ਕਹੇ ਪੰਚ ਚੇਤ ਦਾ ਆ ਗਿਆ ਦਿਨ ਸੁਭਾਗਾ, ਦੋ ਜਹਾਨ ਵੱਜੀ ਵਧਾਈਆ । ਸ਼ਬਦ ਅਗੰਮੀ ਮਾਰੇ ਆਵਾਜ਼ਾ, ਸੁਤਿਆਂ ਰਿਹਾ ਉਠਾਈਆ । ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਤੱਕੋ ਰਾਜਨ ਰਾਜਾ, ਭੂਪਤ ਭੂਪ ਨਜ਼ਰੀ ਆਈਆ । ਆਦਿ ਜੁਗਾਦਿ ਜੁਗ ਚੌਕੜੀ ਜਿਸ ਦਾ ਨਿਰਗੁਣ ਕਾਜਾ, ਸਰਗੁਣ ਹੁਕਮੇਂ ਅੰਦਰ ਫਿਰਾਈਆ । ਸੋ ਦੋ ਜਹਾਨ ਨਿਰਵੈਰ ਹੋ ਚਲਾਏ ਜਹਾਜ਼ਾ, ਦੂਜਾ ਰੂਪ ਨਾ ਕੋਇ ਬਦਲਾਈਆ । ਕਲਜੁਗ ਅੰਤ ਸ੍ਰੀ ਭਗਵੰਤ ਵੇਖਣ ਆਇਆ ਜਗਤ ਤਮਾਸ਼ਾ, ਸ਼ਾਹ ਸੁਲਤਾਨ ਆਪਣਾ ਵੇਸ ਵਟਾਈਆ । ਜਿਸ ਨੂੰ ਜੁਗ ਚੌਕੜੀ ਦੀਨ ਦੁਨੀ ਕਰਦਾ ਰਿਹਾ ਹਾਸਾ, ਹਸਤੀ ਵੇਖੋ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ ।

ਪੰਚਮ ਚੇਤ ਕਹੇ ਸੰਮਤ ਸ਼ਹਿਨਸ਼ਾਹੀ ਦੋ ਦਾ ਕੀ ਕਰਾਂ ਬਿਆਨ, ਮੇਰੀ ਚਲੇ ਨਾ ਕੋਇ ਚਤੁਰਾਈਆ । ਗੁਰ ਅਵਤਾਰ ਪੈਗ਼ੰਬਰ ਹੋਏ ਸਵਾਧਾਨ, ਆਪਣੀ ਆਪ ਲੈਣ ਅੰਗੜਾਈਆ । ਨੇਤਰ ਲੋਚਣ ਨੈਣ ਉਠਾਣ, ਬਿਨ ਅੱਖਾਂ ਅੱਖ ਖੁਲ੍ਹਾਈਆ । ਚਲੋ ਵੇਖੀਏ ਤੱਕੀਏ ਸ਼ਾਹ ਪਾਤਸ਼ਾਹ ਸ੍ਰੀ ਭਗਵਾਨ, ਜੋ ਆਦਿ ਜੁਗਾਦੀ ਪਿਤਾ ਮਾਈਆ । ਜੋ ਜੁਗ ਚੌਕੜੀ ਲਹਿਣਾ ਦੇਣਾ ਚੁਕਾਵੇ ਆਣ, ਨਿਰਗੁਣ ਹੋ ਕੇ ਫੇਰਾ ਪਾਈਆ । ਜਿਸ ਦਾ ਕੌਲ ਇਕਰਾਰ ਨਾਲ ਕ੍ਰਿਸ਼ਨਾ ਕਾਹਨ, ਕਾਇਨਾਤ ਸਮਝ ਸਕੇ ਨਾ ਰਾਈਆ । ਸੋ ਭਗਵੰਤਾ ਪਰਗਟ ਹੋਇਆ ਮਿਹਰਵਾਨ, ਮਹਿਬੂਬ ਆਪਣਾ ਵੇਸ ਵਟਾਈਆ । ਨਿਗਾਹ ਮਾਰ ਜ਼ਿਮੀਂ ਅਸਮਾਨ, ਲੇਖਾ ਜਾਣ ਦੋ ਜਹਾਨ, ਬ੍ਰਹਿਮੰਡ ਖੰਡ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਰਿਹਾ ਕਮਾਈਆ ।

ਸ਼ਹਿਨਸ਼ਾਹੀ ਸੰਮਤ ਕਹੇ ਪੰਜ ਚੇਤ ਸਭ ਤੋਂ ਵੱਡਾ ਮਾਤ, ਮਤਾ ਪ੍ਰਭ ਦੇ ਨਾਲ ਪਕਾਈਆ । ਗੁਰ

ਅਵਤਾਰ ਪੈਗ਼ੰਬਰ ਜਿਸ ਦੀ ਮੰਗਦੇ ਗਏ ਦਾਤ, ਦਾਤਾ ਦਾਨੀ ਹੋ ਕੇ ਆਪ ਵਰਤਾਈਆ । ਲੇਖਾ ਜਾਣੇ ਖੇਲ ਤਮਾਸ਼, ਖ਼ਾਲਕ ਖ਼ਲਕ ਭੇਵ ਖੁਲ੍ਹਾਈਆ । ਜਨ ਭਗਤਾਂ ਪੂਰੀ ਕਰੇ ਆਸ, ਆਸਾ ਤ੍ਰਿਸ਼ਨਾ ਰਹੇ ਨਾ ਰਾਈਆ । ਸਚ ਦਵਾਰੇ ਦੇਵਣਹਾਰ ਸ਼ਾਬਾਸ਼, ਮਿਹਰ ਨਜ਼ਰ ਇਕ ਉਠਾਈਆ । ਜੋ ਭਵਿਖਤਾਂ ਵਿਚ ਗਿਆ ਆਖ, ਅੰਤਮ ਓਹੋ ਪੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਬੇਪਰਵਾਹੀਆ ।

ਪੰਚ ਚੇਤ ਕਹੇ ਸੰਮਤ ਸ਼ਹਿਨਸ਼ਾਹੀ ਦੋ ਗਿਆ ਆ, ਆਗਮਨ ਵਿਚ ਸਾਰੇ ਖ਼ੁਸ਼ੀ ਮਨਾਈਆ । ਪੁਰਖ ਅਕਾਲ ਦੀਨ ਦਿਆਲ ਦਇਆ ਕਮਾ, ਮਿਹਰ ਨਜ਼ਰ ਇਕ ਉਠਾਈਆ । ਸਚ ਦਵਾਰਾ ਇਕ ਸੁਹਾ, ਸੋਭਾਵੰਤ ਵੇਖ ਵਖਾਈਆ । ਜਿਸ ਦਾ ਭੇਵ ਜਾਣੇ ਕੋਈ ਨਾ, ਸੋ ਪੜਦਾ ਰਿਹਾ ਉਠਾਈਆ । ਜਿਸ ਦਾ ਲੱਭੇ ਨਾ ਕੋਇ ਨਿਸ਼ਾਨ, ਸੋ ਨਿਸ਼ਾਨੇ ਰਿਹਾ ਗਡਾਈਆ । ਜਿਸ ਦਾ ਸਮਝੇ ਨਾ ਕੋਇ ਈਮਾਨ, ਸੋ ਅਮਲ ਆਪਣਾ ਨਾਮ ਗਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ ।

ਪੰਜ ਚੇਤ ਕਹੇ ਮੈਂ ਕਰਾਂ ਖ਼ਬਰਦਾਰ, ਸ਼ਬਦ ਅਗੰਮੀ ਢੋਲਾ ਗਾਈਆ । ਜਨ ਭਗਤੋ ਆਪਣਾ ਵੇਖੋ ਸਚਾ ਘਰ ਬਾਰ, ਜੋ ਘਰਾਨੇ ਰਿਹਾ ਬਣਾਈਆ । ਜਿਸ ਦਾ ਰਾਹ ਤੱਕਦੇ ਗਏ ਜੁਗ ਚਾਰ, ਚੌਕੜ ਅੱਖ ਖੁਲ੍ਹਾਈਆ । ਭਿਛਿਆ ਮੰਗਦੇ ਗਏ ਗੁਰ ਅਵਤਾਰ, ਪੈਗ਼ੰਬਰ ਝੋਲੀਆਂ ਡਾਹੀਆ । ਸੋ ਦੇਵਣਹਾਰ ਦਾਤਾਰ, ਆਪਣੀ ਦਇਆ ਕਮਾਈਆ । ਜਿਸ ਦਾ ਲੇਖਾ ਸਿਫ਼ਤ ਤੋਂ ਬਾਹਰ, ਸਿਫ਼ਤ ਕਰੇ ਨਾ ਕਲਮ ਸ਼ਾਹੀਆ । ਰਸਨਾ ਸਕੇ ਨਾ ਕੋਈ ਉਚਾਰ, ਕਥਨੀ ਕਥ ਨਾ ਕੋਇ ਵਡਿਆਈਆ । ਸੋ ਭਗਤੋ ਤੁਹਾਡਾ ਬਣਾ ਸਚਾ ਦਰਬਾਰ, ਦਿਲਾਂ ਦਾ ਯਾਰ ਨਜ਼ਰੀ ਆਈਆ । ਜਿਸ ਨੂੰ ਕਿਤੋਂ ਨਾ ਲੱਭਿਆ ਪਿਆਰ, ਤਿਸ ਮਿਹਰ ਮੁਹੱਬਤ ਝੋਲੀ ਪਾਈਆ । ਜਿਸ ਦਾ ਨਿਸ਼ਾਨਾ ਰਹੇ ਸਦਾ ਜੁਗ ਚਾਰ, ਨਾ ਕੋਈ ਮੇਟੇ ਮੇਟ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ ।

ਪੰਜ ਚੇਤ ਕਹੇ ਦਿੱਲੀ ਦਰਬਾਰ ਦਾ ਵੇਖੋ ਤਖ਼ਤ, ਤਖ਼ਤਾ ਦੀਨ ਦੁਨੀ ਉਲਟਾਈਆ । ਸ਼ਬਦ ਅਗੰਮੀ ਇਕੋ ਸਖ਼ਤ, ਸਖ਼ਤੀ ਨਾਲ ਭੁਗਤਾਈਆ । ਦੂਜਾ ਰਹਿਣ ਨਹੀਂ ਦੇਣਾ ਵਕਤ, ਵੇਲਾ ਦਏ ਗਵਾਹੀਆ । ਹੋਏ ਖੁਆਰੀ ਜਗਤ, ਜਾਗਰਤ ਜੋਤ ਹੁਕਮ ਜਣਾਈਆ । ਸਾਂਤਕ ਸਤਿ ਰਹੇ ਜਨ ਭਗਤ, ਭਗਵਨ ਦਇਆ ਕਮਾਈਆ । ਗੁਰ ਅਵਤਾਰਾਂ ਪੂਰੀ ਕਰ ਕੇ ਲਿਖਤ, ਲੱਖਾਂ ਤੋਂ ਖ਼ਾਕ ਦਏ ਬਣਾਈਆ । ਗੁਰਮੁਖਾਂ ਖੋਲ੍ਹ ਕੇ ਅੰਦਰੋਂ ਦ੍ਰਿਸ਼ਟ, ਦ੍ਰਿਸ਼ਟੀ ਦਏ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵੇ ਮਾਣ ਵਡਿਆਈਆ ।

ਦਿੱਲੀ ਦਰਬਾਰ ਦਾ ਤੱਕੋ ਸਿੰਘਾਸਣ, ਸਿੰਘ ਆਸਣ ਨਜ਼ਰੀ ਆਈਆ । ਜਿਸ ਨੂੰ ਕਹਿੰਦੇ ਪੁਰਖ ਅਬਿਨਾਸ਼ਨ, ਉਹ ਪੁਰਖਾਂ ਤੋਂ ਪਰੇ ਬੈਠਾ ਡੇਰਾ ਲਾਈਆ । ਖੇਲੇ ਖੇਲ ਖੇਲ ਤਮਾਸ਼ਨ, ਹੁਕਮੀ ਹੁਕਮ ਆਪ ਸਮਝਾਈਆ । ਜਨ ਭਗਤਾਂ ਦੱਸੇ ਅਗੰਮੀ ਗਾਥਨ, ਨਿਰਗੁਣ ਨਿਰਵੈਰ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ ।

ਦਿੱਲੀ ਸਿੰਘਾਸਣ ਕਹੇ ਮੈਂ ਸੋਹਿਆ ਭਗਤ ਦਵਾਰ, ਭਾਗ ਬਣਿਆ ਬੇਪਰਵਾਹੀਆ । ਪਹਿਲਾ ਹੁਕਮ ਦਿਓ ਸੰਸਾਰ, ਸਚ ਸੰਦੇਸ਼ਾ ਇਕ ਅਲਾਈਆ । ਸੰਤ ਜਗਤ ਕਰੋ ਖ਼ਬਰਦਾਰ, ਬੇਅੰਤ ਹੱਥ ਵਡਿਆਈਆ ।

ਲੇਖਾ ਲਿਖ ਕੇ ਭੇਜੋ ਵਾਰੋ ਵਾਰ, ਆਇਆ ਧੁਰ ਦਾ ਇਕੋ ਮਾਹੀਆ । ਜਗਤ ਸੁਹੇਲੇ ਹੋ ਜਾਓ ਖ਼ਬਰਦਾਰ, ਬੇਖ਼ਬਰਾਂ ਖ਼ਬਰ ਪੁਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ ।

ਪੰਜ ਚੇਤ ਕਹੇ ਅੱਜ ਦਾ ਲਿਖ ਦਿਓ ਲੇਖ ਅਵੱਲਾ, ਆਲਮ ਸਮਝ ਕੋਇ ਨਾ ਪਾਈਆ । ਪੁਰਖ ਅਬਿਨਾਸ਼ੀ ਇਕ ਇਕੱਲਾ, ਕਲਜੁਗ ਕਾਇਆ ਰਿਹਾ ਬਦਲਾਈਆ । ਸਾਧ ਸੰਤ ਜਗਤ ਵਾਸਨਾ ਜੋ ਰਲ ਕੇ ਮਾਰਨ ਹੱਲਾ, ਕਿਸੇ ਦੀ ਚਲਣ ਨਾ ਦੇਵੇ ਚਤੁਰਾਈਆ । ਸ਼ਾਹ ਸੁਲਤਾਨ ਫੜਾਏ ਮੂਲ ਨਾ ਪੱਲਾ, ਭਰਮੇ ਵਿਚ ਭਰਮ ਲੋਕਾਈਆ । ਸਹਿਜ ਸੁਭਾਉ ਸ਼ਹਿਨਸ਼ਾਹੀ ਸੰਮਤ ਦੋ ਆ ਗਿਆ ਦਵਾਰੇ ਸਚ ਮਹੱਲਾ, ਪੜਦਾ ਉਹਲਾ ਰਿਹਾ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਕਾਰ ਆਪ ਕਮਾਈਆ ।

ਪੰਜ ਚੇਤ ਕਹੇ ਮੇਰਾ ਸੰਦਸ਼ਾ ਦੇ ਦਿਓ ਰਾਸ਼ਟਰਪਤ, ਨੌਂ ਚੇਤ ਨੂੰ ਘਰ ਘਰ ਹੋਏ ਸ਼ਨਵਾਈਆ । ਪੁਰਖ ਅਕਾਲ ਪਰਤ ਕੇ ਆ ਗਿਆ ਵਤ, ਜੋ ਬੇਵਤਨਾਂ ਤੋਂ ਵਤਨ ਕਰਾਈਆ । ਸ਼ਬਦ ਅਗੰਮੀ ਲਾਵੇ ਸੱਟ, ਸਿੱਟੇਬਾਜ਼ੀ ਵੇਖੇ ਜਗਤ ਲੋਕਾਈਆ । ਚਾਰ ਕੁੰਟ ਦਹਿ ਦਿਸ਼ਾਂ ਜਿਧਰ ਚਾਹੋ ਲਓ ਨੱਠ, ਬਿਨਾ ਪੁਰਖ ਅਕਾਲ ਨਾ ਕੋਇ ਸਰਨਾਈਆ । ਹੁਕਮੇ ਅੰਦਰ ਸਭ ਨੂੰ ਲੌਣਾ ਫੱਟ, ਨਾ ਕੋਈ ਮੇਟੇ ਮੇਟ ਮਿਟਾਈਆ । ਮਿਸਲ ਮਸ਼ਹੂਰ ਮੱਛੀ ਮੁੜਦੀ ਪੱਥਰ ਚੱਟ, ਸੋ ਵੇਲਾ ਗਿਆ ਆਈਆ । ਦਿੱਲੀ ਦਰਬਾਰ ਆਣ ਕੇ ਖੋਲ੍ਹ ਦਿਤਾ ਸਚਾ ਹੱਟ, ਸਚ ਵਣਜਾਰਾ ਬਣਿਆ ਬੇਪਰਵਾਹੀਆ । ਦੂਸਰ ਵਸਤ ਕਿਸੇ ਰਹਿਣ ਨਹੀਂ ਦੇਣੀ ਹੱਥ, ਸਾਧਾਂ ਸੰਤਾਂ ਦਿਓ ਸੁਣਾਈਆ । ਰਾਜ ਰਾਜਾਨ ਸ਼ਾਹ ਸੁਲਤਾਨ ਪਰਧਾਨ ਸਾਰੇ ਕਰਨੇ ਵਸ, ਪ੍ਰੈਜੀਡੈਂਟ ਅਡੈਂਟੀ ਕਾਰਡਾਂ ਉਤੇ ਜਗਤ ਫਿਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਸਮਝਾਈਆ ।

ਪੰਜ ਚੇਤ ਕਹੇ ਖ਼ਬਰ ਦੇ ਦਿਉ ਪਰਧਾਨ ਮੰਤਰੀ, ਜਗਤ ਮੰਤਰ ਕੰਮ ਕਿਸੇ ਨਾ ਆਈਆ । ਸਮਝ ਸਕੇ ਨਾ ਕੋਈ ਪੰਡਤਾਂ ਵਾਲੀ ਪੱਤਰੀ, ਨੈਣ ਨਜ਼ਰ ਆਵੇ ਨਾ ਬੇਪਰਵਾਹੀਆ । ਧੁਰ ਦਾ ਹੁਕਮ ਨਾ ਕਦੀ ਲਿਖਿਆ ਗਿਆ ਨਿਰਅੱਖਰੀ, ਫ਼ਰਮਾਣੇ ਵਿਚ ਜਣਾਈਆ । ਜੋ ਤੋਲਣਹਾਰਾ ਦੋ ਜਹਾਨ ਬਿਨਾਂ ਤੱਕੜੀ, ਕੰਡਾ ਇਕੋ ਇਕ ਉਠਾਈਆ । ਝਗੜਾ ਪੈਂਦਾ ਸ਼ੂਦਰ ਵੈਸ਼ ਬ੍ਰਾਹਮਣ ਸ਼ਤਰੀ, ਸ਼ਤਰੂ ਸਾਰੇ ਦੇਣੇ ਬਣਾਈਆ । ਸਿਆਸਤ ਰਹਿ ਜਾਏ ਹਕੜੀ ਬਕੜੀ, ਹੁਕਮ ਚਲੇ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਨਾ ਇਕ ਦ੍ਰਿੜਾਈਆ ।

ਧੁਰ ਸੰਦੇਸ਼ਾ ਦੇ ਦਿਓ ਮਨਿਸਟਰ ਹੋਮ, ਧੁਰ ਦਾ ਹੁਕਮ ਹੁਕਮ ਮਨਾਈਆ । ਪੁਰਖ ਅਕਾਲ ਨੇ ਵਸ ਕਰ ਲਿਆ ਆਪਣੇ ਓਮ, ਵਿਸ਼ਨ ਬ੍ਰਹਮਾ ਸ਼ਿਵ ਦੀ ਚਲੇ ਨਾ ਕੋਇ ਚਤੁਰਾਈਆ । ਦੂਜਾ ਰਹਿਣ ਨਹੀਂ ਦੇਣਾ ਦੋਮ, ਦਵੈਤ ਭਾਵਨਾ ਬਾਹਰ ਕਢਾਈਆ । ਤੀਜਾ ਹੋਰ ਨਾ ਕੋਈ ਸੋਮ, ਸਵੰਬਰ ਇਕੋ ਦੇਣਾ ਰਚਾਈਆ । ਸ਼ਬਦੀ ਤੇਜ ਨਾਲ ਕਰਨੇ ਮੋਮ, ਵਜੂਦ ਸਾਰੇ ਜਾਣ ਬਦਲਾਈਆ । ਪੁਰਖ ਅਕਾਲ ਦੀ ਇਕੋ ਦੱਸਣੀ ਆਤਮ ਕੌਮ, ਝਗੜੇ ਮਜ਼੍ਹਬਾਂ ਵਾਲੇ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੁਖ ਦੀ ਨੀਂਦੇ ਕਿਸੇ ਨਾ ਦੇਵੇ ਸੌਣ, ਸੋਹਣਾ ਹੁਕਮ ਵਰਤਾਈਆ ।

ਪੰਜ ਚੇਤ ਕਹੇ ਮੇਰਾ ਹੁਕਮ ਧੁਰ ਫ਼ਰਮਾਣਾ, ਫੁਰਤੀਆਂ ਵਿਚ ਸੁਣਾਈਆ । ਸਾਧੋ ਸੰਤੋ ਪ੍ਰਭ

ਦੇ ਸਾਹਮਣੇ ਆ ਕੇ ਦੱਸੇ ਗਾ ਕੇ ਗਾਣਾ, ਜੋ ਬਿਨ ਰਸਨਾ ਜੇਹਵਾ ਰਾਗ ਅਲਾਈਆ । ਤਿੰਨ ਚੇਤ ਤੋਂ ਲੈ ਕੇ ਪੁਰਖ ਅਬਿਨਾਸ਼ੀ ਬਦਲ ਲਿਆ ਆਪਣਾ ਟਿਕਾਣਾ, ਭੂਮਿਕਾ ਸਮਝ ਕਿਸੇ ਨਾ ਆਈਆ । ਤਖ਼ਤ ਨਿਵਾਸੀ ਬਣ ਕੇ ਧੁਰ ਦਾ ਰਾਣਾ, ਮੁਕਾਮੇ ਹੱਕ ਸੋਭਾ ਪਾਈਆ । ਭਰਮ ਵਿਚ ਰਹੇ ਨਾ ਕੋਇ ਅੰਞਾਣਾ, ਬੋਧ ਨਾਲ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਨੀ ਕਰਤਾ ਕਾਰ ਕਮਾਈਆ ।

ਪੰਜ ਚੇਤ ਕਹੇ ਮੈਂ ਆਇਆ ਦਿੱਲੀ ਦਰਬਾਰ, ਦਵਾਰਾ ਇਕੋ ਦੇਣਾ ਸੁਹਾਈਆ । ਸਭ ਨੂੰ ਵੇਖਣਾ ਚੜ੍ਹ ਕੇ ਮੰਜ਼ਲ ਮਨਾਰ, ਪੜਦਾ ਪੜਦਿਆਂ ਵਿਚੋਂ ਉਠਾਈਆ । ਮਨ ਵਾਸਨਾ ਦਾ ਰਹਿਣ ਨਹੀਂ ਦੇਣਾ ਜੈਕਾਰ, ਜੈਕਾਰ ਜਗਤ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ ।

ਪੰਜ ਚੇਤ ਕਹੇ ਮੈਂ ਦੱਸਣਹਾਰਾ ਸਤਿ ਸਚ, ਸਹਿਜ ਨਾਲ ਜਣਾਈਆ । ਪੁਰਖ ਅਕਾਲ ਦੀਨ ਦਿਆਲ ਜਨ ਭਗਤਾਂ ਅੰਦਰ ਗਿਆ ਰਚ, ਰਚਨਾ ਆਪਣੀ ਅਵਰ ਵਖਾਈਆ । ਚਰਨ ਕਵਲ ਦੇ ਕੇ ਬ੍ਰਹਮ ਮਤ, ਬਿਨ ਵਿਦਿਆ ਕਰੇ ਪੜ੍ਹਾਈਆ । ਬਿਨ ਅੱਖਾਂ ਖੋਲ੍ਹ ਕੇ ਅੱਖ, ਨੇਤਰ ਨੇਤਰ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ ।

ਸੁਣੋ ਹੁਕਮ ਪੁਰਖ ਅਕਾਲ, ਅਕਲ ਕਲਧਾਰੀ ਰਿਹਾ ਜਣਾਈਆ । ਅਖ਼ੀਰੀ ਸੰਦੇਸ਼ਾ ਬਾਗ਼ ਦਿਆਲ, ਬਾਗ਼ਵਾਨ ਧੁਰ ਦਾ ਰਿਹਾ ਜਣਾਈਆ । ਸ਼ਬਦ ਅੰਦਰ ਜਾਗਣਾ ਸੰਤ ਕਿਰਪਾਲ, ਸਿੰਘ ਰਿਹਾ ਉਠਾਈਆ । ਮੁਨੀ ਸੁਸ਼ੀਲ ਮਾਰ ਧਿਆਨ, ਗਿਆਨ ਦੇਵੇ ਬੇਪਰਵਾਹੀਆ । ਨਿਰੰਕਾਰ ਨਿਰੰਕਾਰ ਨਿਰੰਕਾਰ ਕੋਲੋਂ ਪੁੱਛੇ ਸਚ ਭੂਮਿਕਾ ਅਸਥਾਨ, ਬਿਨ ਛੱਪਰ ਛੰਨ ਦੇਣਾ ਦ੍ਰਿੜਾਈਆ । ਮਹੀਨਾ ਅੱਸੂ ਭੱਜਿਆ ਔਂਦਾ ਵਿਚ ਜਹਾਨ, ਆਪਣਾ ਪੰਧ ਮੁਕਾਈਆ । ਫੇਰ ਖੇਲ ਕਰਨਾ ਸ੍ਰੀ ਭਗਵਾਨ, ਦਰ ਦਰ ਜਾ ਕੇ ਪੁੱਛੇ ਥਾਉਂ ਥਾਈਂਆ । ਕਿਸੇ ਨੂੰ ਲੁਕਣ ਨਾ ਦੇਵੇ ਹੁਕਮ ਫ਼ਰਮਾਨ, ਫੁਰਨਿਆਂ ਵਿਚੋਂ ਫੜ ਕੇ ਬਾਹਰ ਕਢਾਈਆ । ਵਿਦਿਆ ਵਾਲੀ ਚਲਣ ਨਾ ਦੇਵੇ ਕਲਾਮ, ਅਗੰਮਤਾ ਵਿਚੋਂ ਅਗੰਮਤਾ ਲਏ ਪਰਗਟਾਈਆ । ਆਦਿ ਜੁਗਾਦਿ ਜੁਗ ਚੌਕੜੀ ਗੁਰੂਆਂ ਵਿਚੋਂ ਸਤਿਗੁਰ ਦਾ ਝੂਲਦਾ ਇਕ ਨਿਸ਼ਾਨ, ਨਿਸ਼ਾਨਿਆਂ ਦੇ ਨਿਸ਼ਾਨੇ ਗਏ ਗਵਾਈਆ । ਸੋ ਚੜ੍ਹ ਗਿਆ ਜ਼ਿਮੀ ਤੋਂ ਉਤੇ ਅਸਮਾਨ, ਅਸਮਾਨਾਂ ਦੇ ਉਤੇ ਮਿਹਰਵਾਨ ਦਏ ਵਖਾਈਆ । ਸਭ ਨੂੰ ਮੰਨਣੀ ਪਏ ਏਸਦੀ ਆਣ, ਜੋ ਆਪਣਾ ਰੰਗ ਰਿਹਾ ਵਖਾਈਆ । ਸਚਿਆਈ ਦਾ ਸਭ ਨੂੰ ਹੋਣਾ ਪਏ ਗੁਲਾਮ, ਬੁਰਿਆਈ ਦੀ ਲੋੜ ਨਾ ਕੋਇ ਰਖਾਈਆ । ਨੌਂ ਸੌ ਚੁਰਾਨਵੇ ਜੁਗ ਚੌਕੜੀ ਪੁਰਖ ਅਕਾਲ ਹੁੰਦਾ ਰਿਹਾ ਬਦਨਾਮ, ਕਲਜੁਗ ਅੰਤਮ ਤੇਰਾ ਨੂਰ ਕਰਾਂ ਰੁਸ਼ਨਾਈਆ । ਪਰਗਟ ਹੋ ਕੇ ਜੋਧਾ ਸੂਰਬੀਰ ਬਲਵਾਨ, ਬਲੀਆਂ ਦੇ ਬਲ ਦੇਵੇ ਖਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੁਕਮੇਂ ਅੰਦਰ ਹੁਕਮ ਦਏ ਪਰਗਟਾਈਆ ।

ਨਿਸ਼ਾਨਾ ਕਹੇ ਮੈਂ ਚੜ੍ਹ ਗਿਆ ਓਸ ਦਰਬਾਰ, ਜਿਸ ਦਵਾਰ ਦਾ ਭੇਵ ਕੋਇ ਨਾ ਪਾਈਆ । ਜਿਸ ਨੂੰ ਡੰਡੌਤ ਬੰਧਨਾ ਕਰਦੇ ਗੁਰ ਅਵਤਾਰ, ਪੈਗ਼ੰਬਰ ਸੀਸ ਝੁਕਾਈਆ । ਅੰਤ ਬਦਲ ਕੇ ਆ ਗਈ ਓਸ ਦੀ ਵਾਰ, ਜਿਸ ਦੀ ਵਾਰਤਾ ਗਾ ਗਾ ਸਾਰੇ ਝੱਟ ਗਏ ਲੰਘਾਈਆ । ਲੇਖਾ ਲਿਖ ਲਿਖ ਗਏ ਵਿਚ ਸੰਸਾਰ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਦਏ ਗਵਾਹੀਆ । ਓਸ ਨੇ ਮਹੀਨੇ ਅੱਸੂ ਵਿਚ ਸਾਰਿਆਂ ਦੇ ਕੱਢ ਦੇਣੇ ਇਸ਼ਤਹਾਰ, ਹੋਏ ਵਰੰਟ ਕੱਢ ਕੇ ਵਾਰੰਟ ਆਪਣੀ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਨਾ ਇਕ ਸਮਝਾਈਆ ।

ਧੁਰ ਫ਼ਰਮਾਨਾ ਕਹੇ ਮੈਂ ਬਲੀ ਬਲਧਾਰੀ, ਬਲ ਸਭ ਦਾ ਵੇਖ ਵਖਾਈਆ । ਆਦਿ ਜੁਗਾਦਿ ਜੁਗ ਚੌਕੜੀ ਸਦਾ ਜੋਤ ਜਗੇ ਇਕ ਨਿਰੰਕਾਰੀ, ਬਹੁਤੇ ਨਿਰੰਕਾਰ ਕੰਮ ਕਿਸੇ ਨਾ ਆਈਆ । ਸਭ ਦੀ ਇਕ ਨਾਲ ਪੱਕੀ ਰਹੇ ਯਾਰੀ, ਦੁਹਾਗਣਾਂ ਵਾਲੇ ਯਾਰਾਨੇ ਸਾਰੇ ਗਏ ਤੁੜਾਈਆ । ਇਹ ਖੇਲ ਅਗੰਮ ਅਪਾਰੀ, ਪਾਰਬ੍ਰਹਮ ਪਤਿਪਰਮੇਸ਼ਵਰ ਆਪਣਾ ਹੁਕਮ ਮਨਾਈਆ । ਜਨ ਭਗਤਾਂ ਦੇ ਕੇ ਧੁਰ ਦੀ ਸਚੀ ਸਰਦਾਰੀ, ਸਦਾ ਦੇ ਦੁਖੜੇ ਦਏ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ ।

ਪੰਜ ਚੇਤ ਕਹੇ ਮੇਰਾ ਵਕਤ ਹੋਇਆ ਚਾਲੂ, ਲੋਕਮਾਤ ਵੱਜੀ ਵਧਾਈਆ । ਸਾਹਿਬ ਸਤਿਗੁਰ ਤੱਕਿਆ ਪਰਮ ਪੁਰਖ ਕਿਰਪਾਲੂ, ਕਿਰਪਾ ਨਿਧਾਨ ਬੇਪਰਵਾਹੀਆ । ਆਦਿ ਜੁਗਾਦਿ ਦੀਨਾਂ ਨਾਥ ਸਦਾ ਦਿਆਲੂ, ਗਰੀਬ ਨਿਮਾਣੇ ਆਪਣੀ ਗੋਦ ਉਠਾਈਆ । ਜੋ ਕਲਜੁਗ ਅੰਤ ਅਖ਼ੀਰ ਗੁਰਮੁਖਾਂ ਸੁਰਤ ਸੰਭਾਲੂ, ਸਭਨਾਂ ਦੇ ਜੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ ।

ਧੁਰ ਦਾ ਹੁਕਮ ਕਹੇ ਮੈਂ ਕਿਸੇ ਦੀ ਕਰਦਾ ਰਿਹਾ ਉਡੀਕ, ਪੂਰਬ ਲੇਖਾ ਵੇਖ ਵਖਾਈਆ । ਸੋ ਵੇਲਾ ਵਕਤ ਪਹੁੰਚਿਆਂ ਆਣ ਤਾਰੀਖ, ਤਰੀਕਾ ਅਗਲਾ ਦਿਆਂ ਦ੍ਰਿੜਾਈਆ । ਸਾਹਿਬ ਸਵਾਮੀ ਹੋ ਕੇ ਨਜ਼ਦੀਕ, ਦੂਰ ਦੁਰਾਡਾ ਰਿਹਾ ਸਮਝਾਈਆ । ਜਿਸ ਦੇ ਵਿਚ ਹੱਕ ਤੌਫ਼ੀਕ, ਵਾਹਿਦ ਨੂਰ ਖ਼ੁਦਾਈਆ । ਜੋ ਪੂਰੀ ਕਰੇ ਉਮੀਦ, ਕਾਮਲ ਮੁਰਸ਼ਦ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ ।

ਪੰਜ ਚੇਤ ਕਹੇ ਮੈਂ ਕਿੱਡਾ ਵੱਡਾ ਬਣਿਆ ਲੋਕਮਾਤ, ਮੱਤ ਆਪਣੀ ਦਿਤੀ ਗਵਾਈਆ । ਪੁਰਖ ਅਕਾਲ ਦੀ ਸੁਣ ਕੇ ਅਗੰਮੀ ਬਾਤ, ਮੇਰੇ ਅੰਤਰ ਵੱਜੀ ਵਧਾਈਆ । ਨਵ ਨੌਂ ਚਾਰ ਪਿਛੋਂ ਔਣ ਵਾਲੀ ਅੱਜ ਦੀ ਉਹ ਰਾਤ, ਜਿਸ ਰਾਤ ਵਿਚ ਰੁੱਤ ਗੁਰ ਅਵਤਾਰ ਪੈਗ਼ੰਬਰ ਜਾਣ ਬਦਲਾਈਆ । ਮੈਨੂੰ ਯਾਦ ਆਈ ਕਾਹਨ ਵਾਲੀ ਉਹ ਬਾਤ, ਜੋ ਬਿਨਾ ਮੁਰਲੀ ਧੁਨ ਵਿਚ ਜਣਾਈਆ । ਜਿਸ ਦਾ ਸਭ ਤੋਂ ਵੱਖਰਾ ਸੁਆਦ, ਰਸਨਾ ਜੇਹਵਾ ਨਾ ਕੋਇ ਸਮਝਾਈਆ । ਜਿਸ ਦੇ ਕਾਰਨ ਏਥੇ ਬੱਧੀ ਮੁਨਿਆਦ, ਪਿਛਲਾ ਲੇਖਾ ਬਿਨ ਕਲਮ ਸ਼ਾਹੀ ਸ਼ਹਾਦਤ ਰਿਹਾ ਭੁਗਤਾਈਆ । ਓਸ ਵੇਲੇ ਗਵਾਲਿਆਂ ਦੀ ਇੱਕੀਆਂ ਦੀ ਜਮਾਤ, ਕਾਨੇ ਦੀਆਂ ਕਲਮਾਂ ਤੇ ਮਿੱਟੀ ਦੀ ਦਵਾਤ, ਫੱਟੀ ਜ਼ਮੀਨ ਲਈ ਬਣਾਈਆ । ਤੱਕ ਕੇ ਉਪਰ ਆਕਾਸ਼, ਖ਼ੁਸ਼ੀ ਵਿਚ ਕਰ ਕੇ ਹਾਸ, ਅੰਤਰ ਕਰ ਕੇ ਆਸ, ਪਿਆਸ ਲਈ ਵਧਾਈਆ । ਜਿੰਨਾਂ ਚਿਰ ਨਾ ਮਿਲੇ ਸਰਬ ਗੁਣਤਾਸ, ਸਾਚੇ ਮੰਦਰ ਨਾ ਕਰੇ ਨਿਵਾਸ, ਨਿਰਗੁਣ ਜੋਤ ਨਾ ਹੋਏ ਪਰਕਾਸ਼, ਕੂੜੀ ਕਿਰਿਆ ਦਾ ਹੋਵੇ ਫਾਸ਼ ਫਾਸ਼, ਦੁਖੜਾ ਰੋਗ ਨਾ ਦਰਦ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਆਪਣਾ ਹੁਕਮ ਵਰਤਾਈਆ ।

ਹੁਕਮ ਕਹੇ ਮੈਂ ਤਕਿਆ ਪਿਛਲਾ ਵੇਲਾ, ਜੋ ਆਪਣਾ ਪੰਧ ਗਿਆ ਮੁਕਾਈਆ । ਪ੍ਰਭ ਤੱਕਿਆ ਸੱਜਣ ਸੁਹੇਲਾ, ਸ਼ਾਹ ਪਾਤਸ਼ਾਹ ਸਚਾ ਸ਼ਹਿਨਸ਼ਾਹੀਆ । ਜਿਸ ਦਾ ਵਕਤ ਨਾ ਹੋਏ ਦੁਹੇਲਾ, ਆਦਿ ਜੁਗਾਦਿ ਵੱਜਦੀ ਰਹੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਖੇਲ ਵੇਖ ਵਖਾਈਆ ।

ਧੁਰ ਦਾ ਖੇਲ ਕਹੇ ਮੈਂ ਬੜਾ ਖਿਲਾੜੀ, ਜੁਗ ਚੌਕੜੀ ਖੇਲ ਖਿਲਾਇੰਦਾ । ਮੈਂ ਲੇਖਾ ਜਾਣਾ ਕ੍ਰਿਸ਼ਨ ਮੁਰਾਰੀ, ਜੋ ਮੁਰਲੀ ਮਨੋਹਰ ਆਪ ਸੁਣਾਇੰਦਾ । ਜਿਸ ਏਥੇ ਰਾਤ ਗੁਜਾਰੀ, ਧਿਆਨ ਇਕੋ ਵਿਚ ਟਿਕਾਇੰਦਾ । ਇੱਕੀਆਂ ਦੀ ਆਈ ਵਾਰੀ, ਏਕਾ ਆਪਣਾ ਰੂਪ ਬਦਲਾਇੰਦਾ । ਅਧਰਮੀ ਆ ਗਿਆ ਇਕ ਵੈਸ਼ ਵਪਾਰੀ, ਜੋ ਪਰਸ਼ੋਤਮ ਨਾਮ ਅਖਵਾਇੰਦਾ । ਉਹ ਵੇਖ ਕੇ ਖੇਲ ਅਪਾਰੀ, ਦੂਰ ਖਲੋਤਾ ਅੱਖ ਉਠਾਇੰਦਾ । ਕ੍ਰਿਸ਼ਨ ਸਹਿਜੇ ਆਵਾਜ਼ ਮਾਰੀ, ਇਸ਼ਾਰੇ ਨਾਲ ਸਮਝਾਇੰਦਾ । ਕੁਛ ਮੰਗ ਦਰ ਤੋਂ ਭਿਖਾਰੀ, ਬਿਨਾਂ ਮੰਗਿਆਂ ਭੇਟਾ ਤੇਰੀ ਝੋਲੀ ਪਾਇੰਦਾ । ਓਸ ਕਿਹਾ ਮੇਰੀ ਓਸਦੇ ਨਾਲ ਲਾ ਦੇ ਯਾਰੀ, ਜਿਸ ਦਾ ਯਰਾਨਾ ਨਾ ਕੋਇ ਤੁੜਾਇੰਦਾ । ਇੱਕੀਆਂ ਕਿਹਾ ਤੇਰੇ ਨਾਲੋਂ ਮੰਗਣ ਦੀ ਸਾਡੀ ਪਹਿਲੋਂ ਵਾਰੀ, ਕ੍ਰਿਸ਼ਨ ਸਾਡੇ ਨਾਲ ਮਿਲ ਕੇ ਝੱਟ ਲੰਘਾਇੰਦਾ । ਰਾਤ ਬੋਲੀ ਮੈਂ ਭਿੰਨੜੀ ਰੈਣ ਸਭ ਤੋਂ ਨਿਆਰੀ, ਨਿਰਾਕਾਰ ਆਪਣਾ ਹੁਕਮ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਸਮਝਾਇੰਦਾ ।

ਇੱਕੀਆਂ ਕਿਹਾ ਸਾਡੀ ਅਰਦਾਸ, ਬੇਨੰਤੀ ਇਕ ਸੁਣਾਈਆ । ਅਸੀਂ ਸਿੱਧੇ ਵਸਣਾ ਓਸ ਦੇ ਪਾਸ, ਜਿਸਦਾ ਪਾਸਾ ਨਾ ਕੋਇ ਬਦਲਾਈਆ । ਪਰਸ਼ੋਤਮ ਕਿਹਾ ਮੈਂ ਓਸ ਦੀ ਵੇਖਣੀ ਰਾਸ, ਜੋ ਬਿਨਾਂ ਗੋਪੀਆਂ ਕਾਹਨ ਰਿਹਾ ਨਚਾਈਆ । ਮੈਂ ਤੱਕਣਾ ਉਹ ਬਾਪ, ਜੋ ਪੂਤ ਸਪੂਤੇ ਗੋਦ ਉਠਾਈਆ । ਕ੍ਰਿਸ਼ਨ ਕਿਹਾ ਉਹ ਪੁਰਖ ਅਕਾਲ ਆਪ, ਜਿਸ ਮੇਰੀ ਬਣਤ ਬਣਾਈਆ । ਜੇ ਓਸ ਨਾਲ ਜੋੜ ਲਓ ਸਾਕ, ਮੈਂ ਸਭ ਨੂੰ ਦਿਆਂ ਸਮਝਾਈਆ । ਦੁਆਪਰ ਚਲਦਾ ਰਹਿਣਾ ਤ੍ਰੈਲੋਕੀ ਦਾ ਨਾਥ, ਅਨਾਥਾਂ ਦਇਆ ਕਮਾਈਆ । ਕਲਜੁਗ ਵੇਖਣਾ ਡੂੰਘਾ ਖਾਤ, ਜਗਤ ਅੰਧੇਰਾ ਨਜ਼ਰੀ ਆਈਆ । ਝਗੜਾ ਦਿਸਦਾ ਜਾਤ ਪਾਤ, ਦੀਨ ਮਜ਼੍ਹਬ ਕਰੇ ਲੜਾਈਆ । ਅੰਤਮ ਨਿਰਗੁਣ ਜੋਤ ਪਰਗਟ ਹੋਣਾ ਪੁਰਖ ਅਬਿਨਾਸ਼, ਜੋਤੀ ਜਾਤਾ ਸ਼ਹਿਨਸ਼ਾਹੀਆ । ਉਸਨੇ ਕਰਨਾ ਖੇਲ ਤਮਾਸ਼, ਅਗੰਮ ਅਗੰਮੜੀ ਕਾਰ ਕਮਾਈਆ । ਫੇਰ ਤੁਹਾਡੀ ਪੁੱਛਣੀ ਵਾਤ, ਲੇਖਾ ਹੁਣ ਦਾ ਦਏ ਚੁਕਾਈਆ । ਲੇਖੇ ਲਾਵੇ ਅੱਜ ਦੀ ਰਾਤ, ਰੁਤੜੀ ਆਪਣੇ ਨਾਲ ਮਹਿਕਾਈਆ । ਬੱਚੇ ਕਿਹਾ ਕੀ ਉਹ ਮੇਰਾ ਹੋਵੇ ਬਾਪ, ਕ੍ਰਿਸ਼ਨ ਕਿਹਾ ਨਹੀਂ ਉਸਦਾ ਸਭ ਤੋਂ ਵਖਰਾ ਪਰਤਾਪ, ਜਿਸ ਦਾ ਆਦਿ ਅੰਤ ਲੇਖਾ ਕਹਿਣ ਕੋਇ ਨਾ ਪਾਈਆ । ਇੱਕੀਆਂ ਕਿਹਾ ਕੀ ਉਹ ਸਾਨੂੰ ਰੱਖੇ ਯਾਦ, ਯਾਦਦਾਸ਼ਤ ਵਿਚ ਟਿਕਾਈਆ । ਕ੍ਰਿਸ਼ਨ ਕਿਹਾ ਹਾਂ ਤੁਹਾਡੇ ਕਾਇਆ ਖੇੜੇ ਕਰ ਕੇ ਆਬਾਦ, ਵਾਸਤਾ ਆਪਣੇ ਨਾਲ ਬਣਾਈਆ । ਪਰਸ਼ੋਤਮ ਕਿਹਾ ਕੀ ਮੈਨੂੰ ਦੇਵੇਂ ਦਾਤ, ਵਸਤ ਅਗੰਮੀ ਇਕ ਵਰਤਾਈਆ । ਕ੍ਰਿਸ਼ਨ ਕਿਹਾ ਸੁਣ ਮੇਰੀ ਬਾਤ, ਤੈਨੂੰ ਦਿਆਂ ਜਣਾਈਆ । ਉਹ ਤੇਰੇ ਬਾਪ ਦਾ ਹੋਵੇ ਬਾਪ, ਜਿਸ ਦੀ ਸਮਝ ਕਿਸੇ ਨਾ ਆਈਆ । ਇੱਕੀਆਂ ਕਿਹਾ ਕੀ ਸਚ ਦਿਤਾ ਆਖ, ਕ੍ਰਿਸ਼ਨ ਕਿਹਾ ਆਖ, ਬਿਨ ਕਲਮ ਸ਼ਾਹੀ ਲੇਖਾ ਦਿਤਾ ਬਣਾਈਆ । ਪਰਸ਼ੋਤਮ ਕਿਹਾ ਮੇਰਾ ਓਸ ਦੇ ਨਾਲ ਜੋੜ ਦੇ ਨਾਤ, ਜਿਸ ਦਾ ਨਾਤਾ ਨਾ ਕੋਇ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ ।

ਇੱਕੀਆਂ ਕਿਹਾ ਸਾਨੂੰ ਇਸ ਵਿਚ ਦਿਸਦਾ ਕੋਈ ਧੋਖਾ, ਐਵੇਂ ਮਿਲ ਕੇ ਰਿਹਾ ਪਰਚਾਈਆ । ਕ੍ਰਿਸ਼ਨ ਕਿਹਾ ਮੈਂ ਮਾਰਗ ਦੱਸਾਂ ਸੌਖਾ, ਸਹਿਜ ਨਾਲ ਸਮਝਾਈਆ । ਜਿਸ ਵੇਲੇ ਪਰਮ ਪੁਰਖ ਦੇ ਸ਼ਹਿਨਸ਼ਾਹੀ ਸੰਮਤ ਦਾ ਆਇਆ ਮੌਕਾ, ਮੌਕੇ ਨਾਲ ਸਾਰੇ ਲਏ ਉਠਾਈਆ । ਆਪਣੇ ਨਾਮ ਦਾ ਦੇ ਕੇ ਹੋਕਾ, ਹੁਕਮ ਨਾਲ ਲਿਆਈਆ । ਹੁਣ ਤੇਰੀ ਬ੍ਰਾਹਮਣ ਮਾਟੀ ਦਾ ਪੋਚਦੇ ਚੌਂਕਾ, ਫੇਰ ਤੁਹਾਡੇ ਅੰਦਰੋਂ ਕਰੇ ਸਫ਼ਾਈਆ । ਪਰਸ਼ੋਤਮ ਤੂੰ ਹੋਵੇਂ ਓਸਦਾ ਪੋਤਾ, ਜਿਸ ਦਾ ਰੋਸਾ ਨਜ਼ਰ ਕਿਸੇ ਨਾ ਆਈਆ । ਪਰਸ਼ੋਤਮ ਕਿਹਾ ਕੀ ਪਹਿਚਾਣ ਤੇ ਕੀ ਸਲੋਕਾ, ਮੈਨੂੰ ਦੇ ਸਮਝਾਈਆ । ਓਧਰੋਂ ਮਾਲਣ ਆ ਗਈ ਦੇਂਦੀ ਹੋਕਾ, ਕੂਕ ਕੂਕ ਅਲਾਈਆ । ਇਕ ਬੁੱਢਣੀ ਨਿਕਲੀ ਅੰਦਰੋਂ ਕੋਠਾ, ਕੁੰਡਾ ਦਿਤਾ ਖੜਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲੇਖਾ ਰਿਹਾ ਦ੍ਰਿੜਾਈਆ ।

ਪੰਜ ਚੇਤ ਕਹੇ ਮੈਂ ਇਸ ਦਵਾਰ ਦੀ ਦੱਸਦਾ ਰਿਹਾ ਕਹਾਣੀ, ਜਿਸ ਦਾ ਲੇਖਾ ਨਾ ਕੋਇ ਸਮਝਾਈਆ । ਇਹ ਖੇਲ ਕੋਈ ਬਹੁਤੀ ਨਹੀਂ ਪੁਰਾਣੀ, ਦੁਆਪਰ ਦਾ ਵੇਲਾ ਯਾਦ ਕਰਾਈਆ । ਉਹ ਫੁੱਲਾਂ ਵਾਲੀ ਸਵਾਣੀ, ਪੁਰਖ ਅਕਾਲ ਆਪਣਾ ਵੇਸ ਰਹੀ ਬਦਲਾਈਆ । ਓਨ ਸਹਿਜ ਨਾਲ ਪੁਛਿਆ ਭੇਵ ਦੱਸੋ ਮਹਾਨੀ, ਬਿਨ ਮਹਿੰਮਾ ਮਹਿੰਮਾ ਦਿਓ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਸਮਝਾਈਆ ।

ਕ੍ਰਿਸ਼ਨ ਕਿਹਾ ਇਹ ਖੇਲ ਅਪਾਰ, ਮੈਂ ਸਭ ਨੂੰ ਦਿਆਂ ਸਮਝਾਈਆ । ਇੱਕੀ ਕਰੋ ਵਿਚਾਰ, ਵੇਲਾ ਵਕਤ ਦਏ ਗਵਾਹੀਆ । ਜਿਸ ਵੇਲੇ ਕਲ ਕਲਕੀ ਲੈ ਕੇ ਆਇਆ ਅਵਤਾਰ, ਨਿਰਗੁਣ ਜੋਤ ਜੋਤ ਰੁਸ਼ਨਾਈਆ । ਏਸ ਧਰਤੀ ਉਤੇ ਬਣੇ ਓਸ ਦਾ ਧਰਮ ਦਵਾਰ, ਭਗਤ ਭਗਵਾਨ ਮਿਲ ਕੇ ਖ਼ੁਸ਼ੀ ਮਨਾਈਆ । ਤੁਹਾਡਾ ਪੂਰਬ ਲਹਿਣਾ ਦੇਣਾ ਦੇਵੇ ਉਧਾਰ, ਲੇਖਾ ਆਪਣੀ ਹਥੀਂ ਦਏ ਮੁਕਾਈਆ । ਓਸ ਮਾਲਣ ਨੇ ਫੁੱਲਾਂ ਵਾਲੇ ਗੁੰਦ ਕੇ ਹਾਰ, ਕ੍ਰਿਸ਼ਨ ਦੇ ਹੱਥੀਂ ਦਿਤੇ ਪਹਿਨਾਈਆ । ਖ਼ੁਸ਼ੀਆਂ ਨਾਲ ਗਾ ਕੇ ਤਾਲ, ਢੋਲਾ ਦਿਤਾ ਸੁਣਾਈਆ । ਆਹ ਵੇਖ ਮੇਰਾ ਹਾਲ, ਬਿਰਹੋਂ ਵਿਚ ਕੁਰਲਾਈਆ । ਏਹ ਬਚਨ ਸੁਣ ਕੇ ਪਰਸ਼ੋਤਮ ਬੱਚਾ ਲਾਲ, ਨੇਤਰ ਰੋ ਕੇ ਮਾਰੇ ਧਾਹੀਆ । ਮੈਂ ਬੱਚਾ ਨਹੀਂ ਗਵਾਲ, ਜਾਤ ਆਪਣੀ ਵੰਡ ਵੰਡਾਈਆ । ਕ੍ਰਿਸ਼ਨ ਕਿਹਾ ਮੈਂ ਤੇਰੀ ਕਰਾਂ ਭਾਲ, ਭੋਲੇ ਭਾਉ ਦਿਆਂ ਵਡਿਆਈਆ । ਤੂੰ ਉਸ ਦਾ ਬਣਨਾ ਲਾਲ, ਜਿਸ ਦੇ ਲਾਲ ਚਾਰ ਵਰਨ ਦੀ ਸੇਵ ਕਮਾਈਆ । ਤੇਰਾ ਲੇਖੇ ਲੱਗੇ ਏਹ ਸਵਾਲ, ਜਵਾਬ ਮੰਗਣ ਦੀ ਲੋੜ ਰਹੇ ਨਾ ਰਾਈਆ । ਜਿਸ ਵੇਲੇ ਸ੍ਰਿਸ਼ਟੀ ਹੋਈ ਬੇਹਾਲ, ਚਾਰ ਕੁੰਟ ਦਏ ਦੁਹਾਈਆ । ਕਿਰਪਾ ਕਰੇ ਪੁਰਖ ਅਕਾਲ, ਮਿਹਰ ਨਜ਼ਰ ਇਕ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲਹਿਣਾ ਝੋਲੀ ਪਾਈਆ ।

ਭਗਤ ਦਵਾਰ ਕਹੇ ਮੈਂ ਕਿਉਂ ਬਣ ਗਿਆ ਲੋਕਮਾਤ, ਮਤਾ ਆਪਣਾ ਦਿਆਂ ਸਮਝਾਈਆ । ਮੈਨੂੰ ਯਾਦ ਦੁਆਪਰ ਦੀ ਬਾਤ, ਬਾਤਨ ਹੋ ਕੇ ਭੇਦ ਖੁਲ੍ਹਾਈਆ । ਇੱਕੀਆਂ ਨੂੰ ਦਿਤੀ ਦਾਤ, ਸੁਗੰਧ ਖਾ ਕੇ ਆਪਣੀ ਗੰਢ ਬੰਧਾਈਆ । ਬੱਚੇ ਦਾ ਜੋੜ ਕੇ ਨਾਤ, ਪਰਸ਼ੋਤਮ ਦਿਤੀ ਵਡਿਆਈਆ । ਜਿਸ ਵੇਲੇ ਆਵੇ ਪੁਰਖ ਅਬਿਨਾਸ਼, ਮੇਲਾ ਸਭ ਦਾ ਲਏ ਕਰਾਈਆ । ਅਗਲੇ ਜੁਗ ਦੀ ਝੋਲੀ ਪਾ ਕੇ ਰਾਸ, ਰਸਤਾ ਸਭ ਦਾ ਦਏ ਉਲਟਾਈਆ । ਭਗਤਾਂ ਨੂੰ ਦੇ ਕੇ ਵਿਸ਼ਵਾਸ, ਵਿਸ਼ਿਆਂ ਵਿਚੋਂ ਬਾਹਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਖੇਲ ਤਮਾਸ਼, ਪੜਦਾ ਓਹਲਾ ਦਏ ਉਠਾਈਆ ।

ਇੱਕੀਆਂ ਕਿਹਾ ਆਹ ਲੈ ਪ੍ਰਭੂ ਆਪਣੇ ਹਾਰ, ਹਿਰਦੇ ਵਿਚ ਹਰਿ ਰੂਪ ਨਜ਼ਰੀ ਆਈਆ । ਕ੍ਰਿਸ਼ਨ ਕਿਹਾ ਨਾਲ ਪਿਆਰ, ਸਿਰ ਆਪਣਾ ਹੱਥ ਟਿਕਾਈਆ । ਜਿਸ ਵੇਲੇ ਕਲਜੁਗ ਹੋਵੇ ਅੰਧ ਅੰਧਿਆਰ, ਪਰਗਟ ਹੋਵੇ ਧੁਰਦਰਗਾਹੀਆ । ਤੁਹਾਡੇ ਕੋਲੋਂ ਕਰਾਵੇ ਆਪਣਾ ਸ਼ਿੰਗਾਰ, ਸੋਹਣਾ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ ।

ਪਰਸ਼ੋਤਮ ਕਿਹਾ ਦੱਸ ਮੇਰੇ ਭਗਵਾਨ, ਮੈਂ ਆਪਣੀ ਮੰਗ ਮੰਗਾਈਆ । ਕਲਜੁਗ ਅੰਤ ਕੀ ਹੋਵੇ ਨਿਸ਼ਾਨ, ਨਿਸ਼ਾਨਾ ਦੇ ਸਮਝਾਈਆ । ਕੀ ਮੈਂ ਮਾਨਸ ਹੋਵਾਂ ਕਿ ਇਨਸਾਨ, ਬਿਰਧ ਹੋਵਾਂ ਕਿ ਜਵਾਨ, ਬਾਲੀ ਬੁੱਧ ਦੇ ਦ੍ਰਿੜਾਈਆ । ਕ੍ਰਿਸ਼ਨ ਕਿਹਾ ਪ੍ਰਭੂ ਮੇਰਾ ਮਿਹਰਵਾਨ, ਆਦਿ ਜੁਗਾਦੀ ਜਾਣੀ ਜਾਣ, ਸਦ ਵੇਖੇ ਮਾਰ ਧਿਆਨ, ਬਿਨ ਅੱਖਾਂ ਅੱਖ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ ।

ਬਾਲਾ ਕਹੇ ਆਪਣੇ ਹੁਕਮ ਦੀ ਦੱਸ ਧਾਰ, ਬਿਨ ਸੰਗ ਦੇ ਸਮਝਾਈਆ । ਕ੍ਰਿਸ਼ਨ ਕਿਹਾ ਜਿਸ ਵੇਲੇ ਕਿਰਪਾ ਕਰੇ ਨਿਰੰਕਾਰ, ਮਿਹਰ ਨਜ਼ਰ ਇਕ ਉਠਾਈਆ । ਪਰਸ਼ੋਤਮ ਤੇਰੇ ਪ੍ਰੇਮ ਦੀ ਖਿੜੇ ਗੁਲਜ਼ਾਰ, ਗੁਲਜ਼ਾਰ ਸਿੰਘ ਤੇਰਾ ਨਾਮ ਰਖਾਈਆ । ਗੱਲ ਪਾ ਕੇ ਫੁੱਲਾਂ ਦੇ ਹਾਰ, ਪੂਰਬ ਲੇਖਾ ਦਏ ਮੁਕਾਈਆ । ਅੱਗੇ ਵੇਖਣਾ ਖੇਲ ਨਿਰੰਕਾਰ, ਦੀਨ ਦੁਨੀ ਦਏ ਹਿਲਾਈਆ । ਚਾਰ ਕੁੰਟ ਰੋਵਣ ਜ਼ਾਰੋ ਜ਼ਾਰ, ਦਹਿ ਦਿਸ਼ਾ ਪਏ ਦੁਹਾਈਆ । ਸਚੀ ਰਹੇ ਨਾ ਕੋਈ ਸਰਕਾਰ, ਸਰੋਕਾਰ ਨਾ ਖ਼ਲਕ ਖ਼ੁਦਾਈਆ । ਥੋੜੇ ਭਗਤਾਂ ਉਤੇ ਰਹੇ ਬਹਾਰ, ਬਾਕੀ ਖਿਜਾਂ ਰੂਪ ਜਾਏ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਸਭ ਦਾ ਪੂਰ ਕਰਾਈਆ ।

ਲੇਖਾ ਸਭ ਦਾ ਪੂਰਾ ਹੋਣਾ, ਹੋਣੀ ਘਰ ਘਰ ਵੇਖ ਵਖਾਈਆ । ਬਿਨ ਦੁੱਖਾਂ ਤੋਂ ਸਭ ਨੇ ਰੋਣਾ, ਦੁਖੀਆਂ ਦੀ ਸੁਣੇ ਕੋਇ ਨਾ ਆਹੀਆ । ਕੋਟਾਂ ਵਿਚੋਂ ਗੁਰਮੁਖ ਵਿਰਲੇ ਭਗਤ ਸੁਹੇਲੇ ਪਰਮ ਪੁਰਖ ਨੂੰ ਪੌਣਾ, ਆਤਮ ਪਰਮਾਤਮ ਮਿਲ ਕੇ ਖ਼ੁਸ਼ੀ ਮਨਾਈਆ । ਜਨਮ ਜਨਮ ਦਾ ਕਰਮ ਕਰਮ ਦਾ ਦੁਰਮਤ ਦਾਗ਼ ਧਵੌਣਾ, ਮਨ ਕੀ ਮੈਲ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ ।

ਪੰਜ ਚੇਤ ਕਹੇ ਮੈਂ ਕੋਈ ਕਰਨ ਨਹੀਂ ਲੱਗਾ ਖ਼ੁਦੀ, ਤਕੱਬਰ ਵਿਚ ਨਾ ਕੋਇ ਵਡਿਆਈਆ । ਮੈਂ ਸਭ ਦੀ ਭਰਿਸ਼ਟ ਕਰਨੀ ਬੁਧੀ, ਬੁਧੀਵਾਨ ਰਹਿਣ ਕੋਇ ਨਾ ਪਾਈਆ । ਜਿਹੜੀ ਖੇਲ ਕਿਸੇ ਨਹੀਂ ਕੀਤੀ ਚੌਹ ਜੁਗੀ, ਉਹ ਪੁਰਖ ਅਕਾਲ ਕੋਲੋਂ ਦੇਣੀ ਵਰਤਾਈਆ । ਵਸਦੀ ਰਹੇ ਕੋਇ ਨਾ ਝੁੱਗੀ, ਅੱਗ ਲੱਗੇ ਥਾਉਂ ਥਾਈਆ । ਲੁਕਿਆ ਰਹੇ ਕੋਇ ਨਾ ਖੁੱਡੀਂ, ਖੁੱਡਿਆਂ ਵਿਚੋਂ ਬਾਹਰ ਕਢਾਈਆ । ਲਾੜੀ ਮੌਤ ਚਾਰ ਕੁੰਟ ਦਹਿ ਦਿਸ਼ਾਂ ਆਪਣੇ ਪਿਆਰ ਦੀ ਪਾਵੇ ਲੁੱਡੀ, ਵਾਂਗ ਮਲੰਗਾਂ ਨੱਚੇ ਟੱਪੇ ਕੁੱਦੇ ਚਾਈਂ ਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ ।

ਜਨ ਭਗਤੋ ਦਿੱਲੀ ਦਰਬਾਰ ਵਿਚ ਤੁਹਾਡੇ ਦਿਲਾਂ ਦਾ ਰਾਹ, ਰਹਿਬਰ ਹੋ ਕੇ ਰਸਤਾ ਦਏ ਵਖਾਈਆ । ਚੌਹਾਂ ਕੁੰਟਾਂ ਸਦਾ ਬਣਿਆ ਰਹੇ ਮਲਾਹ, ਬੇੜਾ ਆਪਣੇ ਕੰਧ ਉਠਾਈਆ । ਜਾਗਦਿਆਂ ਸੁਤਿਆਂ ਤੁਹਾਡੇ ਨਾਲ ਸ਼ਬਦੀ ਕਰੇ ਸਲਾਹ, ਅੱਖਰਾਂ ਵਾਲੀ ਕਰੇ ਨਾ ਕੋਇ ਪੜ੍ਹਾਈਆ । ਕੋਟ ਜਨਮ ਦੇ ਬਖ਼ਸ਼ ਦੇਵੇ ਗੁਨਾਹ, ਜੋ ਪ੍ਰੇਮ ਨਾਲ ਚਰਨਾਂ ਸੀਸ ਨਿਵਾਈਆ । ਅੱਜ ਤੋਂ ਬਣ ਕੇ ਦੋ ਜਹਾਨਾਂ ਦਾ ਸਚਾ ਸ਼ਹਿਨਸ਼ਾਹ, ਸਿਰ ਤੁਹਾਡੇ ਹੱਥ ਟਿਕਾਈਆ । ਹੋਕਾ ਦੇ ਦਿਉ ਥਾਂ ਥਾਂ, ਪਰਮ ਪੁਰਖ ਪਰਮਾਤਮ ਆ ਗਿਆ ਬੇਪਰਵਾਹੀਆ । ਖ਼ਬਰਦਾਰ ਹੋ ਜਾਓ ਜਿਹੜੇ ਖਾਂਦੇ ਸੂਰ ਗਾਂ, ਸਭ ਦੀ ਕਰਨੀ ਸਫ਼ਾਈਆ । ਮਾਤਲੋਕ ਵਿਚ ਉਡਣ ਨਹੀਂ ਦੇਣੇ ਵਿਸ਼ਟਾ ਫੋਲਣ ਵਾਲੇ ਕਾਂ, ਹੰਸ ਰੂਪ ਗੁਰਮੁਖ ਲੈਣੇ ਬਣਾਈਆ । ਬਿਨਾ ਭਗਤ ਤੋਂ ਜਣੇਦੀ ਕਿਸੇ ਕੰਮ ਨਹੀਂ ਔਣੀ ਮਾਂ, ਲੱਖ ਚੁਰਾਸੀ ਕੂਕਰ ਸੂਕਰ ਜਨਮਾਂ ਵਿਚ ਭੁਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਸਰਨਾਈਆ ।

ਭਗਤ ਦਵਾਰ ਕਹੇ ਕੋਈ ਨਾ ਸਮਝਿਓ ਇਹ ਘਰਾਣਾ ਨਿੱਕਾ ਜਿਹਾ ਵਿਚ ਦਿੱਲੀ, ਦਲੀਲਾਂ ਦਾ ਮਾਲਕ ਦੇਵਣਹਾਰ ਵਡਿਆਈਆ । ਤੁਹਾਨੂੰ ਕੁਛ ਪਤਾ ਹੋਣਾ ਇਹਦੇ ਵਿਚ ਕਿੰਨੀ ਇੱਟ ਲਾਈ ਪਿੱਲੀ, ਜਿਸ ਦਾ ਲੇਖਾ ਪਿਛੇ ਦਿਤਾ ਲਿਖਾਈਆ । ਏਸੇ ਸਾਲ ਵਿਚ ਸਭ ਦੀ ਸੁਰਤੀ ਕਰ ਦੇਣੀ ਢਿੱਲੀ, ਸਿਰ ਸਕੇ ਨਾ ਕੋਇ ਉਠਾਈਆ । ਕੋਈ ਰਹਿਣ ਨਹੀਂ ਦੇਣਾ ਏਧਰ ਓਧਰ ਸ਼ੇਖ਼ ਚਿੱਲੀ, ਸ਼ਰਾਰਤ ਵਾਲੇ ਸਾਰੇ ਦੇਣੇ ਖਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫੁਰਮਾਨਾ ਇਕ ਸੁਣਾਈਆ ।

ਦਿੱਲੀ ਦਰਬਾਰ ਕਹੇ ਮੇਰਾ ਵੇਖੋ ਜ਼ਰਾ ਦੱਬਾ, ਹੁਕਮ ਚਲੇ ਬੇਪਰਵਾਹੀਆ । ਸਭ ਨੂੰ ਭੁੱਲਿਆ ਚਾਚਾ ਅੱਬਾ, ਅੰਮੀ ਯਾਦ ਨਾ ਕੋਇ ਕਰਾਈਆ । ਤੋਬਾ ਹੋਈ ਹਾਏ ਰੱਬਾ, ਦੁਹਾਈ ਵਿਚ ਖ਼ੁਦਾਈਆ । ਕਾਇਆ ਖਾਲੀ ਹੋਣਾ ਸਭ ਦਾ ਡੱਬਾ, ਡੌਰੂ ਡੰਕ ਨਾ ਕੋਇ ਵਜਾਈਆ । ਏਸੇ ਕਾਰਨ ਸੱਤ ਰੰਗ ਨਿਸ਼ਾਨਾ ਗੱਡਾ, ਗੁਡਲਕ ਕਹਿਣ ਵਾਲੇ ਸਾਰੇ ਮੁੱਖ ਜਾਣ ਭੁਵਾਈਆ । ਇਹ ਝੁਲਦਾ ਰਹਿਣਾ ਸਦਾ, ਸ਼ਾਹ ਸੁਲਤਾਨਾਂ ਈਨ ਮਨਾਈਆ । ਇਸ ਦੇ ਹੁਕਮੇ ਅੰਦਰ ਗੁਰ ਅਵਤਾਰ ਪੈਗ਼ੰਬਰ ਬੱਧਾ, ਵਿਸ਼ਨ ਬ੍ਰਹਮਾ ਸ਼ਿਵ ਸੇਵ ਰਹੇ ਕਮਾਈਆ । ਜਨ ਭਗਤੋ ਤੁਹਾਡਾ ਵੱਧਣ ਲੱਗਾ ਅੱਗਾ, ਅਗਲਵਾਂਢੀ ਹੋ ਕੇ ਤੁਹਾਨੂੰ ਮਿਲੇ ਚਾਈਂ ਚਾਈਆ । ਹੁਣ ਪੂਰੇ ਸਤਿਗੁਰ ਦਾ ਬਿਨਾਂ ਰਸਨਾ ਤੋਂ ਚਖਿਓ ਮਜ਼ਾ, ਜੋ ਆਪਣਾ ਰਸ ਬਿਨਾ ਰਸਤੇ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ ।

ਦਰਬਾਰ ਕਹੇ ਮੇਰਾ ਅਸਲੀ ਵੇਲਾ ਰਾਤ ਦੇ ਸਾਢੇ ਨੌਂ, ਪੂਰਾ ਲੇਖਾ ਦਿਆਂ ਜਣਾਈਆ । ਮੈਨੂੰ ਕੁਛ ਦੀਨ ਦੁਨੀਆਂ ਨਾਲ ਗੌਂ, ਗਾਉਂ ਗਾਉਂ ਦਿਆਂ ਹਿਲਾਈਆ । ਮੈਂ ਇਕ ਉਪਜੌਣਾ ਨਾਉਂ, ਨੌ ਨੌ ਦੇਣੇ ਭੁਲਾਈਆ । ਜਨ ਭਗਤਾਂ ਫੜ ਕੇ ਬਾਹੋਂ, ਸਿਧੇ ਪੁਰਖ ਅਕਾਲ ਨਾਲ ਮਿਲਾਈਆ । ਹੋਰ ਕਿਸੇ ਦਾ ਲੱਗਣ ਨਹੀਂ ਦੇਣਾ ਦਾਓ, ਬੁੱਧੀਵਾਨਾਂ ਚਲੇ ਨਾ ਕੋਇ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ ।

ਸਾਢੇ ਨੌਂ ਕਹਿਣ ਮੈਂ ਲਿਖੌਣੀ ਅਗੰਮੀ ਇਬਾਰਤ, ਜਿਸ ਦਾ ਹਰਫ਼ ਹਰੂਫ਼ ਨਾ ਕੋਇ ਸਮਝਾਈਆ । ਥੋੜੀ ਜੇਹੀ ਅੱਧੇ ਘੰਟੇ ਲਈ ਸਾਰੀ ਦੁਨੀਆਂ ਉਤੇ ਕਰ ਦੇਣੀ ਸ਼ਰਾਰਤ, ਸ਼ਰਅ ਵਿਚ ਆਪਣੀ ਅੱਗ ਲਗਾਈਆ । ਸਾਢੇ ਬਾਰਾਂ ਸਕਿੰਟਾਂ ਵਿਚ ਜਨ ਭਗਤਾਂ ਦੀ ਕਰ ਕੇ ਸਫ਼ਾਰਸ਼, ਚਾਰ ਜੁਗ ਦੇ ਲਿਖੇ ਹੋਏ ਸਫ਼ੇ ਦੇਣੇ ਬਦਲਾਈਆ । ਸਾਢੇ ਤਿੰਨ ਹੱਥ ਦੀ ਸੋਹਣੀ ਸੁਹਾ ਕੇ ਇਮਾਰਤ, ਬਿਨ ਤੇਲ ਬੱਤੀ ਦੀਪਕ ਕਰਨਾ ਰੁਸ਼ਨਾਈਆ । ਮਨ ਦੀ ਰਹੇ ਕੋਈ ਨਾ ਸਾਜ਼ਸ਼, ਪੰਚ ਵਿਕਾਰ ਨਾ ਕੋਇ ਲੜਾਈਆ । ਤ੍ਰਿਸ਼ਨਾ ਦੀ ਮੇਟ ਦੇਣੀ ਆਤਸ਼, ਅਗਨੀ ਅੱਗ ਬੁਝਾਈਆ । ਇਕੋ ਨਾਤਾ ਜੋੜਨਾ ਆਪਣੇ ਨਾਲ ਵਾਸਤਵਕ, ਵਸਤੂ ਇਕੋ ਝੋਲੀ ਪਾਈਆ । ਢਾਈ ਮਹੀਨਿਆਂ ਪਿਛੋਂ ਝਗੜਾ ਛੇੜ ਦੇਣਾ ਵਿਚ ਨਾਸਤਕ, ਨਾਸਤਕਾਂ ਨੂੰ ਅੰਦਰੋਂ ਦੇਣਾ ਉਠਾਈਆ । ਸਾਰਿਆਂ ਪਰਧਾਨਾਂ ਦੀ ਕਿਸੇ ਕੰਮ ਨਹੀਂ ਔਣੀ ਸਿਆਸਤ, ਓਨ੍ਹਾਂ ਆਪੇ ਲੱਭਣਾ ਬੇਪਰਵਾਹੀਆ । ਓਨ੍ਹਾਂ ਦੇ ਕੋਲੋਂ ਸਾਢੇ ਤਿੰਨ ਹੱਥ ਸਰੀਰ ਦੀ ਖੋਹ ਲੈਣੀ ਰਿਆਸਤ, ਬਿਨਾ ਰਾਜੇ ਤੋਂ ਰਈਅਤ ਕੰਮ ਕਿਸੇ ਨਾ ਆਈਆ । ਕਿਸੇ ਨੇ ਕਰਨੀ ਨਹੀਂ ਹਿਫਾਜ਼ਤ, ਅੱਗੇ ਹੋ ਨਾ ਕੋਇ ਬਚਾਈਆ । ਵੇਖਿਓ ਕਿਸ ਤਰਾ ਚਾਰ ਕੁੰਟ ਬਦਲਦੀ ਵਜ਼ਾਰਤ, ਵਜ਼ੀਰਾਂ ਦੇ ਫ਼ਕੀਰ ਫ਼ਕੀਰਾਂ ਦੇ ਹਕੀਰ ਨਜ਼ਰੀ ਆਈਆ । ਇਹ ਅੱਜੇ ਥੋੜੀ ਜੇਹੀ ਕਰਨੀ ਵਿਚ ਬਨਾਵਟ, ਇਸ ਸਾਲ ਦਾ ਨਿਸ਼ਾਨਾ ਦੇਣਾ ਵਖਾਈਆ । ਅਗਲੇ ਸਾਲ ਤੋਂ ਕਿਸੇ ਨਹੀਂ ਕਰਨੀ ਰੁਕਾਵਟ, ਹੁਕਮ ਨਾਲ ਸਾਰੇ ਦੇਣੇ ਉਠਾਈਆ । ਪ੍ਰਭ ਦੇ ਨਾਮ ਦੀ ਲੱਗੀ ਹੋਈ ਕਿਹੜਾ ਮੇਟੇ ਬਗ਼ਾਵਤ, ਬਗਲਗੀਰ ਮਿਲ ਕੇ ਕੋਈ ਸੰਗ ਨਾ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਿੱਲੀ ਦਵਾਰ ਦੀ ਬੜੀ ਸੋਹਣੀ ਨੀਂਹ ਰਿਹਾ ਰਖਾਈਆ ।

ਨੀਂਹ ਕਹੇ ਮੈਂ ਬੜੀ ਡੂੰਘੀ, ਚਾਰ ਯੁਗ ਹੱਥ ਕਿਸੇ ਨਾ ਆਈਆ । ਮੈਂ ਬਣੀ ਰਹੀ ਗੂੰਗੀ, ਬਾਲੇ ਆਪਣੇ ਵਿਚ ਛੁਪਾਈਆ । ਹੁਣ ਵੇਖਿਓ ਮੈਂ ਸਾਰਿਆਂ ਨੂੰ ਰਹੀ ਟੁੰਬੀ, ਸੋਇਆ ਕੋਇ ਨਜ਼ਰ ਨ ਆਈਆ । ਸਚ ਪੁਛੋ ਮੈਂ ਅੱਸੂ ਤੋਂ ਬਾਅਦ ਬਣ ਜਾਣਾ ਲੁੰਡੀ, ਲੰਡਿਆਂ ਘਰ ਡੰਡੇ ਦੇਣੇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਰਿਹਾ ਵਖਾਈਆ ।

ਭਗਤ ਦਵਾਰ ਕਹੇ ਮੈਂ ਦਾਅਵੇ ਨਾਲ ਕਹਾਂ ਆ ਗਿਆ ਭਗਵਾਨ, ਹੋਕਾ ਸਭ ਨੂੰ ਦੇਣਾ ਸੁਣਾਈਆ । ਸਾਰੇ ਤੱਕ ਲਓ ਝੂਲਦਾ ਨਿਸ਼ਾਨ, ਜਿਸ ਨੇ ਧਰਮ ਧਰਮ ਵਿਚੋਂ ਦੇਣੇ ਬਦਲਾਈਆ । ਕੋਈ ਹੋ ਨਾ ਜਾਵੇ ਹੈਰਾਨ, ਹੈਰਾਨੀ ਸਭ ਦੀ ਦੇਣੀ ਕਢਾਈਆ । ਜੇ ਕੋਈ ਅੰਦਰ ਕਿਸੇ ਦੇ ਆਰਾਮ, ਪੜਦਾ ਉਸ ਦਾ ਦੇਣਾ ਉਠਾਈਆ । ਚਲੋ ਜਰਾ ਮਿਲ ਕੇ ਸਾਮ੍ਹਣੇ ਹੋ ਕੇ ਵੇਖੋ ਕਿੱਥੇ ਵਸਦਾ ਨਾਮ, ਕਿੱਥੇ ਮਿਲਦਾ ਜਾਮ, ਕਵਣ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਰਗਟ ਹੋਣਾ ਇਕੋ ਹੁਕਮਰਾਨ, ਹਕੂਮਤ ਸਭ ਦੀ ਦਏ ਗਵਾਈਆ ।

ਸਾਢੇ ਨੌਂ ਕਹੇ ਵੇਲੇ ਦੀ ਚੰਗੀ ਤਰ੍ਹਾਂ ਕਰਿਓ ਪਹਿਚਾਨ, ਪੱਛਮ ਦੱਖਣ ਉਤਰ ਪੂਰਬ ਧਿਆਨ ਲਗਾਈਆ । ਬਿਨਾ ਸ੍ਰੀ ਭਗਵਾਨ ਤੋਂ ਦੂਜੀ ਰਹਿਣ ਨਹੀਂ ਦੇਣੀ ਕੋਈ ਦੁਕਾਨ, ਹਟਵਾਣੇ ਬਣੀਏ ਭੱਜਣ ਥਾਉਂ ਥਾਈਆ । ਹੁਕਮ ਮਿਲਣਾ ਫ਼ਰਮਾਣ, ਫੁਰਨੇ ਧੁਰ ਦੇ ਦਏ ਸੁਣਾਈਆ । ਸਭ ਨੂੰ ਮੰਨਣਾ ਪਏ ਇਕ ਆਦਿ ਜੁਗਾਦੀ ਨੌਜਵਾਨ, ਜਿਸ ਦਾ ਰੂਪ ਰੰਗ ਰੇਖ ਨਾ ਕੋਇ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬਹੁਤਾ ਲੇਖਾ ਅੱਜ ਦੀ ਰੈਣ ਦਏ ਲਿਖਾਈਆ ।

✪ ✪ ✪ ✪ ✪
✪ ✪ ✪ ✪ ✪

## ✪ ਰਾਤ ਸਾਢੇ ਨੌਂ ਵਜੇ ✪

ਸਤਿ ਧਰਮ ਤੇਰੀ ਸਾਚੀ ਜੜ੍ਹ, ਭਗਤ ਦਵਾਰ ਨੀਂਹ ਧਰਾਈਆ । ਪੁਰਖ ਅਬਿਨਾਸ਼ੀ ਵੇਖੇ ਖੜ, ਨਿਰਗੁਣ ਨਿਰਵੈਰ ਬੇਪਰਵਾਹੀਆ । ਧੁਰ ਦਾ ਢੋਲਾ ਅਗੰਮਾ ਪੜ੍ਹ, ਬੋਧ ਅਗਾਧ ਕਰੇ ਪੜ੍ਹਾਈਆ । ਸਾਚੀ ਮੰਜ਼ਲ ਆਪੇ ਚੜ੍ਹ, ਪੂਰਬ ਪਿਛਲਾ ਪੰਧ ਮੁਕਾਈਆ । ਕਿਲ੍ਹਾ ਤੋੜ ਹੰਕਾਰੀ ਗੜ੍ਹ, ਹਉਮੇ ਹੰਗਤਾ ਰਿਹਾ ਮਿਟਾਈਆ । ਸਤਿ ਦਵਾਰਾ ਖੋਲ੍ਹ ਕੇ ਧੁਰ ਦਾ ਸਾਚਾ ਸਰ, ਸਰੋਵਰ ਇਕੋ ਇਕ ਪਰਗਟਾਈਆ । ਦੁਰਮਤ ਮੈਲ ਧੁਵੌਣੀ ਨਾਰੀ ਨਰ, ਨਰ ਨਰਾਇਣ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਰਿਹਾ ਕਮਾਈਆ ।

ਸਤਿ ਧਰਮ ਤੇਰਾ ਲੇਖਾ ਮਾਤ, ਹਰਿ ਕਰਤਾ ਆਪ ਬਣਾਈਆ । ਵਸਤ ਅਮੋਲਕ ਦੇ ਕੇ ਦਾਤ, ਜਨ ਭਗਤਾਂ ਸੰਗ ਰਲਾਈਆ । ਨਾਮ ਭੰਡਾਰਾ ਅਗੰਮ ਸੁਗ਼ਾਤ, ਧੁਰ ਦਾ ਸੋਹਲਾ ਸਚ ਸੁਣਾਈਆ । ਕਲਜੁਗ ਮੇਟ ਕੂੜ ਅੰਧੇਰੀ ਰਾਤ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਸ੍ਰਿਸ਼ਟੀ ਦ੍ਰਿਸ਼ਟੀ ਬਦਲ ਦੇਵੇ ਹਾਲਾਤ, ਧੁਰ ਦਾ ਹੁਕਮ ਇਕ ਮਨਾਈਆ । ਲੇਖਾ ਜਾਣੇ ਬ੍ਰਹਿਮੰਡ ਖੰਡ ਕਾਇਨਾਤ, ਲੱਖ ਚੁਰਾਸੀ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ ।

ਸਤਿ ਧਰਮ ਤੇਰਾ ਲੇਖਾ ਜਗ, ਹਰਿ ਕਰਤਾ ਆਪ ਜਣਾਇੰਦਾ । ਕਲਜੁਗ ਅਗਨੀ ਵੇਖੇ ਕੂੜੀ ਅੱਗ, ਚਾਰ ਕੁੰਟ ਫੋਲ ਫੁਲਾਇੰਦਾ । ਸਾਚਾ ਸਮਝੇ ਕੋਈ ਨਾ ਹੱਜ, ਹਾਜਤ ਪੂਰ ਨਾ ਕੋਇ ਵਖਾਇੰਦਾ । ਮਨ ਵਾਸਨਾ ਸ੍ਰਿਸ਼ਟੀ ਰਹੀ ਭੱਜ, ਦਹਿ ਦਿਸ਼ਾ ਪੰਧ ਨਾ ਕੋਇ ਮੁਕਾਇੰਦਾ । ਸਾਚਾ ਸੁਣੇ ਕੋਈ ਨਾ ਨਦ, ਅਗੰਮੀ ਰਾਗ ਨਾ ਕੋਇ ਅਲਾਇੰਦਾ । ਜਗਤ ਵਿਕਾਰ ਪੀ ਕੇ ਮਧ, ਅੰਮ੍ਰਿਤ ਰਸ ਮੁਖ ਨਾ ਕੋਇ ਚੁਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਆਪ ਵਰਤਾਇੰਦਾ ।

ਸਤਿ ਧਰਮ ਤੂੰ ਵੇਖ ਧਰਮ ਦਵਾਰ, ਹਰਿ ਕਰਤਾ ਆਪ ਜਣਾਈਆ । ਸੋ ਪੁਰਖ ਨਿਰੰਜਣ ਖੋਲ੍ਹ ਕਿਵਾੜ, ਪੜਦਾ ਦੇਣਾ ਚੁਕਾਈਆ । ਹਰਿ ਪੁਰਖ ਨਿਰੰਜਣ ਪਾਵੇ ਸਾਰ, ਸ਼ਾਹ ਪਾਤਸ਼ਾਹ ਸਚਾ ਸ਼ਹਿਨਸ਼ਾਹੀਆ । ਆਦਿ ਨਿਰੰਜਣ ਕਰ ਉਜਿਆਰ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਏਕੰਕਾਰਾ ਦਏ ਆਧਾਰ, ਮਿਹਰ ਨਜ਼ਰ ਉਠਾਈਆ । ਅਬਿਨਾਸ਼ੀ ਕਰਤਾ ਕਰੇ ਪਿਆਰ, ਮੇਲ ਮਿਲਾਵਾ ਸਹਿਜ ਸੁਭਾਈਆ । ਸ੍ਰੀ ਭਗਵਾਨ ਦਏ ਹੁਲਾਰ, ਸਚ ਹੁਲਾਰਾ ਇਕ ਜਣਾਈਆ । ਪਾਰਬ੍ਰਹਮ ਪ੍ਰਭ ਖੇਲੇ ਖੇਲ ਅਗੰਮ ਅਪਾਰ, ਭੇਵ ਅਭੇਦਾ ਦਏ ਖੁਲ੍ਹਾਈਆ । ਆਤਮ ਪਰਮਾਤਮ ਲੇਖਾ ਜਾਣ ਆਪ ਕਰਤਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੜਦਾ ਉਹਲਾ ਦਏ ਚੁਕਾਈਆ ।

ਸਤਿ ਧਰਮ ਤੇਰਾ ਏਕਾ ਏਕ, ਏਕੰਕਾਰ ਆਪ ਜਣਾਈਆ । ਕਲਜੁਗ ਕੂੜੀ ਕਿਰਿਆ ਚੁੱਕੇ ਟੇਕ, ਟਿੱਕਾ ਮਸਤ ਖ਼ੁਮਾਰੀ ਦਏ ਲਗਾਈਆ । ਮਾਇਆ ਮਮਤਾ ਮੋਹ ਕਰਨਾ ਭੇਟ, ਝਗੜਾ ਕੂੜ ਦਏ ਮੁਕਾਈਆ । ਠਾਕਰ ਬਣ ਕੇ ਖੇਵਟ ਖੇਟ, ਸਾਚਾ ਬੇੜਾ ਪਾਰ ਲੰਘਾਈਆ । ਜਨ ਭਗਤਾਂ ਦਾ ਸੁਹੰਜਣਾ ਹੋਵੇ ਚੇਤ, ਥਿਤ ਪੰਜ ਮਿਲੇ ਵਡਿਆਈਆ । ਸ੍ਰਿਸ਼ਟੀ ਸੰਸਾਰ ਕੱਟਣ ਵਾਲਾ ਖੇਤ, ਰੁੱਤ ਆਪਣੀ ਰਿਹਾ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਖੇਲ ਆਪ ਵਰਤਾਈਆ ।

ਸਤਿ ਧਰਮ ਤੇਰਾ ਲੇਖਾ ਸਚ ਗ੍ਰਿਹਿ, ਘਰ ਮੰਦਰ ਇਕੋ ਇਕ ਵਖਾਈਆ । ਜਿਥੇ ਪੁਰਖ ਅਬਿਨਾਸ਼ੀ ਰਹੇ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਸਚ ਦਵਾਰੇ ਧਾਮ ਬਹੇ, ਸਚਖੰਡ ਵੱਜਦੀ ਰਹੇ ਵਧਾਈਆ । ਹੁਕਮ ਅੰਦਰ ਆਦਿ ਜੁਗਾਦਿ ਜੁਗ ਚੌਕੜੀ ਸ੍ਰਿਸ਼ਟੀ ਦ੍ਰਿਸ਼ਟੀ ਕਰਦਾ ਆਇਆ ਲੈ, ਸਿਰ ਸਕੇ ਨਾ ਕੋਇ ਉਠਾਈਆ । ਏਕੰਕਾਰ ਖੇਲੇ ਖੇਲ ਅਗੰਮ ਅਪਾਰ ਆਦਿ ਜੁਗਾਦਿ ਜੁਗਾ ਜੁਗੰਤ ਇਕੋ ਹੈ, ਦੂਜਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰ ਨਜ਼ਰ ਉਠਾਈਆ ।

ਸਤਿ ਧਰਮ ਕਹੇ ਮੈਨੂੰ ਰੱਖਿਆ ਕਿਹੜੇ ਥਾਂ, ਪੁਰਖ ਅਕਾਲ ਦੇ ਜਣਾਈਆ । ਕਲਜੁਗ ਸ੍ਰਿਸ਼ਟੀ ਵੇਖੀ ਭਰੀ ਗੁਨਾਹ, ਪੱਤਤ ਪੁਨੀਤ ਰੂਪ ਨਾ ਕੋਇ ਬਣਾਈਆ । ਸਾਚਾ ਭੁੱਲਿਆ ਆਤਮ ਤੇਰਾ ਪਰਮਾਤਮ ਨਾਂ, ਧੁਰ ਦਾ ਢੋਲਾ ਹੱਕ ਨਾ ਕੋਇ ਪੜ੍ਹਾਈਆ । ਤਖ਼ਤ ਨਿਵਾਸੀ ਪੁਰਖ ਅਬਿਨਾਸ਼ੀ ਤੁਧ ਬਿਨ ਕਰੇ ਨਾ ਕੋਈ ਨਿਆਂ, ਅਦਲ ਅਦਾਲਤ ਨਜ਼ਰ ਕੋਇ ਨਾ ਆਈਆ । ਚਾਰ ਕੁੰਟ ਦਹਿ ਦਿਸ਼ਾ ਕਲਜੁਗ ਕੂੜ ਫਿਰੇ ਸ਼ੈਤਾਨ, ਸ਼ਰਅ ਕਰੇ ਲੜਾਈਆ । ਦੀਨ ਮਜ੍ਹਬ ਹੋਏ ਵੈਰਾਨ, ਵੈਰੀ ਘਰ ਘਰ ਬੈਠੇ ਡੇਰਾ ਲਾਈਆ । ਸਾਚਾ ਮਿਲੇ ਨਾ ਕੋਈ ਅਮਾਮ, ਈਮਾਨ ਹੱਕ ਨਾ ਕੋਇ ਦ੍ਰਿੜਾਈਆ । ਦੀਪਾਂ ਖੰਡਾਂ ਵਿਚ ਝੁਲਦੇ ਵੇਖੇ ਨਿਸ਼ਾਨ, ਨਿਸ਼ਾਨਾ ਪਾਰ ਨਾ ਕੋਇ ਕਰਾਈਆ । ਜੁਗ ਚੌਕੜੀ ਦੇਂਦੇ ਗਏ ਬਿਆਨ, ਸ਼ਹਾਦਤ ਅੰਤ ਨਾ ਕੋਇ ਭੁਗਤਾਈਆ । ਬਿਨ ਅੱਖਰਾਂ ਮਿਲੇ ਨਾ ਕਿਸੇ ਗਿਆਨ, ਪੜ੍ਹ ਪੜ੍ਹ ਥੱਕੀ ਸਰਬ ਲੋਕਾਈਆ । ਮੁਹੱਬਤ ਵਿਚ ਮਿਲੇ ਨਾ ਆਣ, ਮਹਿਬੂਬ ਬੇਪਰਵਾਹੀਆ । ਤੇਰਾ ਖੇਲ ਖ਼ਾਲਕ ਮਹਾਨ, ਖ਼ਲਕ ਸਮਝ ਸਕੇ ਨਾ ਰਾਈਆ । ਮੈਂ ਵੇਖਾਂ ਮਾਰ ਧਿਆਨ, ਬਿਨ ਅੱਖਾਂ ਅੱਖ ਖੁਲ੍ਹਾਈਆ । ਕਿਸ ਦਵਾਰੇ ਮਿਲੇ ਸ੍ਰੀ ਭਗਵਾਨ, ਭਗਤ ਸੁਹੇਲਾ ਧੁਰ ਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਪੜਦਾ ਦੇ ਉਠਾਈਆ ।

ਸਤਿ ਧਰਮ ਕਹੇ ਮੈਂ ਵਸਾਂ ਕਿਹੜੀ ਕੂਟ, ਅਬਿਨਾਸ਼ੀ ਕਰਤੇ ਦੇ ਜਣਾਈਆ । ਚਾਰ ਕੁੰਟ ਦਹਿ ਦਿਸ਼ਾ ਦਿਸੇ ਝੂਠ, ਵਰਨ ਬਰਨ ਕਰਨ ਲੜਾਈਆ । ਦਰ ਦਿਸੇ ਨਾ ਕੋਈ ਊਚੇ ਊਚ, ਅਗੰਮ ਅਥਾਹ

ਮਿਲੇ ਨਾ ਕਿਸੇ ਸਰਨਾਈਆ । ਮਹੱਲ ਅਟੱਲ ਸਕੇ ਕੋਈ ਨਾ ਪਹੁੰਚ, ਮੰਜ਼ਲ ਵਿਚ ਥੱਕੇ ਪਾਂਧੀ ਰਾਹੀਆ । ਬੁੱਧੀ ਕਰੇ ਕੋਈ ਨਾ ਸੋਚ, ਅਨਭਵ ਭੇਵ ਨਾ ਕੋਇ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਦੇ ਜਣਾਈਆ ।

ਸ੍ਰੀ ਭਗਵਾਨ ਕਹੇ ਸੁਣ ਸਤਿ ਧਰਮ, ਪਹਿਲੀ ਵਾਰ ਦਿਆਂ ਜਣਾਈਆ । ਤੇਰਾ ਭਗਤ ਦਵਾਰੇ ਹੋਵੇ ਜਨਮ, ਜਨਮ ਭਗਤਾਂ ਨਾਲ ਸਮਝਾਈਆ । ਪੁਰਖ ਅਕਾਲ ਦਾ ਰਹੇ ਕੋਈ ਨਾ ਭਰਮ, ਭਾਂਡਾ ਭਰਮ ਭਉ ਭੰਨਾਈਆ । ਸ੍ਰਿਸ਼ਟੀ ਦਾ ਅੰਤਮ ਵੇਲਾ ਆਇਆ ਮਰਨ, ਜੀਵਤ ਰੂਪ ਨਾ ਕੋਇ ਵਖਾਈਆ । ਪੁਰਖ ਅਕਾਲ ਕਰਨੀ ਕਰਨ, ਕਰਤਾ ਬੇਪਰਵਾਹੀਆ । ਜਨ ਭਗਤਾਂ ਨੇਤਰ ਖੋਲ੍ਹ ਕੇ ਹਰਨ ਫਰਨ, ਹਰ ਹਿਰਦੇ ਦਏ ਸੁਣਾਈਆ । ਧੂੜੀ ਦੇ ਕੇ ਧੁਰ ਦੇ ਚਰਨ, ਮਸਤਕ ਭਬੂਤੀ ਦਏ ਰਮਾਈਆ । ਲੇਖਾ ਰਹੇ ਨਾ ਵਰਨ ਬਰਨ, ਜਾਤ ਪਾਤ ਨਾ ਕੋਇ ਲੜਾਈਆ । ਸੰਤ ਸੁਹੇਲੇ ਇਕ ਅਕੇਲੇ ਮੰਜ਼ਲ ਚੜ੍ਹਨ, ਅਧ ਵਿਚਕਾਰ ਨਾ ਕੋਇ ਅਟਕਾਈਆ । ਸੋਹੰ ਢੋਲਾ ਸਚਾ ਪੜ੍ਹਨ, ਗ੍ਰਿਹਿ ਮਿਲੇ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ ।

ਸਤਿ ਧਰਮ ਤੇਰਾ ਲੇਖਾ ਸਚ ਹਿਸਾਬ, ਧੁਰ ਫ਼ਰਮਾਨੇ ਵਿਚ ਜਣਾਈਆ । ਜਿਹੜਾ ਲੇਖਾ ਨਹੀਂ ਕਿਸੇ ਵਿਚ ਕਿਤਾਬ, ਕਲਮ ਸ਼ਾਹੀ ਨਾ ਕੋਇ ਚਤੁਰਾਈਆ । ਉਸਨੂੰ ਪੂਰਾ ਕਰੇ ਆਪ, ਪਾਰਬ੍ਰਹਮ ਨੂਰ ਖ਼ੁਦਾਈਆ । ਜਨ ਭਗਤਾਂ ਖੋਲ੍ਹ ਕੇ ਅੰਦਰੋਂ ਤਾਕ, ਪੜਦਾ ਦਏ ਉਠਾਈਆ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਸਭ ਨੇ ਕਰਨਾ ਇਕੋ ਪਾਠ, ਇਕੋ ਮੰਤਰ ਦਏ ਦ੍ਰਿੜ੍ਹਾਈਆ । ਇਕੋ ਤੀਰਥ ਇਕੋ ਤਾਟ, ਕਿਨਾਰਾ ਇਕੋ ਇਕ ਸਮਝਾਈਆ । ਇਕੋ ਮੰਦਰ ਸ਼ਿਵਦਵਾਲਾ ਮਾਠ, ਹੱਟ ਇਕੋ ਇਕ ਪਰਗਟਾਈਆ । ਇਕੋ ਲੇਖਾ ਜਾਣੇ ਅੱਠ ਸੱਠ, ਇਕੋ ਪੜਦਾ ਦਏ ਉਠਾਈਆ । ਇਕੋ ਜੋੜਨਹਾਰਾ ਧੁਰ ਦਾ ਨੱਤ, ਆਤਮ ਪਰਮਾਤਮ ਮੇਲ ਮਿਲਾਈਆ । ਇਕੋ ਜਾਣੇ ਮਿਤ ਗਤ, ਆਦਿ ਜੁਗਾਦਿ ਵੇਖ ਵਖਾਈਆ । ਇਕੋ ਹੁਕਮ ਰਿਹਾ ਦੱਸ, ਦੋ ਜਹਾਨ ਕਰੇ ਸ਼ਨਵਾਈਆ । ਜਨ ਭਗਤ ਸਾਚਾ ਲੈਣਾ ਰਸ, ਰਸਤਾ ਮਿਲਿਆ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰ ਦਏ ਵਡਿਆਈਆ ।

ਸਤਿ ਧਰਮ ਵੇਖ ਸਚ ਦਰਵਾਜ਼ਾ, ਭਗਤ ਦਵਾਰਾ ਨਜ਼ਰੀ ਆਈਆ । ਜਿਥੇ ਵਸੇ ਗਰੀਬ ਨਿਵਾਜ਼ਾ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਦਰ ਆਇਆਂ ਦੁਰਮਤ ਮੈਲ ਧੋਵੇ ਦਾਗ਼ਾ, ਬਿਨ ਕੱਪੜ ਕਰੇ ਸਫ਼ਾਈਆ । ਨਾਮ ਸੁਣਾਏ ਸ਼ਬਦ ਅਨਰਾਗਾ, ਧੁਨੀ ਨਾਦ ਇਕ ਵਜਾਈਆ । ਕੋਟਾਂ ਵਿਚੋਂ ਸੰਤ ਸੁਹੇਲਾ ਜਾਗਾ, ਹਰਿ ਸਰਨ ਮਿਲੇ ਸਰਨਾਈਆ । ਹੰਸ ਬੁੱਧੀ ਰਹੇ ਨਾ ਕਾਗਾ, ਨਾ ਕੋਈ ਹੰਸ ਰੂਪ ਵਟਾਈਆ । ਨੌਂ ਸੌ ਚੁਰਾਨਵੇਂ ਜੁਗ ਚੌਕੜੀ ਪਿਛੋਂ ਪੰਜ ਚੇਤ ਆਇਆ ਸੁਭਾਗਾ, ਭਾਗਾਂ ਵਾਲਿਆਂ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ ।

ਭਗਤ ਦਵਾਰ ਕਹੇ ਮੈਂ ਬੂਟਾ ਲੌਣਾ ਉਹ, ਜਿਸ ਨੂੰ ਓੜਕ ਸਕੇ ਨਾ ਕੋਇ ਹਿਲਾਈਆ । ਜਿਸ ਦਾ ਮਾਲਕ ਬਣਿਆ ਜੋ, ਆਦਿ ਜੁਗਾਦਿ ਜਗਤ ਨਿਰਮੋਹ, ਕੂੜ ਪਿਆਰ ਨਾ ਕੋਇ ਵਖਾਈਆ । ਲੱਖ ਚੁਰਾਸੀ ਜੀਵ ਜੰਤ ਦੇਵਣਹਾਰਾ ਲੋਅ, ਸਚ ਪਰਕਾਸ਼ ਕਰੇ ਰੁਸ਼ਨਾਈਆ । ਕਿਸੇ ਨਾਲ ਨਾ ਕਰੇ ਧਰੋਹ, ਕਰਮਾਂ ਦਾ ਲੇਖਾ ਦਏ ਭੁਗਤਾਈਆ । ਕਲਜੁਗ ਅੰਤਮ ਕੂੜੀ ਕਿਰਿਆ ਲਵੇ ਖੋਹ, ਸਤਿ ਸਚ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਈਆ ।

ਭਗਤ ਦਵਾਰ ਕਹੇ ਮੇਰੇ ਭਗਵੰਤ, ਬੇਨੰਤੀ ਦਿਆਂ ਸੁਣਾਈਆ । ਜਨ ਭਗਤਾਂ ਦਾ ਬਣ ਅਗੰਮੀ ਕੰਤ, ਵਿਛੋੜਾ ਅੱਗੇ ਰਹੇ ਨਾ ਰਾਈਆ । ਝਗੜਾ ਰਹੇ ਨਾ ਕੂੜੇ ਸੰਤ, ਜਗਤ ਸਾਧਾਂ ਤੋਂ ਪੱਲੂ ਦੇਣਾ ਛੁਡਾਈਆ । ਆਤਮ ਪਰਮਾਤਮ ਦੱਸ ਕੇ ਆਪਣਾ ਮੰਤ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਇਕੋ ਰੰਗ ਰੰਗਾਈਆ । ਗੜ੍ਹ ਤੋੜ ਕੇ ਹਉਮੇ ਹੰਗਤ, ਹੰ ਬ੍ਰਹਮ ਦੇ ਸਮਝਾਈਆ । ਸਰਬ ਵਖਾਦੇ ਇਕੋ ਪੰਗਤ, ਦੂਜੀ ਵੰਡ ਨਾ ਕੋਇ ਵੰਡਾਈਆ । ਬੋਧ ਅਗਾਧਾ ਬਣ ਕੇ ਪੰਡਤ, ਨਿਰਗੁਣ ਢੋਲਾ ਦੇ ਜਣਾਈਆ । ਲੇਖਾ ਮੁੱਕ ਜਾਏ ਜੇਰਜ਼ ਅੰਡਜ਼, ਉਤਭੁਜ ਸੇਤਜ ਨਾ ਕੋਇ ਭੁਵਾਈਆ । ਨਾਮ ਖ਼ੁਮਾਰੀ ਚਾੜ੍ਹ ਦੇ ਰੰਗਤ, ਅਨਡਿਠੜੇ ਆਪ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ ।

ਭਗਤ ਦਵਾਰ ਕਹੇ ਮੈਂ ਵੇਖ ਹੋਇਆ ਖ਼ੁਸ਼ਹਾਲ, ਖ਼ੁਸ਼ੀ ਪ੍ਰਭੂ ਪਰਗਟਾਈਆ । ਸਤਿ ਧਰਮ ਦੇ ਵੇਖੇ ਲਾਲ, ਜੋ ਲਾਲਨ ਵਿਚ ਸਮਾਈਆ । ਜਨਮ ਜਨਮ ਦੀ ਪੂਰੀ ਕਰ ਕੇ ਘਾਲ, ਅੱਗੇ ਲੇਖਾ ਮੰਗਣ ਚਾਈਂ ਚਾਈਂਆ । ਆ ਪਹੁੰਚੇ ਸਚ ਦਵਾਰ ਦੀ ਸਚੀ ਧਰਮਸਾਲ, ਜਿਥੇ ਕਰਮ ਦਾ ਰੋਗ ਰਹੇ ਨਾ ਰਾਈਆ । ਜੁਗ ਚੌਕੜੀ ਦਾ ਪੂਰਾ ਹੋਇਆ ਸਵਾਲ, ਭਿਛਿਆ ਸਭ ਦੀ ਝੋਲੀ ਪਾਈਆ । ਭਗਤ ਰਹੇ ਨਾ ਕੋਇ ਕੰਗਾਲ, ਨਾਮ ਭੰਡਾਰਾ ਦਏ ਵਰਤਾਈਆ । ਤ੍ਰੈਗੁਣ ਮਾਇਆ ਤੋੜ ਜ਼ੰਜਾਲ, ਜਾਗਰਤ ਜੋਤ ਕਰ ਰੁਸ਼ਨਾਈਆ । ਗੁਰਮੁਖਾਂ ਚਲੇ ਨਾਲ ਨਾਲ, ਅੰਦਰ ਬਾਹਰ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ ।

ਧੁਰ ਦਾ ਹੁਕਮ ਕਹੇ ਮੈਂ ਆਦਿ ਜੁਗਾਦੀ ਨਾਲ ਫਿਰਾਂ ਜੋਰ, ਜਾਬਰ ਜਬਰ ਮਾਤ ਅਖਵਾਇੰਦਾ । ਨਾਤਾ ਤੋੜਾਂ ਕੂੜ ਕੁੜਿਆਰਾਂ ਠੱਗ ਚੋਰ, ਮਮਤਾ ਮੋਹ ਵੇਖ ਵਖਾਇੰਦਾ । ਮਨ ਵਾਸਨਾ ਕੂੜੀ ਕਿਰਿਆ ਤੱਕਾਂ ਢੋਰ, ਚੰਮ ਦ੍ਰਿਸ਼ਟੀ ਫੋਲ ਫੁਲਾਇੰਦਾ । ਲੱਖ ਚੁਰਾਸੀ ਅੰਦਰ ਵੜ ਕੇ ਵੇਖਾਂ ਅੰਧੇਰਾ ਘੋਰ, ਗੁਰਮੁਖ ਪੜਦਾ ਕਵਣ ਮਾਤ ਰਖਾਇੰਦਾ । ਕੋਟਾਂ ਵਿਚੋਂ ਥੋੜੇ ਲੱਭੇ ਜਿਨ੍ਹਾਂ ਨੂੰ ਇਕ ਦੀ ਲੋੜ, ਬਹੁਤੇ ਭੱਜਣ ਥਾਉਂ ਥਾਈਂਆ । ਸੁਰਤੀ ਸ਼ਬਦੀ ਬੰਨ੍ਹੇ ਕੋਈ ਨਾ ਡੋਰ, ਆਤਮ ਪਰਮਾਤਮ ਗੰਢ ਨਾ ਕੋਇ ਪਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ ।

ਭਗਤ ਦਵਾਰ ਕਹੇ ਮੈਂ ਆਪਣਾ ਕਰਮ ਕਮਾਵਾਂਗਾ । ਜੋ ਪ੍ਰਭ ਸਰਨਾਈ ਬਹੇ, ਤਿਸਦਾ ਮੇਲਾ ਆਪ ਕਰਾਵਾਂਗਾ । ਜੋ ਧੁਰ ਦਾ ਭਾਣਾ ਸਹੇ, ਲੱਖ ਚੁਰਾਸੀ ਵਿਚੋਂ ਬਾਹਰ ਕਢਾਵਾਂਗਾ । ਜੋ ਨਾਮ ਇਕੋ ਲਏ, ਲਹਿਣਾ ਉਸਦੀ ਝੋਲੀ ਆਪ ਟਿਕਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਵਾਂਗਾ ।

ਭਗਤ ਦਵਾਰ ਕਹੇ ਮੈਂ ਆਵਣ ਵਾਲਾ ਆਪਣੀ ਵਿਚ ਬਹਾਰ, ਸਚ ਸੰਦੇਸ਼ੇ ਵਿਚ ਜਣਾਈਆ । ਖੇਲ ਵੇਖਣ ਵਾਲਾ ਵਿਚ ਸੰਸਾਰ, ਖ਼ਲਕ ਖੋਜ ਖੁਜਾਈਆ । ਮੇਰੇ ਉਤੇ ਕਰੇ ਨਾ ਕੋਇ ਇਤਬਾਰ, ਬੇਇਤਬਾਰੀ ਹੋਈ ਲੋਕਾਈਆ । ਮੈਂ ਕੂਕ ਕਹਾਂ ਪੁਕਾਰ, ਊਚੇ ਊਚ ਸੁਣਾਈਆ । ਸਾਰੇ ਹੋ ਜਾਓ ਖ਼ਬਰਦਾਰ, ਨੇਤਰ ਆਲਸ ਨਿੰਦਰਾ ਦਿਉ ਮਿਟਾਈਆ । ਜਿਸ ਨੇ ਸਾਢੇ ਤਿੰਨ ਹੱਥ ਭਾਂਡਾ ਘੜਿਆ ਬਣ ਠਠਿਆਰ, ਉਹ ਠੋਕਰ ਰਿਹਾ ਲਗਾਈਆ । ਪੂਰਬ ਜਨਮ ਦਾ ਲਹਿਣਾ ਦੇਣਾ ਨਾ ਕਰਜਾ ਰਹੇ ਉਧਾਰ, ਲੇਖਾ ਸਭ ਦੀ ਝੋਲੀ ਪਾਈਆ । ਕਰਨੀ ਦਾ ਕਰਤਾ ਆਪ ਕਰਤਾਰ, ਕੁਦਰਤ ਦਾ ਕਾਦਰ ਵੇਖ ਵਖਾਈਆ । ਬਿਨ ਭਗਤਾਂ ਸੰਤਾਂ ਸਾਚਾ ਵਸੇ ਨਾ ਕੋਇ ਘਰ ਬਾਹਰ, ਮਹੱਲ ਅਟੱਲ ਨਾ ਕੋਇ ਰੁਸ਼ਨਾਈਆ । ਮੁਹੱਬਤ ਵਿਚ ਨਾ ਮਿਲੇ ਯਾਰ, ਹਕੀਕਤ ਹੱਕ ਨਾ ਕੋਇ ਸਮਝਾਈਆ । ਮਨ ਵਾਸਨਾ ਸ੍ਰਿਸ਼ਟੀ ਦਿਸੇ ਖੁਆਰ, ਧੀਰਜ

ਧੀਰ ਨਾ ਕੋਇ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫੁਰਮਾਣਾ ਆਪ ਸੁਣਾਈਆ ।

ਭਗਤ ਦਵਾਰ ਕਹੇ ਮੈਂ ਆਦਿ ਜੁਗਾਦਿ ਸੰਜੋਗੀ, ਜਨ ਭਗਤਾਂ ਸਾਚਾ ਮੇਲ ਮਿਲਾਈਆ । ਮੇਰਾ ਭੇਵ ਸਮਝੇ ਕੋਇ ਨਾ ਜੋਗੀ, ਜੋਗੀਸ਼ਰ ਸਾਰ ਕਿਸੇ ਨਾ ਆਈਆ । ਜਗਤ ਵਾਸਨਾ ਕੀਤੇ ਰੋਗੀ, ਹਉਮੇ ਗੜ੍ਹ ਨਾ ਕੋਇ ਤੁੜਾਈਆ । ਆਤਮ ਪਰਮਾਤਮ ਜਨ ਭਗਤਾਂ ਨਾਲ ਬਣਾਈ ਸੰਜੋਗੀ, ਮੇਲਾ ਇਕੋ ਘਰ ਬਣਾਈਆ । ਕੂੜੀ ਕਿਰਿਆ ਰਹੇ ਨਾ ਦੋਖੀ, ਹਰਖ ਚਿੰਤਾ ਦਿਆਂ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਣਾ ਇਕ ਸਮਝਾਈਆ ।

ਭਗਤ ਦਵਾਰ ਕਹੇ ਮੈਂ ਭਗਵਨ ਤੇਰਾ ਮੀਤ, ਮਿੱਤਰ ਇਕ ਅਖਵਾਈਆ । ਕਲਜੁਗ ਕੂੜੀ ਬਦਲ ਦੇ ਰੀਤ, ਸਤਿਜੁਗ ਸਤਿ ਧਰਮ ਕਰ ਰੁਸ਼ਨਾਈਆ । ਲੱਖ ਚੁਰਾਸੀ ਵੇਖ ਕੇ ਰੀਤ, ਆਪਣਾ ਨਾਮ ਦੇ ਜਣਾਈਆ । ਚਾਰੇ ਵਰਨ ਗੌਣ ਇਕੋ ਗੀਤ, ਢੋਲਾ ਧੁਰ ਦਾ ਦੇ ਸਮਝਾਈਆ । ਚਰਨਾਂ ਸੰਗ ਦੱਸ ਪ੍ਰੀਤ, ਪ੍ਰੀਤਮ ਹੋ ਕੇ ਵੇਖ ਵਖਾਈਆ । ਲੇਖਾ ਰਹੇ ਨਾ ਊਚ ਨੀਚ, ਜਾਤ ਪਾਤ ਖਹਿੜਾ ਦੇ ਛੁਡਾਈਆ । ਨਿਰਗੁਣ ਧਾਰ ਵਸ ਤੂੰ ਬੀਚ, ਸਚ ਦਵਾਰੇ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਸਮਝਾਈਆ ।

ਧੁਰ ਦਾ ਹੁਕਮ ਕਹੇ ਸੁਣੋ ਅਖੀਰੀ ਅੰਤ, ਅੰਤਮ ਦਿਆਂ ਜਣਾਈਆ । ਕੀ ਖੇਲ ਕਰੇ ਸ੍ਰੀ ਭਗਵੰਤ, ਚਾਰ ਕੁੰਟ ਖੋਜ ਖੁਜਾਈਆ । ਨਵੀਂ ਬਣਾਵਣ ਵਾਲਾ ਬਣਤ, ਸਚ ਸਾਜਣ ਹੋ ਕੇ ਸੇਵ ਕਮਾਈਆ । ਮਾਇਆ ਮਮਤਾ ਕੂੜ ਵਿਕਾਰ ਕਰ ਕੇ ਅੰਤ, ਅੰਤਸ਼ਕਰਨ ਵੇਖੇ ਸਰਬ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਨ ਇਕ ਸਮਝਾਈਆ ।

ਪੰਜ ਚੇਤ ਕਹੇ ਮੈਂ ਸਭ ਨੂੰ ਦੱਸਾਂ ਹਾਲ, ਹਾਲਤ ਵੇਖੀ ਜਗਤ ਲੋਕਾਈਆ । ਕੀ ਕਰੇ ਖੇਲ ਪੁਰਖ ਅਕਾਲ, ਧੁਰ ਫ਼ਰਮਾਨਾ ਇਕ ਦ੍ਰਿੜਾਈਆ । ਮਨ ਵਾਸ਼ਨਾ ਦੀ ਬਣਾ ਕੇ ਧਰਮਸਾਲ, ਬਿਨ ਅੱਖਾਂ ਰਾਹ ਤਕਾਈਆ । ਜਗਤ ਵਾਸਨਾ ਬਣ ਕੰਗਾਲ, ਸਾਰੇ ਰਹੇ ਕੁਰਲਾਈਆ । ਚਾਰ ਕੁੰਟ ਹਾਲ ਹਾਲ, ਦਹਿ ਦਿਸ਼ਾਂ ਦਏ ਦੁਹਾਈਆ । ਸਭ ਦੇ ਸਿਰ ਤੇ ਕੂਕੇ ਕਾਲ, ਕਲਮੇ ਵਾਲਾ ਨਾ ਕੋਇ ਛੁਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਸਮਝਾਈਆ ।

ਅਗਲਾ ਖੇਲ ਦੱਸੇ ਭਗਵਾਨ, ਸਾਹਿਬ ਸੁਲਤਾਨ ਦਇਆ ਕਮਾਈਆ । ਪੁਰਖ ਅਕਾਲ ਦਾ ਝੁੱਲਣਾ ਇਕ ਨਿਸ਼ਾਨ, ਨਿਸ਼ਾਨੇ ਸਾਰੇ ਦੇਣੇ ਮਿਟਾਈਆ । ਦੁਨੀਆ ਅੰਦਰ ਦੇਵੇ ਪਹਿਚਾਣ, ਪੜਦਾ ਆਪ ਉਠਾਈਆ । ਸਾਚਾ ਮੰਦਰ ਦੱਸ ਮਹਾਨ, ਮਹਿੰਮਾ ਅਕੱਥ ਕਥ ਸੁਣਾਈਆ । ਸੁਣੋ ਪੰਜਾਂ ਤਤਾਂ ਵਾਲੇ ਇਨਸਾਨ, ਹੁਕਮੇ ਵਿਚੋਂ ਹੁਕਮ ਆਪ ਬਦਲਾਈਆ । ਆਤਮ ਪਰਮਾਤਮ ਦਾ ਜਾਣੋ ਇਕ ਗਿਆਨ, ਦੂਜੀ ਲੋੜ ਰਹੇ ਨਾ ਰਾਈਆ । ਜਿਸ ਨੇ ਤਖ਼ਤ ਨਿਵਾਸੀ ਹਿਲਾ ਦੇਣੇ ਪਰਧਾਨ, ਪਰਧਾਨਗੀ ਵਿਚੋਂ ਲਏ ਉਠਾਈਆ । ਸ਼ਬਦ ਅਗੰਮੀ ਮਾਰ ਕੇ ਬਾਣ, ਬਾਲ ਅੰਞਾਣੇ ਲਏ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ ।

ਸਤਿ ਧਰਮ ਕਹੇ ਮੈਂ ਕੀ ਦੱਸਾਂ ਅੰਤ, ਕਹਿਣ ਕੁਛ ਨਾ ਪਾਈਆ । ਪੁਰਖ ਅਕਾਲ ਦਾ ਢੋਲਾ ਸੁਣ

ਕੇ ਇਕੋ ਮੰਤ, ਮੰਤਰ ਸਾਰੇ ਗਿਆ ਭੁਲਾਈਆ । ਜਿਸਦੇ ਹੁਕਮੇਂ ਅੰਦਰ ਜੀਵ ਜੰਤ, ਦਿਵਸ ਰੈਣ ਭੱਜਣ ਵਾਹੋ ਦਾਹੀਆ । ਓਨ੍ਹਾਂ ਭਗਤ ਸੁਹੇਲਾ ਮਾਲਕ ਖ਼ਾਲਕ ਪ੍ਰਿਤਪਾਲਕ ਬਣ ਕੇ ਬਣਾਵੇ ਬਣਤ, ਘੜਨ ਭੰਨਣਹਾਰ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ ।

ਭਗਤ ਦਵਾਰ ਕਹੇ ਮੈਂ ਭਗਤਾਂ ਦਾ ਦਰਬਾਰ, ਦਿਲਾਂ ਦਾ ਮਾਲਕ ਨਜ਼ਰੀ ਆਈਆ । ਗੁਰਮੁਖਾਂ ਦੇ ਕੇ ਸਚ ਇਤਬਾਰ, ਬੇਇਤਬਾਰੀ ਦਿਆਂ ਗਵਾਈਆ । ਪੁਰਖ ਅਕਾਲ ਨੂੰ ਮੰਨੋ ਸਾਂਝਾ ਯਾਰ, ਜਿਸ ਨੇ ਵੰਡ ਨਾ ਕੋਇ ਵੰਡਾਈਆ । ਨਿਰਗੁਣ ਨਾਲ ਕਰੋ ਪਿਆਰ, ਸਰਗੁਣ ਇਸ਼ਟ ਦੇਵ ਸਮਝਾਈਆ । ਸ਼ਬਦੀ ਸ਼ਬਦ ਕਰੋ ਗੁਫ਼ਤਾਰ, ਦੂਜੀ ਅਵਰ ਨਾ ਕੋਇ ਪੜ੍ਹਾਈਆ । ਦੀਵਾ ਬਾਤੀ ਕਰੋ ਉਜਿਆਰ, ਨਿਰਗੁਣ ਜੋਤ ਹੋਏ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਹਿਬ ਸਵਾਮੀ ਨਜ਼ਰੀ ਆਈਆ ।

ਸਾਹਿਬ ਕਹੇ ਮੈਂ ਕੀ ਵੇਖੀ ਹਾਲਤ, ਹੱਲੇ ਵਿਚ ਲੋਕਾਈਆ । ਮਨਸਾ ਵਾਲੀ ਜ਼ਹਾਲਤ, ਮਮਤਾ ਕਰੇ ਲੜਾਈਆ । ਸਾਚਾ ਕਲਮਾ ਪੜ੍ਹੇ ਨਾ ਕੋਈ ਅਬਾਦਤ, ਕਰਨੀ ਕਾਰ ਨਾ ਕੋਇ ਕਮਾਈਆ । ਸੁਰਤੀ ਦਿਸੇ ਰੂਪ ਨਾ ਜਾਗਰਤ, ਆਲਸ ਨਿੰਦਰਾ ਨਾ ਕੋਇ ਮਿਟਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨਾਂ ਦੀ ਲੈਂਦੇ ਸ਼ਹਾਦਤ, ਜੋ ਆਪਣੀ ਆਪ ਦੇ ਨਾ ਸਕਣ ਸਫ਼ਾਈਆ । ਜਿਨ੍ਹਾਂ ਨੂੰ ਪੜ੍ਹ ਸੁਣ ਕੇ ਮਨ ਨੂੰ ਹੋਵੇ ਬਗ਼ਾਵਤ, ਦੀਨ ਦੁਨੀ ਕਰੇ ਲੜਾਈਆ । ਕੋਟਨ ਕੋਟ ਅੱਖਰ ਮੇਟ ਨਾ ਸਕਣ ਅਦਾਵਤ, ਝਗੜਾ ਝਗੜ ਨਾ ਮੂਲ ਚੁਕਾਈਆ । ਜਿੰਨਾਂ ਚਿਰ ਪੁਰਖ ਅਕਾਲ ਦੀਨ ਦਿਆਲ ਆਪਣੇ ਪ੍ਰੇਮ ਦੀ ਕਰੇ ਨਾ ਆਪ ਸਖਾਵਤ, ਵਸਤ ਅਮੋਲਕ ਕਾਇਆ ਗੋਲਕ ਹੱਥ ਕਿਸੇ ਨਾ ਆਈਆ ।

ਸਿਖਾਵਤ ਕਹੇ ਮੈਂ ਪ੍ਰਭ ਨੂੰ ਕਹਿਣਾ ਬਣ ਜਾ ਸਖੀ, ਵਸਤ ਅਗੰਮੀ ਦੇ ਵਰਤਾਈਆ । ਜਿਹੜੀ ਜੁਗ ਚੌਕੜੀ ਸਾਂਭ ਕੇ ਰੱਖੀ, ਪੜਦਾ ਦੇ ਖੁਲ੍ਹਾਈਆ । ਜਨ ਭਗਤਾਂ ਵਖਾ ਆਪਣੀ ਅੱਖੀਂ, ਸਿਫਤਾਂ ਵਿਚੋਂ ਬਾਹਰ ਕਢਾਈਆ । ਮਿਹਰਵਾਨ ਹੋ ਕੇ ਪਤ ਰੱਖੀਂ, ਅੰਤ ਨਾ ਕਰੀਂ ਜੁਦਾਈਆ । ਸਭ ਨੂੰ ਤੇਰੀ ਪ੍ਰੀਤ ਲੱਗੇ ਅੱਛੀ, ਦੂਜੀ ਅਵਰ ਨਾ ਕੋਇ ਪੜ੍ਹਾਈਆ । ਮਿਹਰਵਾਨ ਮਹਿਬੂਬ ਬਿਨ ਅੱਖਾਂ ਮਿਲਾਏ ਆਪਣੀ ਅੱਖੀ, ਆਖ਼ਰ ਆਪਣੀ ਮੰਜ਼ਲ ਇਕ ਚੜ੍ਹਾਈਆ । ਜਿਥੇ ਤਤਾਂ ਵਾਲੀ ਨਜ਼ਰ ਨਾ ਆਵੇ ਸਖੀ, ਆਤਮ ਪਰਮਾਤਮ ਵੱਜੇ ਵਧਾਈਆ । ਮਾਲਕ ਧੁਰ ਦਾ ਬਣ ਜਾ ਪਤੀ, ਪਤਿਪਰਮੇਸ਼ਵਰ ਬੇਪਰਵਾਹੀਆ । ਤੇਰੇ ਨਾਮ ਦੀ ਪੜ੍ਹੀਏ ਪੱਟੀ, ਦੂਜੇ ਕਲਮੇ ਦੀ ਲੋੜ ਰਹੇ ਨਾ ਰਾਈਆ । ਬਿਰਹੋਂ ਵੈਰਾਗਣ ਗਈ ਫੱਟੀ, ਘਾਓ ਡੂੰਘਾ ਨਜ਼ਰ ਨਾ ਆਈਆ । ਬਿਨਾਂ ਦਾਨ ਤੋਲ ਤੋਂ ਦੇਦੇ ਨਾਮ ਦੀ ਰਤੀ, ਜੋ ਰਤਨ ਅਮੋਲਕ ਹੀਰੇ ਗੁਰਮੁਖ ਲਏ ਬਣਾਈਆ । ਤੇਰੀ ਧਾਰ ਆਦਿ ਜੁਗਾਦਿ ਕਦੇ ਨਾ ਥੱਕੀ, ਨਿਰਗੁਣ ਹੋ ਕੇ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਡਾ ਲੇਖਾ ਦੇ ਜਣਾਈਆ ।

ਧਰਮ ਦਵਾਰ ਕਹੇ ਭਗਤਾਂ ਦੇਣਾ ਰੰਗ, ਅਨਡਿਠੜਾ ਆਪ ਚੜ੍ਹਾਈਆ । ਸਭ ਦੀ ਪੂਰੀ ਕਰ ਕੇ ਮੰਗ, ਮੰਗਤੇ ਘਰ ਘਰ ਦੇਣੇ ਟਿਕਾਈਆ । ਕਿਸੇ ਰਹੇ ਨਾ ਭੁੱਖ ਨੰਗ, ਦੁਖੀਆਂ ਦਰਦ ਨਾ ਕੋਇ ਸਤਾਈਆ । ਕੂੜੀ ਕਿਰਿਆ ਮੇਟ ਘਮੰਡ, ਮਨ ਕਾ ਮਣਕਾ ਦੇਣਾ ਭੁਵਾਈਆ । ਸਤਿ ਸਚ ਚਾੜ੍ਹ ਕੇ ਚੰਦ, ਅੰਧ ਅੰਧੇਰਾ ਦੇਣਾ ਗਵਾਈਆ । ਢੋਲਾ ਇਕੋ ਗਾਓ ਛੰਦ, ਸਾਚੀ ਸਚ ਕਰੋ ਪੜ੍ਹਾਈਆ । ਜੋ ਸਚ ਦਰਬਾਰੇ ਗਿਆ ਲੰਘ, ਦਿੱਲੀ ਦਲੀਲ ਵੱਜੇ ਵਧਾਈਆ । ਧਰਮ ਦਵਾਰ ਦਾ ਲਏ ਅਨੰਦ, ਧੀਰਪੁਰ

ਦੀ ਧਾਰ ਬਣਾਈਆ । ਭਗਤ ਉਧਾਰਨ ਵਾਲਾ ਕਰ ਕੇ ਢੰਗ, ਆਪਣਾ ਖੇਲ ਰਿਹਾ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ ।

ਭਗਤ ਦਵਾਰ ਕਹੇ ਜੋ ਆ ਗਏ ਅੱਗੇ ਸਾਥੀ, ਪੂਰਬ ਪਿਛਲਾ ਪੰਧ ਮੁਕਾਈਆ । ਸਤਿ ਧਰਮ ਦੇ ਮੇਰੇ ਬਣ ਗਏ ਜਮਾਤੀ, ਜਿਨ੍ਹਾਂ ਦੀ ਇਕੋ ਇਕ ਪੜ੍ਹਾਈਆ । ਨਾਮ ਭੰਡਾਰਾ ਖੈਰ ਮਿਲਿਆ ਕੋਲੋਂ ਖਰਾਇਤੀ, ਖੈਰਖਾਹ ਹੋ ਕੇ ਝੋਲੀ ਪਾਈਆ । ਜਨ ਭਗਤੋ ਤੁਹਾਡੀ ਥੋੜੀ ਦਿਸੇ ਅਬਾਦੀ, ਬਹੁਤੇ ਛੇਤੀ ਦੇਣੇ ਖਪਾਈਆ । ਪ੍ਰਭ ਦੀ ਕਾਰ ਵਰਤਣੀ ਡਾਹਢੀ, ਨਾ ਕੋਈ ਮੇਟੇ ਮੇਟ ਮਿਟਾਈਆ । ਚੁਲ੍ਹੇ ਕੂੜ ਚੜ੍ਹੇ ਨਾ ਹਾਂਡੀ, ਢਾਂਡੀ ਮੁੱਖ ਕੋਇ ਨਾ ਖਾਈਆ । ਕਿਸੇ ਕੰਮ ਨਾ ਆਵੇ ਸੋਨਾ ਚਾਂਦੀ, ਰੁਪਾ ਰੰਗ ਨਾ ਕੋਇ ਵਖਾਈਆ । ਦੁਨੀਆਂ ਦੀਨ ਦੀ ਹੋਵੇ ਬਾਂਦੀ, ਬੰਦਨਾ ਭੁੱਲੇ ਲੋਕਾਈਆ । ਜਿਹੜੇ ਪੂਜਾ ਕਰਦੇ ਗਾਂਧੀ, ਗੰਦਲ ਉਨ੍ਹਾਂ ਦੀ ਦੇਣੀ ਤੁੜਾਈਆ । ਕਲਜੁਗ ਅੰਤ ਔਧ ਹੈ ਜਾਂਦੀ, ਨਾ ਸਕੇ ਕੋਇ ਬਚਾਈਆ । ਪੁਰਖ ਅਕਾਲ ਆ ਗਿਆ ਫਾਂਦੀ, ਲੱਖ ਚੁਰਾਸੀ ਰਿਹਾ ਫਸਾਈਆ । ਜੋ ਤੀਰਥ ਤੱਟਾਂ ਰਹੀ ਧਿਆਂਦੀ, ਤਿਨ੍ਹਾਂ ਵੇਖੇ ਥਾਉਂ ਥਾਈਆ । ਜਿਹੜੇ ਰਸਨਾ ਢੋਲੇ ਰਹੀ ਗਾਂਦੀ, ਕੂਕ ਕੂਕ ਸੁਣਾਈਆ । ਪ੍ਰਭ ਖੇਲ ਜਾਣੇ ਥਾਂ ਥਾਂ ਦੀ, ਬਚਿਆ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਸਰਨਾਈਆ ।

ਭਗਤ ਦਵਾਰ ਕਹੇ ਜੋ ਚਲ ਕੇ ਆਏ ਪਾਂਧੀ, ਦੂਰ ਦੁਰਾਡਾ ਪੰਧ ਮੁਕਾਈਆ । ਓਨ੍ਹਾਂ ਦੀ ਪੁਰਖ ਅਕਾਲ ਨਾਲ ਨਿਰਮਲ ਧਾਰ ਹੋਵੇ ਸ਼ਾਦੀ, ਆਤਮ ਪਰਮਾਤਮ ਜੋੜ ਜੁੜਾਈਆ । ਮਨ ਵਾਸਨਾ ਦਾ ਰਹਿਵੇ ਕੋਇ ਨਾ ਆਦੀ, ਆਦਤ ਅੱਗੇ ਦਏ ਬਦਲਾਈਆ । ਸੋਈ ਸੁਰਤ ਸਵਾਣੀ ਜਾਗੀ, ਸ਼ਬਦ ਹਲੂਣੇ ਲਿਆ ਉਠਾਈਆ । ਜਨ ਭਗਤ ਹੋਏ ਵਡ ਵਡਭਾਗੀ, ਭਾਗ ਹਿੱਸਾ ਸਭ ਦਾ ਝੋਲੀ ਪਾਈਆ । ਗੁਰਮੁਖੋ ਥੋੜੇ ਸਮੇਂ ਅੰਦਰ ਬਹੁਤੀ ਘਟ ਜਾਣੀ ਅਬਾਦੀ, ਅਬਾਦਤ ਵਾਲੇ ਗੁਰਮੁਖ ਲਏ ਬਚਾਈਆ । ਪ੍ਰਭ ਦਾ ਰਹਿਣ ਨਹੀਂ ਦੇਣਾ ਕੋਈ ਬਾਗ਼ੀ, ਬਗ਼ਾਵਤ ਵਾਲਿਆਂ ਦੀ ਕਰਨੀ ਸਫ਼ਾਈਆ । ਝਗੜਾ ਮੁਕਾ ਕੇ ਚਾਰ ਕੁੰਟ ਦਹਿ ਦਿਸ਼ਾ ਭੇਵ ਰਹੇ ਨਾ ਹਿੰਦੂ ਪੰਜਾਬੀ, ਪੰਜਾਂ ਦਾ ਮਾਲਕ ਇਕੋ ਦੇਣਾ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਕਰਨੀ ਕਾਰ ਕਮਾਈਆ ।

ਭਗਤ ਦਵਾਰ ਕਹੇ ਜੋ ਆ ਗਏ ਗੁਰਮੁਖ ਚਲ, ਚਲਿਤਰ ਪ੍ਰਭ ਦਾ ਵੇਖ ਵਖਾਈਆ । ਸਚ ਦਵਾਰ ਬੈਠੇ ਮਲ, ਮਲਕੁਲਮੌਤ ਨਾ ਦਏ ਸਜ਼ਾਈਆ । ਸਾਚੀ ਧਾਰ ਅੰਦਰ ਗਏ ਰਲ, ਜਿਥੋਂ ਹੋਵੇ ਨਾ ਕਦੇ ਜੁਦਾਈਆ । ਪਹਿਲਾ ਸਾਲ ਹੁਕਮ ਨਾਲ ਗਿਆ ਚਲ, ਦੂਜਾ ਆਪਣਾ ਰੰਗ ਬਦਲਾਈਆ । ਸ਼ਾਹ ਸੁਲਤਾਨ ਉਠਣੇ ਮਲ, ਮਲੀਨ ਬੁੱਧੀ ਵਾਲੇ ਦੇਣੇ ਲੜਾਈਆ । ਹੁਕਮ ਸੰਦੇਸ਼ਾ ਇਕੋ ਘੱਲ, ਘਲੂਘਾਰਾ ਦੇਣਾ ਵਖਾਈਆ । ਹਰਿ ਕਾ ਭਾਣਾ ਜਾਏ ਨਾ ਟਲ, ਕੋਟਨ ਟੱਲੀਆਂ ਰਹੇ ਖੜਕਾਈਆ । ਪੁਰਖ ਅਕਾਲ ਦੀਨ ਦਿਆਲ ਆਦਿ ਜੁਗਾਦਿ ਜੁਗ ਚੌਕੜੀ ਕਰੇ ਖੇਲ ਅਛਲ ਅਛੱਲ, ਵਲ ਛਲ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਨਾ ਇਕ ਸੁਣਾਈਆ ।

ਧੁਰ ਫ਼ਰਮਾਨਾ ਕਹੇ ਭਗਤੋ ਤੁਹਾਡਾ ਲਹਿਣਾ ਜਗਤ ਅਨੋਖਾ, ਵੱਖਰੀ ਧਾਰ ਨਜ਼ਰੀ ਆਈਆ । ਪੁਰਖ ਅਕਾਲ ਨੇ ਮਾਰਗ ਦੱਸਿਆ ਸੌਖਾ, ਬਿਨ ਅੱਖਰਾਂ ਰਿਹਾ ਪੜ੍ਹਾਈਆ । ਨਾਤਾ ਤੁੱਟ ਗਿਆ ਜਗਤ ਪੋਥਾ, ਪੁਸਤਕ ਬਗਲ ਨਾ ਕੋਇ ਟਿਕਾਈਆ । ਧੁਰ ਦਾ ਮਾਲਕ ਮਿਲ ਗਿਆ ਕਾਇਆ ਕਾਅਬੇ ਸਾਚੇ ਕੋਠਾ, ਜਗਤ ਕੁਟੀਆਂ ਵਿਚ ਆਸਣ ਨਾ ਕੋਇ ਲਾਈਆ । ਕਰ ਪਰਕਾਸ਼ ਨਿਰਮਲ ਜੋਤਾ, ਜੋਤੀ ਜੋਤ ਡਗਮਗਾਈਆ । ਨਾਮ ਖ਼ੁਮਾਰੀ ਅੰਦਰ ਕਰ ਮਦਹੋਸ਼ਾ, ਦੂਨੀ ਦਾ ਦੀਨ ਦਿਤਾ ਬਦਲਾਈਆ । ਅੱਗੇ ਰਹਿਣ ਨਾ ਦੇਵੇ ਕੋਈ

ਸੋਚਾ, ਸੋਚ ਸਮਝ ਤੋਂ ਬਾਹਰ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਆਪਣੇ ਮਿਲਣ ਦਾ ਦੇ ਕੇ ਮੌਕਾ, ਸ੍ਰਿਸ਼ਟ ਸਬਾਈ ਦਏ ਰੁੜ੍ਹਾਈਆ ।

ਭਗਤ ਦਵਾਰ ਕਹੇ ਮੇਰੀ ਸੁਣ ਲਓ ਸਚੀ ਪੂਜਾ, ਪੁੱਜ ਕੇ ਦਿਆਂ ਸੁਣਾਈਆ । ਬਿਨਾਂ ਪੁਰਖ ਅਕਾਲ ਤੋਂ ਕੋਈ ਨਾਂ ਨਹੀਂ ਬਣਨਾ ਦੂਜਾ, ਢੋਲਾ ਸੋਹਲਾ ਇਕ ਸੁਣਾਈਆ । ਇਹ ਭੇਵ ਨਹੀਂ ਗੂਝਾ, ਸਨਮੁਖ ਹੋ ਕੇ ਰਿਹਾ ਸੁਣਾਈਆ । ਕਲਜੁਗ ਅੰਤ ਭਾਂਡਾ ਹੋਣਾ ਮੂਧਾ, ਫੜ ਕੇ ਸਕੇ ਨਾ ਕੋਇ ਉਲਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦੇਵਣਹਾਰ ਵਡਿਆਈਆ ।

ਜਨ ਭਗਤ ਤੇਰੀ ਆਈ ਸਚੀ ਵਾਰੀ, ਵਾਰਤਾ ਪਿਛਲੀ ਰਿਹਾ ਦੁਹਰਾਈਆ । ਪੁਰਖ ਅਕਾਲ ਨਾਲ ਲੱਗੀ ਅਨੋਖੀ ਯਾਰੀ, ਯਾਦਗਾਰ ਰਿਹਾ ਬਣਾਈਆ । ਪੰਜ ਚੇਤ ਚਾਰ ਯੁਗ ਤੱਕ ਲੇਖੇ ਲੱਗਦੀ ਰਹੇ ਦਿਹਾੜੀ, ਦਿਵਸ ਰੈਣ ਇਕੋ ਰੰਗ ਚੜ੍ਹਾਈਆ । ਕਲਜੁਗ ਕੂੜੀ ਕਿਰਿਆ ਸਭ ਦੀ ਕਿਸਮਤ ਕੀਤੀ ਮਾੜੀ, ਮੜ੍ਹੀ ਗੋਰ ਬੈਠੀ ਰਾਹ ਤਕਾਈਆ । ਅੰਤ ਵਾਸਾ ਹੋਣਾ ਵਿਚ ਉਜਾੜੀ, ਉਜੜਿਆਂ ਫੇਰ ਨਾ ਕੋਇ ਵਸਾਈਆ । ਜਨ ਭਗਤੋ ਤੁਹਾਡੀ ਲੇਖੇ ਲੱਗੀ ਅੱਜ ਦੀ ਦਿਹਾੜੀ, ਅੱਗੇ ਪੂਜਾ ਪਾਠ ਸਿਮਰਨ ਜੋਗ ਅਭਿਆਸ ਤੋਂ ਦੇਵੇ ਲੰਘਾਈਆ । ਦਰਸ਼ਨ ਦੇਵੇ ਅਨੇਕ ਵਾਰੀ, ਗਿਣਤੀਆਂ ਵਿਚੋਂ ਲੇਖਾ ਬਾਹਰ ਦੇਵੇ ਕਢਾਈਆ । ਪੁਰਖ ਅਕਾਲ ਬਣ ਕੇ ਵੱਡਾ ਬਲਕਾਰੀ, ਬਲ ਆਪਣਾ ਦਏ ਜਣਾਈਆ । ਕੋਈ ਰਹਿਣ ਨਾ ਦੇਵੇ ਰਾਜਾ ਛਤਰਧਾਰੀ, ਸ਼ਤਰੂਆਂ ਨਾਲ ਸ਼ਤਰੂ ਦੇਣੇ ਲੜਾਈਆ । ਇਕੋ ਜੋਤ ਜਗੇ ਨਿਰੰਕਾਰੀ, ਦੋ ਜਹਾਨਾਂ ਕਰੇ ਰੁਸ਼ਨਾਈਆ । ਸਚ ਦਵਾਰ ਉਤੇ ਸਤਿ ਦੀ ਆਏ ਵਾਰੀ, ਵਾਰਤਾ ਪਿਛਲੀ ਜਾਏ ਭੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਭਗਤਾਂ ਭਗਤਾਂ ਲੇਖਾ ਰਿਹਾ ਵਖਾਈਆ ।

ਪੰਜ ਚੇਤ ਕਹੇ ਮੈਨੂੰ ਸਮਝੇ ਕੋਈ ਨਾ ਸਾਧ, ਜਗਤ ਸੰਤ ਸਾਰ ਕੋਇ ਨਾ ਆਈਆ । ਮੇਰੇ ਕੋਲੋਂ ਖੱਟੇ ਕੋਈ ਨਾ ਲਾਭ, ਵਸਤ ਅਮੋਲਕ ਝੋਲੀ ਨਾ ਕੋਇ ਪਵਾਈਆ । ਮੈਂ ਪ੍ਰਭ ਦੇ ਕੋਲੋਂ ਸਭ ਨੂੰ ਕੋਰਾ ਦਵਾ ਦੇਣਾ ਜਵਾਬ, ਅੱਗੇ ਗੁੰਜਾਇਸ਼ ਨਾ ਕੋਇ ਰਖਾਈਆ । ਸ੍ਰਿਸ਼ਟੀ ਨੇ ਤਰਸਣਾ ਬੂੰਦ ਸਵਾਂਤੀ ਆਬ, ਆਬੇਹਯਾਤ ਮੁੱਖ ਨਾ ਕੋਇ ਚੁਵਾਈਆ । ਕਿਸੇ ਕੰਮ ਨਾ ਔਣਾ ਖਾਧਾ ਕਬਾਬ, ਕਬਰਾਂ ਵਿਚ ਸਾਰੇ ਰਹੇ ਕੁਰਲਾਈਆ । ਸਾਰੇ ਕਰ ਕੇ ਲਾਜਵਾਬ, ਜਵਾਬਤਲਬੀ ਵਿਚ ਸਚੇ ਦਵਾਰੇ ਦਏ ਭੁਗਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਮਾਲਕ ਬਣ ਕੇ ਨਵਾਬ, ਨੌਬਤ ਇਕੋ ਦਏ ਸੁਣਾਈਆ ।

ਭਗਤ ਦਵਾਰ ਕਹੇ ਮੇਰਾ ਕਿੱਡਾ ਸੋਹਣਾ ਆਇਆ ਵਕਤ, ਭਵਿਖਤ ਪਿਛਲਾ ਲੇਖ ਮੁਕਾਈਆ । ਅੱਗੇ ਲਹਿਣਾ ਵਿਚ ਜਗਤ, ਜੁਗਤੀ ਭਗਤਾਂ ਰਿਹਾ ਸਮਝਾਈਆ । ਇਕੋ ਪੁਰਖ ਅਕਾਲ ਦੇ ਮਿਲਣ ਦਾ ਵਕਤ, ਦੂਜੀ ਘੜੀ ਵੰਡ ਨਾ ਕੋਇ ਵੰਡਾਈਆ । ਕਲਜੁਗ ਅੰਤ ਤਾਰਨ ਵਾਲਾ ਇਕੋ ਫ਼ਕਤ, ਜੋ ਫਿਕਰ ਸਾਰੇ ਦਏ ਮਿਟਾਈਆ । ਉਸ ਦੇ ਕੋਲ ਆਪਣੀ ਧੁਰ ਦੀ ਸ਼ਕਤ, ਦੂਜੇ ਦਰ ਮੰਗਣ ਨਾ ਜਾਈਆ । ਨਿਰਗੁਣ ਹੋ ਕੇ ਆਇਆ ਉਤੇ ਫਰਸ਼, ਸਰਗੁਣ ਦੇਵੇ ਮਾਣ ਵਡਿਆਈਆ । ਜਨ ਭਗਤੋ ਤੁਹਾਡੇ ਉਤੇ ਕਰ ਕੇ ਤਰਸ, ਰਹਿਮਤ ਆਪਣੀ ਰਿਹਾ ਕਮਾਈਆ । ਵੇਖਿਓ ਨਜ਼ਾਰਾ ਕੀ ਕੀ ਹੁੰਦਾ ਇਸ ਦੂਜੇ ਬਰਸ, ਬਰਸੀ ਗਾਵਣ ਵਾਲੇ ਸਾਰੇ ਦੇਣ ਦੁਹਾਈਆ । ਪੁਰਖ ਅਕਾਲ ਆਪ ਬੈਠਣਾ ਨਿਧੱੜਕ, ਧੜਕੇ ਵਿਚ ਦੀਨ ਦੁਨੀ ਦਏ ਹਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੁਕਮ ਅੰਦਰ ਪੈਣ ਨਾ ਦੇਵੇ ਫ਼ਰਕ, ਫਿਰਕਿਆਂ ਵਾਲੇ ਫਿਰਕੇ ਵੇਖ ਵਖਾਈਆ ।

ਭਗਤ ਦਵਾਰ ਕਹੇ ਮੈਂ ਕੋਈ ਖਿੱਚੀ ਨਹੀਂ ਭਗੌਤੀ, ਚੰਡੀ ਹੱਥ ਨਾ ਕੋਇ ਉਠਾਈਆ । ਮੈਂ ਕੋਈ ਖੇਲ ਦੱਸਣੀ ਨਹੀਂ ਬਹੁਤੀ ਧੁਰ ਦਾ ਹੁਕਮ ਸਹਿਜ ਨਾਲ ਜਣਾਈਆ । ਸ੍ਰਿਸ਼ਟੀ ਕੋਟਾਂ ਵਿਚ ਦਿਸੇ ਔਤੀ, ਅੱਗੇ ਜੜ੍ਹ ਨਾ ਕੋਇ ਲਗਾਈਆ । ਮੁਕਾਮੇ ਹੱਕ ਮੂਲ ਨਾ ਪਹੁੰਚੀ, ਸਚਖੰਡ ਨਾ ਕੋਇ ਰੁਸ਼ਨਾਈਆ । ਕਿਸੇ ਕੰਮ ਨਾ ਆਈ ਬੁਧੀ ਵਾਲੀ ਸੋਚ ਸੋਚੀ, ਜਗਤ ਵਾਲੀ ਪੜ੍ਹਾਈਆ । ਬਣ ਗਏ ਜਨਮ ਜਨਮ ਦੇ ਰੋਗੀ, ਕਰਮ ਕਰਮ ਦਾ ਗੇੜ ਰਖਾਈਆ । ਬਿਨਾ ਭਗਤਾਂ ਧੁਰ ਦੇ ਬਣੇ ਨਾ ਮੂਲ ਸੰਜੋਗੀ, ਸਾਚਾ ਮੇਲ ਨਾ ਕੋਇ ਕਰਾਈਆ । ਜਨ ਭਗਤੋ ਤੁਹਾਡੇ ਬਿਨਾ ਕਿਸੇ ਨੂੰ ਔਣ ਨਹੀਂ ਦੇਂਦਾ ਸੋਝੀ, ਸੁਤਿਆਂ ਦੀ ਰੈਣ ਰਹੀ ਵਿਹਾਈਆ ।

ਰੈਣ ਕਹੇ ਮੈਂ ਭਿੰਨੜ ਭਿੰਨੀ, ਭਾਗਾਂ ਵਾਲੀ ਫੇਰੀ ਪਾਈਆ । ਮੈਂ ਵੇਖੀ ਪਰਮ ਪੁਰਖ ਦੀ ਭਗਤਾਂ ਵਾਲੀ ਸੰਗਤ ਕਿੰਨੀ, ਕਿੰਨੇ ਆਪਣੇ ਨਾਲ ਮਿਲਾਈਆ । ਸਚ ਪੁਛੋ ਛੇ ਹਜ਼ਾਰ ਸਤ ਸੌ ਤਰੇਠ ਜਿਨ੍ਹਾਂ ਦੀ ਗਿਣਤੀ ਗਿਣੀ, ਗਿਣ ਕੇ ਦਿਆਂ ਸਮਝਾਈਆ । ਉਹਨਾਂ ਦੀ ਅੱਖ ਨਹੀਂ ਅੰਦਰੋਂ ਅੰਨ੍ਹੀ, ਅੰਨ੍ਹਿਆਂ ਦੇ ਸੁਜਾਖੇ ਅੰਦਰੋਂ ਰੂਪ ਦਏ ਬਦਲਾਈਆ । ਪੰਜ ਚੇਤ ਤੋਂ ਬਾਅਦ ਬਹੁਤਿਆਂ ਨੂੰ ਦਰਸ਼ਨ ਹੋਵੇ ਦਿਨ (ਦੀਵੀ), ਸਾਖਿਆਤ ਅੱਗੇ ਖਲੋਤਾ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਆਪ ਉਠਾਈਆ ।

ਭਗਤ ਦਵਾਰ ਕਹੇ ਭਗਵਾਨ ਬਦਲ ਲੈ ਆਪਣਾ ਰੂਪ, ਅਨੂਪ ਦੇ ਬਦਲਾਈਆ । ਤੂੰ ਮਾਲਕ ਧੁਰ ਦਾ ਭੂਪ, ਭੂਪਤ ਤੇਰੀ ਓਟ ਰਖਾਈਆ । ਗੁਰ ਅਵਤਾਰ ਪੈਗ਼ੰਬਰ ਕਰ ਕੇ ਗਏ ਕੂਚ, ਕੂਚਾ ਗਲੀ ਖਾਲੀ ਦਏ ਦੁਹਾਈਆ । ਸਾਚੀ ਆਵੇ ਕਿਸੇ ਨਾ ਸੂਝ, ਭਰਮੇ ਵਿਚ ਲੋਕਾਈਆ । ਝਗੜਾ ਰਿਹਾ ਏਕਾ ਦੂਜ, ਭਰਮੇ ਵਿਚ ਲੋਕਾਈਆ । ਕੋਈ ਚੜ੍ਹੇ ਨਾ ਮੰਜ਼ਲੇ ਮਕਸੂਦ, ਨਾਅਰਾ ਹੱਕ ਨਾ ਕੋਇ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਦੇ ਦ੍ਰਿੜਾਈਆ ।

ਸਾਚਾ ਹੁਕਮ ਕਹੇ ਮੈਂ ਕਰਨ ਵਾਲਾ ਫੁਰਤੀ, ਫੁਰਤੀਲਾ ਹੋ ਕੇ ਦਿਆਂ ਜਣਾਈਆ । ਮੈਂ ਕਿਸੇ ਨੂੰ ਪੂਜਣ ਨਹੀਂ ਦੇਣੀ ਕੋਈ ਮੂਰਤੀ, ਮੂਰਤ ਅਕਾਲ ਇਕੋ ਦੇਣੀ ਜਣਾਈਆ । ਜਨ ਭਗਤੋ ਹੁਣ ਇਹ ਗੱਲ ਨਹੀਂ ਦੂਰ ਦੀ, ਦੂਰ ਦੁਰਾਡਾ ਪੈਂਡਾ ਰਿਹਾ ਮੁਕਾਈਆ । ਇਹ ਖੇਲ ਹੋਣੀ ਸਰਬ ਕਲਾ ਭਰਪੂਰ ਦੀ, ਜੋ ਖਾਲੀ ਭਾਂਡੇ ਦਏ ਭਰਾਈਆ । ਇਹ ਧਾਰ ਪਰਗਟੌਣੀ ਇਕ ਨੂਰ ਦੀ, ਜੋ ਨੂਰੋ ਨੂਰ ਕਰੇ ਰੁਸ਼ਨਾਈਆ । ਇਹ ਕੋਈ ਚੋਟੀ ਨਹੀਂ ਕੋਹਤੂਰ ਦੀ, ਜੋ ਮੂਸਾ ਮੂੰਹ ਦੇ ਭਾਰ ਸੁਟਾਈਆ । ਇਹ ਖੇਲ ਹਾਜ਼ਰ ਹਜ਼ੂਰ ਦੀ, ਜੋ ਹਜ਼ਰਤਾਂ ਨਾਲੋਂ ਨਾਤੇ ਰਿਹਾ ਤੁੜਾਈਆ । ਤੁਹਾਡੀ ਸੇਵਾ ਨਹੀਂ ਕਿਸੇ ਮਜ਼ਦੂਰ ਦੀ, ਜੋ ਟਕਿਆਂ ਵਾਲੀ ਵੰਡ ਵੰਡਾਈਆ । ਤੁਹਾਡੀ ਮੁਹੱਬਤ ਸਦਾ ਮਨਜ਼ੂਰ ਦੀ, ਮਨਜ਼ੂਰੀ ਆਪਣੇ ਨਾਲ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰੇ ਦਏ ਵਡਿਆਈਆ ।

ਸਚ ਦਵਾਰਾ ਵੇਖਣਾ ਧੁਰ ਧਾਮ, ਹਰਿ ਕਰਤਾ ਆਪ ਜਣਾਈਆ । ਤੁਹਾਡਾ ਮਾਲਕ ਇਕੋ ਰਾਮ, ਹਰ ਘਟ ਰਮਿਆਂ ਦਏ ਵਖਾਈਆ । ਤੁਹਾਡਾ ਸਾਲਸ ਇਕੋ ਕਾਹਨ, ਜੋ ਫੈਸਲਾ ਧੁਰ ਦਾ ਏਕਾ ਦਏ ਸੁਣਾਈਆ । ਤੁਹਾਡਾ ਮਾਲਕ ਇਕ ਅਮਾਮ, ਜੋ ਅਮਲਾਂ ਤੋਂ ਬਾਹਰ ਦਏ ਕਢਾਈਆ । ਉਸਦਾ ਸੱਚਦਾ ਇਕ ਕਲਾਮ, ਜੋ ਕਲਮਾ ਕਾਇਨਾਤ ਵਿਚੋਂ ਬਾਹਰ ਦਏ ਸੁਣਾਈਆ । ਕਲਜੁਗ ਅੰਤਮ ਹੋ ਮਿਹਰਵਾਨ, ਹੁਕਮ ਆਪਣਾ ਰਿਹਾ ਜਣਾਈਆ । ਜਨ ਭਗਤੋ ਭਗਤ ਦਵਾਰੇ ਉਤੇ ਚੜ੍ਹ ਗਿਆ ਸੱਤ ਰੰਗ ਨਿਸ਼ਾਨ, ਨਿਸ਼ਾਨੇ ਸਭ ਦੇ ਦਏ ਉਠਾਈਆ । ਜਿਨ੍ਹਾਂ "ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ" ਦਾ

ਗਾਇਆ ਗਾਣ, ਤਿਨ੍ਹਾਂ ਨੂੰ ਗਾਨੇ ਬੰਨ੍ਹ ਕੇ ਸਗਣਾਂ ਨਾਲ ਆਪਣੇ ਘਰ ਬਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦੀ ਧਾਰ ਆਇਆ ਵਿਚ ਮੈਦਾਨ, ਮੈਦਾਨ ਸਾਰੇ ਸਾਫ ਕਰਾਈਆ ।

ਮੈਦਾਨ ਆਇਆ ਵਿਚ ਅਖਾੜੇ, ਪੁਰਖ ਅਕਾਲ ਆਪਣੀ ਫੇਰੀ ਪਾਈਆ । ਨਿੱਕੇ ਨਿੱਕੇ ਰਹਿਣ ਨਹੀਂ ਦੇਣੇ ਵਾੜੇ, ਵਾੜ ਕੰਡਿਆਂ ਵਾਲੀ ਦੇਣੀ ਹਟਾਈਆ । ਇਕੋ ਪੁਰਖ ਅਕਾਲ ਦੇ ਸਭ ਨੂੰ ਕੱਢਣੇ ਪੈਣ ਹਾੜੇ, ਨਿਉਂ ਨਿਉਂ ਸੀਸ ਸਰਬ ਝੁਕਾਈਆ । ਜਨ ਭਗਤ ਸੁਹੇਲੇ ਜਿਸ ਆਪਣੇ ਬਣੌਣੇ ਧੁਰ ਦੇ ਲਾੜੇ, ਨਾਤਾ ਆਪਣੇ ਨਾਲ ਜੁੜਾਈਆ । ਇਹ ਖੇਲ ਹੋਣ ਵਾਲਾ ਵਿਚ ਹਾੜੇ, ਹਾੜੇ ਕੱਢੇ ਸਰਬ ਲੋਕਾਈਆ । ਕਲਜੁਗ ਜੀਵਾਂ ਬੁੱਧੀ ਵਾਲੇ ਆਏ ਦਿਨ ਮਾੜੇ, ਸੁਦੀ ਸਚ ਨਾ ਕੋਇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਟ ਦੇਵੇ ਜੋ ਟੱਟੂ ਜਗਤ ਵਾਲੇ ਭਾੜੇ, ਸ਼ਾਹ ਅਸਵਾਰਾ ਇਕੋ ਆਪਣਾ ਅਸਵ ਦਏ ਦੁੜਾਈਆ ।

ਅਸਵ ਕਹੇ ਮੇਰੀ ਸ਼ਬਦੀ ਦੌੜ, ਕਦਮਾਂ ਵਾਲੀ ਵੰਡ ਨਾ ਕੋਇ ਵੰਡਾਈਆ । ਮੈਂ ਚਾਰ ਕੁੰਟ ਜਾਵਾਂ ਬੌਹੜ, ਭੱਜਾਂ ਚਾਈਂ ਚਾਈਆ । ਕਲਜੁਗ ਅੰਤ ਸਦੀ ਚੌਧਵੀਂ ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਬੇਈਮਾਨਾਂ ਮਾਰਾਂ ਅਗੰਮਾਂ ਪੌੜ, ਪੌੜੀ ਡੰਡੇ ਉਤੋਂ ਹੇਠਾਂ ਦਿਆਂ ਸੁਟਾਈਆ । ਕਿਸੇ ਨੂੰ ਸਮਝ ਔਣ ਨਾ ਦਿਆਂ ਕਿਸ ਧਾਰ ਵਿਚ ਖੇਲੇ ਖੇਲ ਬ੍ਰਹਿਮਣ ਗੌੜ, ਪਾਰਬ੍ਰਹਮ ਬ੍ਰਹਮ ਆਪਣਾ ਹੁਕਮ ਵਰਤਾਈਆ । ਲੱਖਾਂ ਕੋਟਾਂ ਅਰਬਾਂ ਵਿਚੋਂ ਥੋੜ੍ਹਿਆਂ ਉਤੇ ਕਰ ਕੇ ਗੌਰ, ਗੌਰਵ ਨਾਲ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤੋ ਵਿਛੜਿਆਂ ਨੂੰ ਰਿਹਾ ਜੋੜ, ਵਿਛੋੜਾ ਅਗਲਾ ਦਏ ਕਟਾਈਆ ।

ਵਿਛੋੜਾ ਕਹੇ ਮੈਂ ਭਗਤ ਦਵਾਰੇ ਖਾਵਾਂ ਸੁਗੰਧ, ਵਿਚੋਲਾ ਸ੍ਰੀ ਭਗਵਾਨ ਬਣਾਈਆ । ਜਨ ਭਗਤੋ ਤੁਹਾਡੀ ਬੰਦੀਖਾਨੇ ਵਿਚੋਂ ਨਿਕਲਿਆ ਬੰਦ ਬੰਦ, ਬੰਦਨਾ ਦੱਸੀ ਬੇਪਰਵਾਹੀਆ । ਤੁਹਾਡਾ ਜੋਤੀ ਨੂਰ ਚਮਕਣਾ ਚੰਨ, ਬਿਨਾ ਚੰਦ ਹੋਵੇ ਰੁਸ਼ਨਾਈਆ । ਤੁਹਾਡੇ ਜਨਮ ਮਰਨ ਦਾ ਲੇਖਾ ਹੋਇਆ ਬੰਦ, ਬੰਦੀਆਂ ਤੋਂ ਬੰਦਗੀ ਵਾਲੇ ਬੰਦੇ ਲਏ ਬਣਾਈਆ । ਪੰਜ ਚੇਤ ਦਾ ਨੌਂ ਸੌ ਚੁਰਾਨਵੇ ਚੌਕੜੀ ਜੁਗ ਪਿਛੋਂ ਅਨੰਦ, ਸਾਲ ਬਸਾਲ ਹੱਥ ਕਿਸੇ ਨਾ ਆਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਅੱਗੇ ਤੁਹਾਡਾ ਸਦਾ ਬਣਿਆ ਰਹੇ ਬਖ਼ਸ਼ੰਦ, ਰਹਿਮਤਾਂ ਦਾ ਮਾਲਕ ਹੋ ਕੇ ਆਪਣਾ ਰਹਿਮ ਕਮਾਈਆ । ਤੁਸਾਂ ਖ਼ੁਸ਼ੀ ਨਾਲ ਸੌਂਦਿਆਂ ਜਾਗਦਿਆਂ ਦੋਵੇਂ ਵੇਲੇ "ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦਾ ਗੌਣਾ ਛੰਦ", ਅੱਗੇ ਦੇਵੇ ਨਾ ਕੋਇ ਸਜ਼ਾਈਆ । ਸਚਾ ਪ੍ਰੇਮ ਸਚ ਪਿਆਰ ਸਚ ਮੁਹੱਬਤ ਵਿਚ ਤੁਹਾਨੂੰ ਦੇਣਾ ਵੰਡ, ਗੰਢ ਆਪਣੀ ਰਿਹਾ ਖੁਲ੍ਹਾਈਆ । ਤੁਹਾਡੇ ਸੀਨੇ ਪਾ ਕੇ ਠੰਡ, ਆਪਣੇ ਲਾ ਕੇ ਅੰਗ, ਅੰਗਣ ਵਿਚ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਹੁਕਮ ਦੇ ਕਰ ਪਾਬੰਦ, ਪਾਬੰਦੀ ਸਾਰੀ ਦਏ ਕਟਾਈਆ ।

ਜਨ ਭਗਤੋ ਤੁਸਾਂ ਸਚ ਪ੍ਰੇਮ ਦੀ ਸਮਝਣਾ ਪਾਬੰਦੀ, ਮੁਹੱਬਤ ਇਕੋ ਨਾਲ ਰਖਾਈਆ । ਲੱਖ ਚੁਰਸੀ ਰਹੇ ਨਾ ਖਾਨਾਬੰਦੀ, ਬੰਦਗੀ ਆਪਣੀ ਦਏ ਦ੍ਰਿੜਾਈਆ । ਅੱਗੇ ਪ੍ਰਭ ਨੇ ਖੇਲ ਕਰਨੀ ਬਹੁਰੰਗੀ, ਭੇਵ ਅਭੇਦਾ ਦਏ ਖੁਲ੍ਹਾਈਆ । ਤੁਹਾਡੀ ਧਾਰ ਬਦਲ ਕੇ ਧਾਰ ਕਰਨੀ ਚੰਗੀ, ਚੰਗੀ ਤਰ੍ਹਾ ਆਪਣੇ ਨਾਲ ਰਖਾਈਆ । ਦੁਨੀਆਂ ਦੀ ਦ੍ਰਿਸ਼ਟੀ ਕਰਨੀ ਅੰਧੀ, ਅਗਿਆਨ ਵਿਚ ਲੋਕਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਦੇਵੇ ਸਦਾ ਪੌਣ ਠੰਡੀ, ਅਗਨੀ ਤਤ ਤਤ ਵਿਚ ਨਾ ਕੋਇ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਦਾ ਸਦਾ ਸਦ ਬਣਿਆ ਰਹੇ ਤੁਹਾਡਾ ਸੰਗੀ, ਸੰਗ ਅੰਦਰੋਂ ਦਏ ਕਢਾਈਆ ।

✪ ✪ ✪ ✪ ✪
✪ ✪ ✪ ✪ ✪

✪ ੧ ਕਤਕ ਸ਼ਹਿਨਸ਼ਾਹੀ ਸੰਮਤ ਨੌ ਹਰਿ ਭਗਤ ਦੁਵਾਰ, ਜੇਠੂਵਾਲ ਜ਼ਿਲਾ ਅੰਮ੍ਰਿਤਸਰ ਰਾਤ ਨੂੰ ✪

. . . . . . . . . . . . ਕੱਤਕ ਕਹੇ ਜਨ ਭਗਤੋ ਕਰੋ ਸੁਧਾਰ, ਸੁਦੀ ਵਦੀ ਨਾ ਵੰਡ ਵੰਡਾਈਆ । ਕੂੜਾ ਅੰਦਰੋਂ ਛੱਡੋ ਹੰਕਾਰ, ਹਉਮੇ ਰੋਗ ਮਿਟਾਈਆ । ਮਮਤਾ ਮੋਹ ਨਾ ਕਰੋ ਪਿਆਰ, ਮੁਹੱਬਤ ਇਕੋ ਵੇਖ ਵਿਖਾਈਆ । ਰਾਹ ਤੱਕੋ ਪਰਵਰਦਿਗਾਰ, ਜੋ ਸਾਂਝਾ ਯਾਰ ਅਗੰਮ ਅਥਾਹੀਆ । ਜਿਸ ਨੂੰ ਕਹਿੰਦੇ ਸਤਿ ਕਰਤਾਰ, ਕੁਦਰਤ ਦਾ ਕਾਦਰ ਇਕ ਅਖਵਾਈਆ । ਜਿਸ ਨੂੰ ਝੁਕਦੇ ਪੈਗੰਬਰ ਗੁਰ ਅਵਤਾਰ, ਨਿਵ ਨਿਵ ਲਾਗਣ ਪਾਈਆ । ਸੋ ਪੁਰਖ ਅਕਾਲਾ ਦੀਨ ਦਿਆਲਾ ਸਭ ਦਾ ਮੀਤ ਮੁਰਾਰ, ਮਿੱਤਰ ਪਿਆਰਾ ਇਕ ਅਖਵਾਈਆ । ਤਿਸ ਸਾਹਿਬ ਸੁਵਾਮੀ ਸਤਿ ਨਾਲ ਕਰੋ ਇਕ ਨਿਮਸਕਾਰ, ਨਿਵ ਨਿਵ ਸੀਸ ਨਿਵਾਈਆ । ਫੇਰ ਬੋਲੋ ਪੰਜ ਜੈਕਾਰ, ਖ਼ੁਸ਼ੀਆਂ ਢੋਲੇ ਗਾਈਆ । ਤੇਰਾ ਇਕੋ ਦਰਸ ਦੀਦਾਰ, ਇਕੋ ਨੈਣ ਨੈਣ ਬਿਗਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਰੰਗ ਆਪ ਬਣਾਈਆ ।

ਧਰਨੀ ਕਹੇ ਕੱਤਕ ਮੇਰੀਆਂ ਕੁੱਛ ਮੰਗਾਂ, ਮਿੱਤਰਾ ਦਿਆਂ ਜਣਾਈਆ । ਕੁਛ ਲਹਿਣਾ ਦੇਣਾ ਲਿਖਾਰੀਆਂ ਪੰਜਾਂ, ਪੰਜ ਪੋਹ ਸਮਝਾਈਆ । ਭੇਵ ਖੁਲ੍ਹਾਉਣਾ ਕਵੀਆਂ ਬਵੰਜਾ, ਪਰਦਾ ਆਪ ਚੁਕਾਈਆ । ਦਿੱਲੀ ਦਰਬਾਰ ਦਾ ਬਦਲ ਪਲੰਘਾ, ਸਿੰਮਤ ਦੇਣੀ ਬਦਲਾਈਆ । ਸ਼ਬਦੀ ਧਾਰ ਹੁਕਮ ਹੋਣਾ ਜੋ ਸੰਦੇਸਾ ਦਿਤਾ ਗੋਬਿੰਦ ਪੁਰੀ ਅਨੰਦਾ, ਅਨੰਦ ਨਾਲ ਸੁਣਾਈਆ । ਜੋ ਇਸ਼ਾਰਾ ਕੀਤਾ ਸ਼ਿਵਜੀ ਗੰਗਾ, ਗੰਗੋਤਰੀ ਗਿਆ ਦ੍ਰਿੜਾਈਆ । ਜੋ ਇਸ਼ਾਰਾ ਦੱਸਿਆ ਪਰੀ ਅਰੰਬਾ, ਭੇਵ ਅਭੇਦ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ ।

ਕੱਤਕ ਕਹੇ ਮੇਰੀ ਖ਼ਾਹਿਸ਼ ਨਿਆਰੀ, ਸਚ ਦਿਆਂ ਸੁਣਾਈਆ । ਪੰਚਮ ਪੋਹ ਸਚੀ ਥਿਤ ਵਾਰੀ, ਨਛਤਰ ਗ੍ਰਹਿ ਵੰਡ ਨਾ ਕੋਇ ਵੰਡਾਈਆ । ਭਾਗ ਲਗਾਉਣੀ ਦਿੱਲੀ ਦਰਬਾਰੀ, ਸੰਤ ਮਨੀ ਸਿਘ ਅੱਖ ਉਠਾਈਆ । ਹਾਜ਼ਰ ਹੋਣਗੇ ਪੰਜ ਲਿਖਾਰੀ, ਕਲਮਾਂ ਪੰਜ ਪੰਜ ਉਠਾਈਆ । ਗੁਰਮੁਖ ਸਿੰਘ ਇਕ ਪਾਸਿਉਂ ਬੰਨ੍ਹ ਕੇ ਦਾਹੜੀ, ਗੰਢਾਂ ਤਿੰਨ ਤਿੰਨ ਬੰਧਾਈਆ । ਸਤਿਗੁਰ ਰੂਪ ਬਣ ਕੇ ਸੋਹਣੀ ਲਾੜੀ, ਮਸਤਕ ਬਿੰਦੀਆਂ ਨਾਲ ਵਡਿਆਈਆ । ਸ਼ਬਦ ਢੋਲੇ ਗਾਵੇ ਅਗੰਮ ਪਹਾੜੀ, ਸ਼ੰਕਰ ਸੁਣੇ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਆਪ ਵਰਤਾਈਆ ।

ਕੱਤਕ ਕਹੇ ਪ੍ਰਭ ਚਾੜ੍ਹਨਾ ਰੰਗ ਗੂਹੜਾ, ਆਪਣੀ ਦਇਆ ਕਮਾਈਆ । ਆਪਣੀ ਹੱਥੀਂ ਪਹਿਰ ਕੇ ਲਾਲ ਚੂੜ੍ਹਾ, ਸੁਹਾਗਣ ਸੁਹਾਗ ਦਏ ਲੁਟਾਈਆ । ਕਲਜੁਗ ਕੁਕਰਮ ਮੇਟ ਕੇ ਕੂੜਾ, ਹਰਿਜਨ ਸਾਚੇ ਪਾਰ ਕਰਾਈਆ । ਨੌਂ ਵਾਰ ਦਿੱਲੀ ਦਰਬਾਰ ਵਿਚ ਬਖ਼ਸ਼ੇ ਚਰਨ ਧੂੜਾ, ਧੂੜੀ ਧੂੜੀ ਵਿਚੋਂ ਪ੍ਰਗਟਾਈਆ । ਆਪ ਹੋ ਕੇ ਹਾਜ਼ਰ ਹਜ਼ੂਰਾ, ਹਜ਼ਰਤਾਂ ਲਏ ਬੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਧੁਰ ਮਾਲਕ ਇਕ ਅਖਵਾਈਆ ।

ਕੱਤਕ ਕਹੇ ਦੋ ਪੋਹ ਨੂੰ ਹੋਣਾ ਰਵਾਨਾ, ਰਵਾਨਗੀ ਸਤਿਗੁਰ ਸ਼ਬਦ ਬਣਾਈਆ । ਦੁਆਬੇ ਵਾਲਿਆਂ ਹੱਥੀਂ ਬੰਨ੍ਹ ਕੇ ਮਿਲਣਾ ਗਾਨਾ, ਰੈਣ ਸੁਹੰਵਣੀ ਸੋਭਾ ਪਾਈਆ । ਤਿੰਨ ਪੋਹ ਨੂੰ ਖੇਲ ਮਹਾਨਾ, ਮਹਿੰਮਾ ਕਥ ਕਥ ਦ੍ਰਿੜਾਈਆ । ਮਾਲਵੇ ਵਾਲਿਆਂ ਫੜ ਕੇ ਹੱਥ ਵਿਚ ਕਾਨਾ, ਸਾਢੇ ਤਿੰਨ ਹੱਥ ਦੇਣਾ ਵਖਾਈਆ ।

ਚਾਰ ਪੋਹ ਨੂੰ ਹੱਥ ਫੜ ਨਿਸ਼ਾਨਾ, ਕਰਨਾਲ ਵਾਲੇ ਦੇਣ ਝੁਲਾਈਆ । ਪੰਜ ਪੋਹ ਨੂੰ ਨਾ ਕੋਈ ਵੈਰੀ ਰਹੇ ਬੇਗਾਨਾ, ਦੁਸ਼ਮਣ ਨਜ਼ਰ ਕੋਇ ਨਾ ਆਈਆ । ਹਰਿ ਭਗਤ ਦੁਵਾਰ ਸਭ ਨੇ ਤੂੰ ਮੇਰਾ ਮੈਂ ਤੇਰਾ ਗਾਉਣਾ ਗਾਣਾ, ਸੋਹੰ ਢੋਲਾ ਚਾਈਂ ਚਾਈਆ । ਓਥੇ ਲੇਖ ਦੱਸਣਾ ਜੋ ਮਨੀ ਸਿੰਘ ਦਾ ਪੁਰਾਣਾ, ਕੀ ਜੇਲ੍ਹ ਵਿਚ ਮੇਲ ਆਪਣਾ ਗਿਆ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਗਵਨ ਹੋ ਕੇ ਭਾਗ ਸਭ ਦੇ ਵੇਖ ਵਿਖਾਈਆ ।

✪ ✪ ✪ ✪ ✪

✪ ✪ ✪ ✪ ✪

✪ ੫ ਪੋਹ ਸ਼ਹਿਨਸ਼ਾਹੀ ਸੰਮਤ ਨੌਂ ਹਰਿ ਭਗਤ ਦੁਵਾਰ ੨੬੦ ਧੀਰਪੁਰ ਦਿੱਲੀ-੯ ਰਾਤ ਨੂੰ ✪

ਪੰਚਮ ਪੋਹ ਕਹੇ ਮੇਰਾ ਇਕੋ ਦਾਤਾ, ਦਇਆਵਾਨ ਦੀਨ ਅਖਵਾਈਆ । ਜੋ ਆਦਿ ਜੁਗਾਦੀ ਪਿਤ ਮਾਤਾ, ਪੁਰਖ ਅਕਾਲ ਬੇਪਰਵਾਹੀਆ । ਜਿਸ ਖ਼ੁਸ਼ੀਆਂ ਵਿਚ ਮੈਨੂੰ ਦਿੱਤੀ ਦਾਤਾ, ਅਗੰਮ ਅਥਾਹ ਵਰਤਾਈਆ । ਕਲਜੁਗ ਵੇਖ ਅੰਧੇਰੀ ਰਾਤਾ, ਦਹਿ ਦਿਸ਼ਾ ਧਿਆਨ ਲਗਾਈਆ । ਜਨ ਭਗਤਾਂ ਨਾਲ ਜੋੜ ਕੇ ਨਾਤਾ, ਪਿਆਰ ਮੁਹੱਬਤ ਵਿਚ ਬੰਧਾਈਆ । ਸਤਿਜੁਗ ਸਤਿ ਕਰਮ ਉਪਜਾ ਕੇ ਸਾਤਾ, ਸਤਿ ਦਿੱਤੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ ।

ਪੰਜ ਪੋਹ ਕਹੇ ਮੇਰੇ ਉਤੇ ਕਿਰਪਾ ਕੀਤੀ ਨਿਰੰਕਾਰ, ਨਿਰਵੈਰ ਹੋਇਆ ਸਹਾਈਆ । ਨਿਗਾਹ ਮਾਰ ਏਕੰਕਾਰ, ਅਕਲ ਕਲਧਾਰੀ ਵੇਖ ਵਿਖਾਈਆ । ਭਗਤ ਸੁਹੇਲੇ ਦੇ ਅਧਾਰ, ਮਿਹਰ ਨਜ਼ਰ ਉਠਾਈਆ । ਲੋਕਮਾਤ ਪਾ ਸਾਰ, ਹੋਇਆ ਆਪ ਸਹਾਈਆ । ਨੀਂਹ ਰੱਖ ਹਰਿ ਭਗਤ ਦੁਵਾਰ, ਬੀਸ ਯਾਰਾਂ ਦਿੱਤੀ ਵਡਿਆਈਆ । ਮੈਂ ਨਿਵ ਨਿਵ ਕਰਾਂ ਨਿਮਸਕਾਰ, ਧੂੜੀ ਖ਼ਾਕ ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ ।

ਪੰਚਮ ਪੋਹ ਕਹੇ ਮੇਰਾ ਲੇਖਾ ਨਾਲ ਸ੍ਰੀ ਭਗਵਾਨ, ਭਗਵਨ ਦਏ ਵਡਿਆਈਆ । ਮੈਂ ਖ਼ੁਸ਼ੀਆਂ ਗਾਵਾਂ ਗਾਣ, ਢੋਲੇ ਬੇਪਰਵਾਹੀਆ । ਤੂੰ ਮਾਲਕ ਨੌਜੁਵਾਨ, ਦਾਤਾ ਇਕ ਅਖਵਾਈਆ । ਧੰਨ ਭਾਗ ਮੋਹੇ ਦਿਤਾ ਦਾਨ, ਵਸਤ ਅਨਮੁੱਲ ਵਰਤਾਈਆ । ਹਰਿ ਭਗਤ ਦੁਵਾਰ ਕਰ ਪ੍ਰਵਾਨ, ਮਿਹਰ ਨਜ਼ਰ ਨਾਲ ਤਕਾਈਆ । ਜਗਤ ਦਾ ਬਣਾ ਨਿਸ਼ਾਨ, ਚਾਰ ਵਰਨ ਸਮਝਾਈਆ । ਸਤਿਜੁਗ ਕਰ ਪ੍ਰਧਾਨ, ਸਤਿ ਸਤਿਵਾਦੀ ਹੋਇਆ ਸਹਾਈਆ । ਮੈਂ ਵੇਖਿਆ ਧੁਰ ਦਾ ਕਾਹਨ, ਰਾਮਾ ਅਗੰਮ ਅਥਾਹੀਆ । ਨੂਰ ਨੁਰਾਨਾ ਮਿਹਰਵਾਨ, ਮਹਿਬੂਬ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ ।

ਪੋਹ ਕਹੇ ਮੈਂ ਦੱਸਾਂ ਨਾਲ ਪਿਆਰ, ਪੰਚਮ ਰੰਗ ਰੰਗਾਈਆ । ਮੇਰਾ ਲੇਖਾ ਲਹਿਣਾ ਨਾਲ ਸਚੀ ਸਰਕਾਰ, ਜੋ ਸ਼ਹਿਨਸ਼ਾਹ ਧੁਰਦਰਗਾਹੀਆ । ਜੋ ਨਿੱਤ ਨਵਿਤ ਲਏ ਅਵਤਾਰ, ਨਵਿਤ ਆਪਣਾ ਫੇਰਾ ਪਾਈਆ । ਸਤਿਜੁਗ ਤਰੇਤਾ ਦੁਵਾਪਰ ਕਰ ਪਾਰ, ਕਲਜੁਗ ਅੰਤਮ ਵੇਖੇ ਚਾਈਂ ਚਾਈਆ । ਚਰਨ ਛੁਹਾ ਦਿੱਲੀ ਦਰਬਾਰ, ਸਿਰ ਮੇਰੇ ਹੱਥ ਟਿਕਾਈਆ । ਮੈਂ ਖ਼ੁਸ਼ੀਆਂ ਵਿਚ ਜਾਵਾਂ ਬਲਿਹਾਰ, ਨਿਵ ਨਿਵ ਲਾਗਾਂ

ਪਾਈਆ । ਜਿਸ ਖੇਲ ਕੀਤੀ ਅਪਾਰ, ਅਪਰੰਪਰ ਦਿੱਤੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ ।

ਪੋਹ ਕਹੇ ਮੈਂ ਪੰਚਮ ਮੀਤਾ, ਸਚ ਦਿਆਂ ਸੁਣਾਈਆ । ਪੁਰਖ ਅਬਿਨਾਸ਼ੀ ਜਗਤ ਜਗ ਦੀ ਬਦਲੇ ਰੀਤਾ, ਰੀਤੀਵਾਨ ਇਕ ਅਖਵਾਈਆ । ਲੇਖਾ ਜਾਣ ਹਸਤ ਕੀਟਾ, ਊਚਾਂ ਨੀਚਾਂ ਭੇਵ ਚੁਕਾਈਆ । ਖੇਲ ਕਰੇ ਅਨਡੀਠਾ, ਅਨਡਿੱਠੜੀ ਕਾਰ ਕਮਾਈਆ , ਜਿਸ ਦਾ ਭਾਣਾ ਲੱਗੇ ਮੀਠਾ, ਸਿਰ ਸਕੇ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ ।

ਪੋਹ ਕਹੇ ਮੈਂ ਖ਼ੁਸ਼ੀਆਂ ਗਾਵਾਂ ਛੰਦ, ਢੋਲੇ ਰਾਗ ਦ੍ਰਿੜਾਈਆ । ਮੇਰੇ ਅੰਤਰ ਆਇਆ ਅਨੰਦ, ਅਨੰਦ ਵਿਚ ਸਮਾਈਆ । ਮੇਰਾ ਸਾਹਿਬ ਸਦਾ ਬਖ਼ਸ਼ੰਦ, ਮਿਹਰਵਾਨ ਬੇਪਰਵਾਹੀਆ । ਜਿਸ ਆਪਣੀ ਧਾਰ ਦੀ ਧਾਰ ਬਦਲ ਦਿਤਾ ਪਲੰਘ, ਦਿਸ਼ਾ ਦਿਸ਼ਾ ਨਾਲ ਵਟਾਈਆ । ਲਹਿੰਦਿਉਂ ਚੜ੍ਹਦੇ ਜਾਏ ਲੰਘ, ਆਪਣਾ ਪੰਧ ਮੁਕਾਈਆ । ਜਗਤ ਜਹਾਨ ਦੀ ਵੇਖੇ ਕੰਧ, ਚਾਰ ਦੀਵਾਰੀ ਖੋਜ ਖੁਜਾਈਆ । ਨਿਗਾਹ ਮਾਰੇ ਵਿਚ ਵਰਭੰਡ, ਬ੍ਰਹਿਮੰਡ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਵਰ ਦਾਤਾ ਇਕ ਅਖਵਾਈਆ ।

ਪਲੰਘ ਕਹੇ ਮੇਰਾ ਬਦਲ ਗਿਆ ਪਾਸਾ, ਪਾਸਾ ਦੀਨ ਦੁਨੀ ਉਲਟਾਈਆ । ਮੈਨੂੰ ਖ਼ੁਸ਼ੀਆਂ ਵਿਚ ਆਵੇ ਹਾਸਾ, ਹੱਸ ਹੱਸ ਦਿਆਂ ਵਖਾਈਆ । ਕੀ ਖੇਲ ਕਰੇ ਪੁਰਖ ਅਬਿਨਾਸ਼ਾ, ਹਰਿ ਕਰਤਾ ਧੁਰਦਰਗਾਹੀਆ । ਜਿਸ ਦੀ ਜਗਤ ਧਾਰ ਪੈਣੀ ਰਾਸਾ, ਮੰਡਲ ਮੰਡਪ ਕਰੇ ਰੁਸ਼ਨਾਈਆ । ਸੰਬਲ ਕਰ ਕੇ ਵਾਸਾ, ਖੇਲ ਖੇਲੇ ਧੁਰਦਰਗਾਹੀਆ । ਲਹਿਣਾ ਜਾਣੇ ਪ੍ਰਿਥਮੀ ਆਕਾਸ਼ਾ, ਮੰਡਲ ਮੰਡਪਾਂ ਪਰਦਾ ਲਾਹੀਆ । ਮੈਨੂੰ ਦੇਣ ਆਇਆ ਭਰਵਾਸਾ, ਸਿਰ ਮੇਰੇ ਹੱਥ ਰਖਾਈਆ । ਸ਼ੰਕਰ ਹਿਲਾਉਣ ਆਇਆ ਉਤੋਂ ਕੈਲਾਸ਼ਾ, ਕਲ ਕਲਕੀ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ ।

ਸਿੰਘਾਸਣ ਕਹੇ ਮੈਂ ਬਦਲ ਗਿਆ ਲੋਕਮਾਤ, ਮੇਰੀ ਸਮਝ ਕਿਸੇ ਨਾ ਆਈਆ । ਮੇਰਾ ਲਹਿਣਾ ਦੇਣਾ ਬਾਤਨ ਬਾਤ, ਭੇਵ ਅਭੇਦ ਆਪਣੇ ਵਿਚ ਛੁਪਾਈਆ । ਮੈਨੂੰ ਮਾਣ ਵਡਿਆਈ ਮਿਲੀ ਪੰਚਮ ਪੋਹ ਦੀ ਰਾਤ, ਸੰਮਤ ਸ਼ਹਿਨਸ਼ਾਹੀ ਨੌਂ ਨਾਲ ਮਿਲਾਈਆ । ਮੈਂ ਲੇਖੇ ਵੇਖਣੇ ਜ਼ਾਤ ਪਾਤ, ਦੀਨਾਂ ਮਜ਼੍ਹਬਾਂ ਫੋਲ ਫੁਲਾਈਆ । ਮੈਂ ਹਲੂਣਾ ਦੇਣਾ ਕਾਇਨਾਤ, ਨਵ ਸੱਤ ਦਿਆਂ ਹਿਲਾਈਆ । ਮੈਂ ਦੱਖਣ ਪਹਾੜ ਮਾਰਨੀ ਝਾਤ, ਲਹਿੰਦਾ ਚੜ੍ਹਦਾ ਅੱਖ ਉਠਾਈਆ । ਸ਼ਬਦ ਸੰਦੇਸ਼ਾ ਦੇਣਾ ਪਾਤ, ਬਿਨ ਪਤਰਕਾ ਦੇਣਾ ਸਮਝਾਈਆ । ਕਲਜੁਗ ਕੂੜਾ ਟੁੱਟਣਾ ਨਾਤ, ਸਾਜਣ ਰਹਿਣ ਕੋਇ ਨਾ ਪਾਈਆ । ਮੇਰਾ ਲੇਖਾ ਵੇਖਣਾ ਲੋਕਮਾਤ, ਪ੍ਰਲੋਕ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ ।

ਪਲੰਘ ਕਹੇ ਮੈਂ ਦੱਸਾਂ ਖ਼ੁਸ਼ੀਆਂ ਵਾਲਾ ਖੇਲ, ਖ਼ੁਸ਼ਖ਼ਬਰੀ ਦਿਆਂ ਜਣਾਈਆ । ਜਿਸ ਵੇਲੇ ਗੋਬਿੰਦ ਆਪੇ ਗੁਰੂ ਬਣਿਆ ਆਪੇ ਚੇਲ, ਆਪ ਆਪਣਾ ਰੂਪ ਬਦਲਾਈਆ । ਜੋਤ ਧਾਰ ਸ਼ਬਦੀ ਹੋਇਆ ਮੇਲ, ਮੇਲ ਮਿਲਾਵਾ ਹੋਇਆ ਚਾਈਂ ਚਾਈਂਆ । ਸੁਹੰਜਣਾ ਧਾਮ ਸੁਹਾ ਨਿਵੇਲ, ਸਚ ਸਿੰਘਾਸਣ ਲੇਰਾ ਲਾਈਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ ।

ਸਿੰਘਾਸਣ ਕਹੇ ਗੋਬਿੰਦ ਮੈਨੂੰ ਬਦਲ ਕੇ ਖੇਲ ਕੀਤੀ ਨਵੀਂ, ਨੌਂ ਖੰਡ ਧਿਆਨ ਲਗਾਈਆ । ਕੋਲ ਸੱਦ ਬਵੰਜਾ ਕਵੀ, ਸੰਦੇਸ਼ਾ ਦਿਤਾ ਸੁਣਾਈਆ । ਪ੍ਰੇਮੀਓ ਮੈਨੂੰ ਭੇਵ ਗਾ ਕੇ ਦੱਸੋ ਕੁਛ ਅਵਤਾਰ ਚਵੀ, ਚਵਗੁਣ ਧਿਆਨ ਲਗਾਈਆ । ਅੱਖਰਾਂ ਵਾਲੀ ਅੱਖਰਾਂ ਨਾਲ ਪਾਵੋ ਸਹੀ, ਸਹਿਜ ਸਹਿਜ ਸਹਿਜ ਸੁਣਾਈਆ । ਨਾਲੇ ਭੇਵ ਖੋਲ੍ਹੋ ਕਿਉਂ ਸਤਿਗੁਰ ਅਰਜਨ ਬੈਠਾ ਉਤੇ ਤਤੀ ਤਵੀ, ਤਤਾਂ ਤਤ ਜਲਾਈਆ । ਮਿਹਰਵਾਨ ਦੀ ਤੁੱਕ ਅਗੰਮੀ ਕਿਸੇ ਨਾ ਗਵੀ, ਗਾਇਨ ਕਰ ਨਾ ਕੋਇ ਸੁਣਾਈਆ । ਫੇਰ ਗੋਬਿੰਦ ਨੇ ਅੱਖਰ ਹਿੰਦਸਾ ਲਿਖ ਕੇ ਢਈ, ਢਈਆ ਦਿਤਾ ਵਖਾਈਆ । ਇਸ ਦੇ ਵਾਸਤੇ ਕੁਛ ਦੇਣਾ ਕਹੀ, ਕਹਿ ਕੇ ਦੇਣਾ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਆਪਣੀ ਖੇਲ ਬਣਾਈਆ ।

ਸਿੰਘਾਸਣ ਕਹੇ ਗੋਬਿੰਦ ਨੇ ਕੀਤਾ ਇਸ਼ਾਰਾ ਬਵੰਜਾ, ਬਾਵਨ ਧਾਰ ਸਮਝਾਈਆ । ਨਾਲੇ ਸੱਜੇ ਹੱਥ ਦਾ ਵਖਾ ਕੇ ਪੰਜਾ, ਪੰਜਾ ਇਕੋ ਮੁੱਠ ਬਣਾਈਆ । ਫੇਰ ਹਲੂਣ ਕੇ ਆਪਣਾ ਮੰਜਾ, ਹੁਲਾਰਾ ਦਿਤਾ ਲਗਾਈਆ । ਫੇਰ ਵਕਤ ਸੁਹੰਢਣਾ ਤੱਕ ਕੇ ਚੰਗਾ, ਚੰਗੀ ਤਰ੍ਹਾਂ ਜਣਾਈਆ । ਇਸ਼ਾਰਾ ਦਿਤਾ ਸ਼ਿਵ ਜੀ ਆਪਣੀ ਧਾਰ ਲੈ ਕੇ ਆ ਜਾ ਗੰਗਾ, ਗੰਗੋਤਰੀ ਨਾਲ ਮਿਲਾਈਆ । ਤੇਰੀ ਜਟਾ ਜੂਟ ਦੀ ਖੇਲ ਵੇਖਾਂ ਨਿਸ਼ੰਗਾ, ਨਿਸ਼ਾਨ ਧੁਰ ਦਾ ਨਾਲ ਮਿਲਾਈਆ । ਫੇਰ ਮੁਖੋਂ ਕਿਹਾ ਬਵੰਜਾ ਤੁਸੀਂ ਗਾਵੋ ਛੰਦਾ, ਇਕੋ ਰਾਗ ਸੁਣਾਈਆ । ਪੁਰਖ ਅਕਾਲ ਦੀ ਵਡਿਆਈ ਕਰਨੀ ਨਾਲ ਬੱਤੀ ਦੰਦਾ, ਦੂਸਰ ਸਿਫ਼ਤ ਨਾ ਕੋਇ ਸਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਵਿਖਾਈਆ ।

ਗੋਬਿੰਦ ਕਿਹਾ ਬਵੰਜਾ ਕਵੀ ਮੇਰੇ ਲਿਖਾਰੀ, ਲਿਖਣਹਾਰ ਵਡਿਆਈਆ । ਫੜ ਕਲਮਾ ਸਾਰੇ ਕਰੋ ਤਿਆਰੀ, ਪ੍ਰੇਮ ਨਾਲ ਸਮਝਾਈਆ । ਤੁਸੀਂ ਲੇਖਾ ਲਿਖੋ ਓਸ ਦਾ ਜਿਹੜਾ ਨਿਹਕਲੰਕ ਅਵਤਾਰੀ, ਅਵਤਰ ਬੇਪਰਵਾਹੀਆ । ਜੋ ਕਲ ਕਲਕੀ ਹੋਵੇ ਭੇਵ ਪਾਏ ਨਾ ਕੋਇ ਨਰ ਨਾਰੀ, ਨਰ ਹਰਿ ਆਪਣੀ ਖੇਲ ਖਿਲਾਈਆ । ਅਮਾਮ ਅਮਾਮਾਂ ਬਣ ਸਿਕਦਾਰੀ, ਹੁਕਮ ਧੁਰ ਦਾ ਇਕ ਸੁਣਾਈਆ । ਤੁਸੀਂ ਅਕਲ ਬੁੱਧੀ ਵਿਚ ਓਸ ਦੀ ਮਹਿਮਾ ਲਿਖੋ ਨਾਲ ਪਿਆਰੀ, ਪ੍ਰੇਮ ਨਾਲ ਸੁਣਾਈਆ । ਨਾਲੇ ਦੋ ਹੱਥਾਂ ਦੀ ਮਾਰ ਕੇ ਤਾੜੀ, ਤੜੀ ਨਾਲ ਜਣਾਈਆ । ਆਪਣੀ ਆਸ਼ਾ ਤੱਕੋ ਨਾੜੀ, ਅੰਤਰ ਅੰਤਰ ਧਿਆਨ ਲਗਾਈਆ । ਭੇਵ ਖੋਲ੍ਹੋ ਜੋਤ ਨਿਰੰਕਾਰੀ, ਜੋ ਨਿਰਵੈਰ ਇਕ ਅਖਵਾਈਆ । ਜੋ ਸਭ ਦਾ ਪਰਵਰਦਿਗਾਰੀ, ਪਾਰਬ੍ਰਹਮ ਧੁਰਦਰਗਾਹੀਆ । ਉਸ ਦਾ ਇਕੋ ਨਾਮ ਲਿਖੋ ਲਿਖੋ ਲਾਲ ਹੁਸ਼ਿਆਰੀ, ਹੋਸ਼ ਆਪਣੀ ਆਪ ਬਣਾਈਆ । ਜਿਸ ਦੇ ਵਿਚ ਚਾਰ ਜੁਗ ਦੀ ਵਿਦਿਆ ਆ ਜਾਏ ਸਾਰੀ, ਲੇਖਾ ਅਵਰ ਰਹੇ ਨਾ ਰਾਈਆ । ਉਹਦਾ ਭੇਵ ਦੱਸੋ ਵਸੇ ਕਿਹੜੀ ਦੁਵਾਰੀ, ਆਸਣ ਕਵਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ ।

ਬਵੰਜਾ ਕਵੀਆਂ ਕਲਮਾਂ ਹੱਥ ਫੜੀਆਂ, ਦਸਤ ਦਸਤ ਉਠਾਈਆ । ਮਨ ਦੀਆਂ ਆਸ਼ਾ ਬੁੱਧੀ ਦੇ ਵਿਚ ਵੜੀਆਂ, ਭੱਜੀਆਂ ਵਾਹੋ ਦਾਹੀਆ । ਮੰਜ਼ਲ ਮੰਜ਼ਲ ਦੀ ਪੌੜੀ ਚੜ੍ਹੀਆਂ, ਅਕਲ ਦਾ ਪੰਧ ਮੁਕਾਈਆ । ਨਵਾਂ ਦੁਵਾਰਿਆਂ ਦਿਆਂ ਕੰਢੇ ਖੜੀਆਂ, ਵੇਖਣ ਨੈਣ ਉਠਾਈਆ । ਅੱਗੇ ਕਵਿਤਾ ਲਿਖੀਆਂ ਬੜੀਆਂ, ਸਿਫ਼ਤਾਂ ਵਿਚ ਸਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਖਿਲਾਈਆ ।

ਕਲਮਾਂ ਕਹਿਣ ਸੁਣੋ ਕਵੀ ਬਵੰਜਾ ਧਾਰ, ਧਰਮੀਓ ਦਿਆਂ ਸੁਣਾਈਆ । ਤੁਸੀਂ ਕਾਤਬ ਬੜੇ ਲਿਖਾਰ, ਲਿਖਣਹਾਰ ਇਕ ਅਖਵਾਈਆ । ਤੁਸੀਂ ਬੈਠੇ ਗੋਬਿੰਦ ਦੇ ਦਰਬਾਰ, ਸਚਖੰਡ ਡੇਰਾ ਲਾਈਆ । ਉਹ ਯੋਧਾ ਬੜਾ ਬਲਕਾਰ, ਸੂਰਬੀਰ ਇਕ ਅਖਵਾਈਆ । ਤੁਹਾਡਾ ਤੋੜਨ ਲੱਗਾ ਹੰਕਾਰ, ਬਿਧ ਆਪਣੀ ਆਪ ਬਣਾਈਆ । ਤੁਹਾਨੂੰ ਪਤਾ ਨਹੀਂ ਓਹ ਕੌਣ ਕਲ ਕਲਕੀ ਅਵਤਾਰ, ਕੀ ਆਪਣੀ ਕਲ ਵਰਤਾਈਆ । ਜੋ ਰੂਪ ਰੰਗ ਰੇਖ ਤੋਂ ਬਾਹਰ, ਜਿਸ ਨੂੰ ਵੇਖਣ ਕੋਇ ਨਾ ਪਾਈਆ । ਉਹ ਨੂਰ ਨੁਰਾਨਾ ਜੋਤ ਉਜਿਆਰ, ਸ਼ਾਹ ਸੁਲਤਾਨਾ ਧੁਰਦਰਗਾਹੀਆ । ਉਸ ਦੀ ਪਾਵੇ ਕੋਇ ਨਾ ਸਾਰ, ਭੇਵ ਅਭੇਦ ਨਾ ਕੋਇ ਖੁਲ੍ਹਾਈਆ । ਤੁਸੀਂ ਕੀ ਲਿਖੋ ਉਸ ਦਾ ਵਿਸਥਾਰ, ਕਿਸ ਬਿਧ ਦਿਓ ਜਣਾਈਆ । ਤੁਹਾਡੀ ਬੁੱਧੀ ਤੁਹਾਡੀ ਆਸ਼ਾ ਲਿਖਣਹਾਰ, ਅਨੁਭਵ ਭੇਵ ਨਾ ਕੋਇ ਖੁਲ੍ਹਾਈਆ । ਨਾਲੇ ਰੋ ਕੇ ਕੀਤੀ ਪੁਕਾਰ, ਕਲਮਾ ਰਹੀ ਸੁਣਾਈਆ । ਬਾਵਨ ਦਾ ਲਹਿਣਾ ਲਓ ਵਿਚਾਰ, ਵਿਚਰ ਕੇ ਦਿਆਂ ਦ੍ਰਿੜਾਈਆ । ਬਾਵਨ ਅੱਖਰੀ ਪਾਓ ਸਾਰ, ਅੱਖਰ ਅੱਖਰ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ ।

ਗੋਬਿੰਦ ਫੇਰ ਕਹੇ ਮੇਰੇ ਕਵੀ ਉਹ ਲਿਖੋ ਨਿਰਾਲਾ ਅੱਖਰ, ਕਲਮ ਸ਼ਾਹੀ ਨਾਲ ਰਲਾਈਆ । ਸਭ ਦੇ ਹੰਝੂ ਡਿੱਗੇ ਅੱਥਰ, ਨੈਣਾਂ ਨੀਰ ਵਹਾਈਆ । ਸਾਡੇ ਹਿਰਦੇ ਹੋ ਗਏ ਪੱਥਰ, ਸਮਝ ਕਿਛ ਨਾ ਆਈਆ । ਗੋਬਿੰਦ ਨੇ ਕਿਹਾ ਜੇ ਤੁਸੀਂ ਨਹੀਂ ਲਿਖਦੇ ਮੈਂ ਅੰਤਮ ਲੱਭਾਂਗਾ ਉਸ ਦੇ ਸੱਥਰ, ਯਾਰੜਾ ਸੇਜ ਹੰਢਾਈਆ । ਵਸੇਰਾ ਫੇਰ ਹੋਏ ਨਾ ਵੱਖਰ, ਇਕੋ ਘਰ ਬਣਾਈਆ । ਇਹ ਮੇਰਾ ਅਖ਼ੀਰੀ ਸੰਦੇਸ਼ਾ ਤੇ ਹੁਕਮ ਵਾਲਾ ਪੱਤਰ, ਪਤਰਕਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ ।

ਗੋਬਿੰਦ ਕਿਹਾ ਓਹ ਤੀਜੀ ਵੇਰ ਲਿਖਾਰੀਓ ਲਿਖ ਦਿਓ ਲੇਖ, ਬਵੰਜਾ ਆਪਣੀ ਖ਼ੁਸ਼ੀ ਬਣਾਈਆ । ਲੇਖਾ ਦੱਸੋ ਉਹ ਕਿਹੜਾ ਧਰੇ ਭੇਸ, ਏਸੇ ਉਤੇ ਖ਼ੁਸ਼ੀ ਬਣਾਈਆ । ਕਿਸ ਬਿਧ ਕਲਜੁਗ ਬਦਲੇ ਰੇਖ, ਰਿਖੀਆਂ ਮੁਨੀਆਂ ਵੇਖ ਵਿਖਾਈਆ । ਜੇ ਤੁਸੀਂ ਮੇਰੇ ਕਵੀ ਤੇ ਤੁਸੀਂ ਦੱਸੋ ਕਿਸ ਤਰ੍ਹਾਂ ਸੰਗ ਹੋਵੇਗਾ ਦਸ ਦਸਮੇਸ਼, ਆਪਣਾ ਸਾਥ ਬਣਾਈਆ । ਕਿਸ ਬਿਧ ਇਕੱਠਾ ਰਹੇ ਹਮੇਸ਼, ਹਮ ਸਾਜਣ ਰੂਪ ਬਣਾਈਆ । ਕਲਜੁਗ ਕੂੜ ਮੇਟੇ ਕਲੇਸ਼, ਕਲ ਕਲਕੀ ਵੇਸ ਵਟਾਈਆ । ਨਾਲੇ ਲੇਖਾ ਦੱਸੋ ਸੰਬਲ ਦੇਸ, ਕੀ ਉਸ ਦੀ ਗਣਤ ਗਣਾਈਆ । ਕਿਸ ਬਿਧ ਲਹਿਣਾ ਦੇਣਾ ਚੁਕਾਏ ਮੁਲਾ ਸ਼ੇਖ, ਸਦੀ ਚੌਧਵੀਂ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ ।

ਝੱਟ ਬਵੰਜਾ ਕਵੀਆਂ ਅੱਖਾਂ ਮੀਟੀਆਂ, ਅੰਤਰ ਧਿਆਨ ਲਗਾਈਆ । ਗਿਣਨ ਲੱਗੇ ਗੀਟੀਆਂ, ਮਨ ਮਨਸਾ ਨਾਲ ਵਡਿਆਈਆ । ਤੱਕਣ ਲੱਗੇ ਹਸਤ ਕੀਟੀਆ, ਕੀਟ ਕੀਟਾ ਖੋਜ ਖਜਾਈਆ । ਬੋਲਣ ਲੱਗੇ ਪਿਆਰ ਦੀ ਗੀਤੀਆਂ, ਬਿਨ ਰਸਨਾ ਜੇਹਵਾ ਹਲਾਈਆ । ਅੰਦਰੋਂ ਸਮਝ ਨਾ ਆਵੇ ਕੀ ਉਸ ਦੀਆਂ ਹੋਵਣ ਕੀਤੀਆਂ, ਕੀ ਆਪਣੀ ਕਲ ਵਰਤਾਈਆ । ਪਿਆਰ ਵਿਚ ਵੱਟਣ ਕਚੀਚੀਆਂ, ਗੁੱਸਾ ਨੇੜ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਖੇਲ ਆਪ ਖਿਲਾਈਆ ।

ਬਵੰਜਾ ਕਵੀ ਇਕ ਦੂਜੇ ਨੂੰ ਕਰਨ ਇਸ਼ਾਰੇ, ਅੱਖ ਵਿੰਗੀ ਟੇਢੀ ਕਰਾਈਆ । ਕਿਸ ਬਿਧ ਪ੍ਰਗਟ ਹੋਵੇ ਨਿਹਕਲੰਕ ਅਵਤਾਰੇ, ਆਪਣਾ ਵੇਸ ਵਟਾਈਆ । ਕੀ ਸ਼ਬਦ ਦੇਵੇ ਹੁਲਾਰੇ, ਮਿਹਰਵਾਨ ਮਿਹਰ ਨਜ਼ਰ

ਟਿਕਾਈਆ । ਸਾਰੇ ਉਤੋਂ ਸਿਰ ਰਹੇ ਮਾਰੇ, ਸੱਜੇ ਖੱਬੇ ਹਿਲਾਈਆ । ਬਿਨਾ ਗੋਬਿੰਦ ਤੋਂ ਉਸ ਦੀ ਪਾਏ ਕੋਈ ਨਾ ਸਾਰੇ, ਸਾਡੀ ਚਲੇ ਨਾ ਕੋਇ ਚਤੁਰਾਈਆ । ਸਾਡੀ ਕਲਮ ਸਾਨੂੰ ਕਹਿ ਕਹਿ ਪੁਕਾਰੇ, ਕੂਕ ਕੂਕ ਸੁਣਾਈਆ । ਤੁਸੀਂ ਇਕੋ ਵਾਰ ਕਹਿ ਦਿਓ ਗੋਬਿੰਦ ਤੇਰਾ ਅੰਤ ਨਾ ਪਾਰਾਵਾਰੇ, ਬੇਅੰਤ ਤੇਰੀ ਵਡਿਆਈਆ । ਜਿਉਂ ਭਾਵੇ ਤਿਉਂ ਸਾਨੂੰ ਲਾਉਣਾ ਕਿਨਾਰੇ, ਆਪਣੀ ਦਇਆ ਕਮਾਈਆ । ਅਸੀਂ ਲਿਖਣ ਤੋਂ ਲੇਖ ਤੇਰੇ ਚਰਨਾਂ ਵਿਚ ਹਾਰੇ, ਹਿਰਦਿਉਂ ਦਈਏ ਸੁਣਾਈਆ । ਗੋਬਿੰਦ ਨੇ ਫੇਰ ਦਿੱਤੇ ਇਸ਼ਾਰੇ, ਪੰਜਾ ਆਪਣਾ ਆਪ ਉਠਾਈਆ । ਨਾਲੇ ਸੀਨੇ ਤੋਂ ਬਸਤਰ ਫਾੜੇ, ਜੋਸ਼ ਨਾਲ ਲਈ ਅੰਗੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ ।

ਬਵੰਜਾ ਕਵੀ ਉਠ ਕੇ ਕਰਨ ਅਰਦਾਸ, ਨਿਵ ਨਿਵ ਸੀਸ ਝੁਕਾਈਆ । ਸਾਡੀ ਬੇਨੰਤੀ ਸਤਿਗੁਰ ਤੇਰੇ ਪਾਸ, ਚਰਨ ਕਵਲ ਸਰਨਾਈਆ । ਸਾਨੂੰ ਭੇਵ ਖੋਲ੍ਹ ਦੇ ਖ਼ਾਸ, ਖਾਲਸ ਮੰਗ ਮੰਗਾਈਆ । ਕਵਣ ਦੁਵਾਰੇ ਕਲਕੀ ਕਰੇ ਨਿਵਾਸ, ਪਰਦਾ ਦੇ ਚੁਕਾਈਆ । ਕਿਸ ਬਿਧ ਨੂਰ ਹੋਵੇ ਪ੍ਰਕਾਸ਼, ਜੋਤੀ ਜਾਤਾ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ ।

ਗੋਬਿੰਦ ਕਿਹਾ ਮੇਰੇ ਕਵੀ ਬਵੰਜਾ ਪਿਆਰੇ, ਪਿਆਰਿਓ ਦਿਆਂ ਜਣਾਈਆ । ਉਹਦੇ ਖੇਲ ਜਗਤ ਤੋਂ ਨਿਆਰੇ, ਨਿਰਾਕਾਰ ਨਿਰੰਕਾਰ ਆਪ ਕਰਾਈਆ । ਉਹ ਪ੍ਰਗਟ ਹੋਵੇ ਵਿਚ ਸੰਸਾਰੇ, ਸੰਬਲ ਆਪਣਾ ਆਸਣ ਲਾਈਆ । ਉਹਦੇ ਲੇਖੇ ਲਹਿਣੇ ਚਾਰ ਜੁਗ ਤੋਂ ਬਾਹਰੇ, ਚਾਰ ਜੁਗ ਦੇ ਸ਼ਾਸਤਰਾਂ ਤੋਂ ਬਾਹਰ ਪੜ੍ਹਾਈਆ । ਉਹ ਵੇਖੇ ਵਿਗਸੇ ਸਭ ਦੀ ਪਾਵੇ ਸਾਰੇ, ਜ਼ਿਮੀਂ ਅਸਮਾਨ ਦੋ ਜਹਾਨ ਵੇਖ ਵਿਖਾਈਆ । ਉਸ ਦਾ ਲੇਖਾ ਲਿਖਣ ਤੋਂ ਬਾਹਰੇ, ਬਾਹਿਰੇ ਹਾਲ ਸੁਣਨ ਕੋਇ ਨਾ ਪਾਈਆ । ਜੋ ਭੇਵ ਅਭੇਦਾ ਖੋਲ੍ਹੇ ਅਗੰਮ ਅਪਾਰੇ, ਬੋਧ ਅਗਾਧ ਦ੍ਰਿੜਾਈਆ । ਉਸ ਦੇ ਹੁਕਮ ਵਰਤਣੇ ਸਾਰੇ, ਨਾ ਕੋਈ ਮੇਟੇ ਮੇਟ ਮਿਟਾਈਆ । ਅਵਤਾਰ ਪੈਗ਼ੰਬਰ ਗੁਰ ਜਿਸ ਦੇ ਸਹਾਰੇ, ਸਹਾਇਕ ਨਾਇਕ ਇਕ ਅਖਵਾਈਆ । ਉਸ ਨੂੰ ਡੰਡਾਵਤ ਬੰਦਨਾ ਸੱਜਦੇ ਕਰਨ ਨਿਮਸਕਾਰੇ, ਨਿਵ ਨਿਵ ਸੀਸ ਨਿਵਾਈਆ । ਉਹ ਪ੍ਰਗਟ ਹੋਵੇ ਆਪਣੀ ਧਾਰੇ, ਜਿਸ ਨੂੰ ਜਨਮੇ ਕੋਇ ਨਾ ਮਾਈਆ । ਸੰਬਲ ਵਸ ਆਪਣੇ ਚੁਬਾਰੇ, ਸਾਢੇ ਤਿੰਨ ਹੱਥ ਦਏ ਵਡਿਆਈਆ । ਮੇਰਾ ਖੇਲ ਹੋਵੇ ਅਪਾਰੇ, ਤਨ ਵਜੂਦਾਂ ਨਾਲ ਸੁਹਾਈਆ । ਸ਼ਬਦ ਗੁਰੂ ਬਣ ਮਾਰਾਂ ਲਲਕਾਰੇ, ਦੋ ਜਹਾਨ ਸੁਣਾਈਆ । ਜੋ ਪੰਜੇ ਦਿੱਤੇ ਇਸ਼ਾਰੇ, ਪੰਜਾਂ ਫੇਰ ਲਵਾਂ ਉਠਾਈਆ । ਉਹ ਮੇਰੇ ਪੰਜ ਬਣਨਗੇ ਲਿਖਾਰੇ, ਪੰਜੇ ਉਂਗਲਾਂ ਪੰਜਾਂ ਕਲਮਾਂ ਨਾਲ ਵਡਿਆਈਆ । ਬਵੰਜਾ ਕਵੀਓ ਇਹ ਮੇਰੀ ਕਿਰਪਾ ਉਹ ਸੁਹਣਗੇ ਪੁਰਖ ਅਕਾਲ ਦੇ ਚਰਨ ਦੁਵਾਰੇ, ਦੂਸਰੀ ਓਟ ਨਾ ਕੋਇ ਰਖਾਈਆ । ਕੁਛ ਵਿਆਹੇ ਕੁਛ ਹੋਣਗੇ ਕਵਾਰੇ, ਗੋਬਿੰਦ ਨੇ ਲੇਖਾ ਦਿਤਾ ਸੁਣਾਈਆ । ਮੈਂ ਆਵਾਂਗਾ ਫੇਰ ਜ਼ਰੂਰ ਦੁਬਾਰੇ, ਦੋਹਰੀ ਕਲ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ ।

ਗੋਬਿੰਦ ਕਿਹਾ ਕਵੀਓ ਇਹ ਹੋਣੇ ਭਗਤ ਲਿਖਾਰ, ਲੇਖਾ ਪੁਰਖ ਅਕਾਲ ਲਿਖਾਈਆ । ਜਿਸ ਦਾ ਸਤਿ ਸਚ ਹੋਵੇ ਦਰਬਾਰ, ਦਰ ਦੁਵਾਰਾ ਇਕ ਵਡਿਆਈਆ । ਉਹਦਾ ਲੇਖਾ ਦੀਨ ਦੁਨੀ ਤੋਂ ਹੋਵੇ ਬਾਹਰ, ਮਜ਼੍ਹਬਾਂ ਰੰਗ ਨਾ ਕੋਇ ਰੰਗਾਈਆ । ਇਕੋ ਨਾਮ ਕਲਮਾ ਸ਼ਬਦ ਹੋਵੇ ਜੈਕਾਰ, ਦੂਜੀ ਅਵਰ ਨਾ ਕੋਇ ਪੜ੍ਹਾਈਆ । ਇਕੋ ਮਹੱਲ ਅਟੱਲ ਹੋਵੇ ਮੁਨਾਰ, ਆਸਣ ਸਿੰਘਾਸਣ ਇਕ ਵਖਾਈਆ । ਇਕੋ ਲੇਖ ਹੋਵੇ ਦਾਤਾਰ, ਨਾ ਕੋਈ ਮੇਟੇ ਮੇਟ ਮਿਟਾਈਆ । ਇਕੋ ਵੇਖਣਹਾਰ ਹੋਏ ਕਰਤਾਰ, ਕੁਦਰਤ ਦਾ ਕਾਦਰ ਧੁਰਦਰਗਾਹੀਆ । ਉਸ ਦਿਵਸ ਸੁਹਾਉਣਾ ਸੀ ਪੰਜ ਪੋਹ ਵਿਚ ਸੰਸਾਰ, ਸੋਹਣੀ ਖਿਲਤ ਖਿਲਾਈਆ ।

ਕਵੀਓ ਮੇਰਾ ਫੇਰ ਲੱਗੇਗਾ ਦਿੱਲੀ ਵਿਚ ਦਰਬਾਰ, ਦਿਲਬਰ ਹੋ ਕੇ ਵੇਖ ਵਿਖਾਈਆ । ਉਨ੍ਹਾਂ ਪੰਜਾਂ ਦੇ ਗਲ ਵਿਚ ਪਾ ਦੇਵਾਂਗਾ ਆਪਣੀ ਹੱਥੀ ਇਕ ਇਕ ਹਾਰ, ਹਿਰਦਿਆਂ ਦੀ ਅੰਦਰੋਂ ਕਰਾਂ ਸਫ਼ਾਈਆ । ਫਿਰ ਜਿਧਰ ਜਾਵਾਂਗਾ ਗੁਰਮੁਖਾਂ ਨੂੰ ਲਾਉਂਦਾ ਜਾਵਾਂਗਾ ਪਾਰ, ਫੜ ਫੜ ਬਾਹੋਂ ਗਲੇ ਲਗਾਈਆ । ਦੀਨ ਦੁਨੀ ਨੂੰ ਦੇਂਦਾ ਜਾਵਾਂਗਾ ਹੁਲਾਰ, ਹਲੂਣਿਆਂ ਨਾਲ ਉਠਾਈਆ । ਗੁਰਸਿੱਖਾਂ ਵਖਾਉਂਦਾ ਜਾਵਾਂਗਾ ਦੀਦਾਰ, ਦੀਦਾ ਦਾਨਿਸਤਾ ਨਜ਼ਰੀ ਆਈਆ । ਆਪਣਾ ਵੇਸ ਕਰਾਂ ਅਪਾਰ, ਸਮਝ ਸਕੇ ਕੋਇ ਨਾ ਰਾਈਆ । ਅਸ਼ਟਭੁਜ ਦਾ ਕਰਜ਼ਾ ਦਿਆਂ ਉਤਾਰ, ਚੂੜ੍ਹਾ ਲਾਲ ਰੰਗ ਛੁਹਾਈਆ । ਲਕਸ਼ਮੀ ਪਾਰਬਤੀ ਸੁਰਸਤੀ ਦੀ ਇਛਿਆ ਪੂਰੀ ਕਰਾਂ ਵਿਚ ਸੰਸਾਰ, ਆਪ ਆਪਣਾ ਵੇਸ ਵਟਾਈਆ । ਅਲਫ਼ੀ ਪਾ ਕੇ ਦਰਵੇਸ਼ ਹੋਵਾਂ ਹੋਵਾਂ ਪਰਵਰਦਿਗਾਰ, ਸਾਂਝਾ ਯਾਰ ਅਖਵਾਈਆ । ਮੇਰਾ ਵੇਸ ਅਵਲੜਾ ਨਾ ਪੁਰਖ ਨਾ ਨਾਰ, ਚੱਕਰ ਚੈਹਨ ਨਜ਼ਰ ਕੋਇ ਨਾ ਆਈਆ । ਜਗਤ ਧਾਰ ਦੀ ਤੇੜ ਪਹਿਨ ਸਲਵਾਰ, ਰੂਪ ਅਨੋਖਾਂ ਦਿਆਂ ਵਖਾਈਆ । ਫੇਰ ਤੱਕਾਂ ਸ਼ੰਕਰ ਵਾਲੀ ਧਾਰ, ਗੰਗਾ ਸੀਸ ਜਗਦੀਸ਼ ਕਟਾਈਆ । ਪਰੀ ਅਰੰਬਾ ਦਿਆਂ ਹੁਲਾਰ, ਸੁੱਤੀ ਆਪ ਹਲਾਈਆ । ਚੌਦਾਂ ਲੋਕ ਪਾਵਾਂ ਸਾਰ, ਚੌਦਾਂ ਰਤਨ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ ।

ਪਲੰਘ ਕਹੇ ਮੈਂ ਆਪਣੇ ਟਿਕਾਣਿਉਂ ਗਿਆ ਬਦਲ, ਬਦਲੀ ਪ੍ਰਭ ਨੇ ਦਿੱਤੀ ਕਰਾਈਆ । ਜਿਸ ਇਨਸਾਫ਼ ਕਰਨਾ ਅਦਲ, ਅਦਾਲਤ ਇਕ ਲਗਾਈਆ । ਮੇਰੀ ਪੂਰੀ ਕਰੇ ਮਜ਼ਲ, ਮੰਜ਼ਲ ਪੰਧ ਮੁਕਾਈਆ । ਫੇਰ ਸਭ ਨੂੰ ਵਖਾਵੇ ਅਜ਼ਲ, ਜੋ ਕੂਕੇ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ ।

ਬਵੰਜਾ ਕਵੀਆਂ ਕਿਹਾ ਗੋਬਿੰਦ ਤੇਰੀ ਅਨਦ੍ਰਿਸ਼ਟੀ, ਦ੍ਰਿਸ਼ਟ ਵਿਚ ਨਾ ਆਈਆ । ਤੂੰ ਲੇਖਾ ਜਾਣੇ ਸਰਬ ਸ੍ਰਿਸ਼ਟੀ, ਸ੍ਰੇਸ਼ਟ ਤੇਰੀ ਵਡਿਆਈਆ । ਤੇਰੀ ਜੋਤ ਧਾਰ ਨਿਰੰਤਰ ਕਿਸੇ ਨਾ ਦਿਸਦੀ, ਵੇਖਣ ਕੋਇ ਨਾ ਪਾਈਆ । ਤੇਰੀ ਓਟ ਅਕਾਲ ਇਕ ਦੀ, ਏਕੰਕਾਰ ਸਹਾਈਆ । ਅਸੀਂ ਧਾਰ ਬਣੇ ਤੇਰੀ ਸਿੱਖ ਦੀ, ਸਿਖਿਆ ਵਿਚ ਸਮਾਈਆ । ਸਾਡੀ ਕਲਮ ਲੇਖ ਨਹੀਂ ਲਿਖਦੀ, ਕਿਸ ਬਿਧ ਆਵੇ ਧੁਰ ਦਾ ਮਾਹੀਆ । ਇਹ ਕਾਗਜ਼ ਉਤੇ ਨਹੀਂ ਟਿਕਦੀ, ਸ਼ਾਹੀ ਸੰਗ ਨਾ ਕੋਇ ਰਖਾਈਆ । ਅੱਗੋਂ ਰੋ ਰੋ ਕੇ ਪਿਟਦੀ, ਪਟਨੇ ਵਾਲਿਆ ਤੈਨੂੰ ਰਹੀ ਸੁਣਾਈਆ । ਮੈਂ ਵਣਜਾਰੀ ਇਕ ਚਿਟ ਦੀ, ਆਪਣੀ ਹੱਥੀਂ ਲਿਖ ਕੇ ਦੇ ਫੜਾਈਆ । ਨਾਲੇ ਸਿਰ ਕਦਮਾਂ ਦੇ ਵਿਚ ਸਿੱਟਦੀ, ਨਿਵ ਨਿਵ ਸੀਸ ਝੁਕਾਈਆ । ਮੈਂ ਵਣਜਾਰੀ ਰਹਿਣਾ ਨਹੀਂ ਪੱਥਰ ਇੱਟ ਦੀ, ਜੰਗਨੂੰ ਜੂਹਾਂ ਆਸਣ ਮੂਲ ਨਾ ਲਾਈਆ । ਮੈਂ ਖੇਲ ਤੱਕਣੀ ਨਿਤ ਨਵਿਤ ਦੀ, ਨਵਿਤ ਆਪਣਾ ਨੈਣ ਉਠਾਈਆ । ਮੈਂ ਸੇਵਾ ਜਰੂਰ ਕਰਾਂਗੀ ਓਸ ਪਰਮੇਸ਼ਵਰ ਪਿਤ ਦੀ, ਜੋ ਮਾਲਕ ਧੁਰਦਰਗਾਹੀਆ । ਮੈਂ ਵਣਜਾਰਨ ਬਣਾਂਗੀ ਮਨੀ ਸਿੰਘ ਦੇ ਚਿਤ ਦੀ, ਚੇਤਨ ਹੋ ਕੇ ਸੰਗ ਬਣਾਈਆ । ਨਾਲੇ ਗੋਬਿੰਦ ਦੇ ਚਰਨਾਂ ਵਿਚ ਲਿਟਦੀ, ਧੂੜੀ ਖ਼ਾਕ ਰਮਾਈਆ । ਆਪਣੀ ਵਾਰ ਥਿਤ ਆਪੇ ਮਿਥ ਦੀ, ਮਿਥਿਆ ਸਮਝ ਲੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੇਰੀ ਸਰਨਾਈਆ ।

ਕਲਮ ਕਹੇ ਮੈਂ ਮਨੀ ਸਿੰਘ ਨੂੰ ਆਖਿਆ, ਬਿਨ ਰਸਨਾ ਬੋਲ ਜਣਾਈਆ । ਮੇਰੀ ਸੇਵਾ ਲਾਈ ਪੁਰਖ ਅਬਿਨਾਸ਼ਿਆ, ਹੁਕਮ ਦਿਤਾ ਦ੍ਰਿੜਾਈਆ । ਜੋ ਖੇਲ ਕਰੇ ਸਾਖਿਆਤ ਸਾਖਿਆ, ਸਖਾ ਸੁਹੇਲਾ ਧੁਰਦਰਗਾਹੀਆ । ਨਾਲੇ ਖ਼ੁਸ਼ੀਆਂ ਵਿਚ ਨਿਕਲਿਆ ਹਾਸਿਆ, ਹੱਸ ਕੇ ਦਿਤਾ ਵਖਾਈਆ । ਓਸ ਦੇ ਮੰਡਲ ਦੀ ਤੱਕ ਲੈ ਰਾਸਿਆ, ਜੋ ਬਿਨ ਗੋਪੀ ਨਾਚ ਨਚਾਈਆ । ਜਿਸ ਦਾ ਤੇਰੇ ਅੰਦਰ ਪਿਆਰ ਦਾ

ਵਾਸਿਆ, ਵਸਲ ਦੇਵੇ ਯਾਰ ਖੁਦਾਈਆ । ਜਿਸ ਦਾ ਪਿਆਰ ਕਿਸੇ ਨਹੀਂ ਨਾਪਿਆ, ਪੈਮਾਨਿਆਂ ਵਿਚ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਖੇਲ ਆਪ ਖਿਲਾਈਆ ।

ਮਨੀ ਸਿੰਘ ਕਹੇ ਮੈਂ ਕੀ ਦੱਸਾਂ ਮੇਰੇ ਅੰਦਰ ਵੱਜੀਆਂ ਹੁੱਜਾਂ, ਹਲੂਣਿਆਂ ਨਾਲ ਜਣਾਈਆ । ਭੇਵ ਦੱਸ ਕੇ ਗੁੱਝਾ, ਮੇਰਾ ਪਰਦਾ ਦਿਤਾ ਉਠਾਈਆ । ਆਪਣੇ ਆਉਣ ਦਾ ਸਮਝਾ ਕੇ ਮੁੱਦਾ, ਮੁੱਦਤ ਦੇ ਵਿਛੜਿਆਂ ਲਿਆ ਮਿਲਾਈਆ । ਮੇਰੇ ਅੰਦਰ ਪ੍ਰਕਾਸ਼ ਹੋਇਆ ਉਦਾ, ਜੋਤ ਜੋਤ ਨਾਲ ਮਿਲਾਈਆ । ਮੈਂ ਵੇਖਿਆ ਉਤੇ ਬਸੁੱਧਾ, ਚਾਰੋਂ ਕੁੰਟ ਅੱਖ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਖੇਲ ਵਿਖਾਈਆ ।

ਮਨੀ ਸਿੰਘ ਕਹੇ ਮੈਨੂੰ ਸਤਿਗੁਰ ਸ਼ਬਦ ਨੇ ਦਿੱਤ ਹੁਲਾਰਾ, ਭੇਵ ਦਿਤਾ ਚੁਕਾਈਆ । ਤੂੰ ਹੋਣਾ ਖ਼ਬਰਦਾਰਾ, ਬੇਖ਼ਬਰਾਂ ਖ਼ਬਰ ਸੁਣਾਈਆ । ਪੁਰਖ ਅਕਾਲ ਤਤਾਂ ਦਾ ਬਣ ਵਣਜਾਰਾ, ਆਪਣਾ ਪਰਦਾ ਬੈਠਾ ਪਾਈਆ । ਤੂੰ ਲਿਖਣਾ ਲੇਖ ਨਿਆਰਾ, ਤੈਨੂੰ ਰਿਹਾ ਸੁਣਾਈਆ । ਤੇਰਾ ਕਲਮ ਦਾ ਕਲਮ ਨਾਲ ਪਿਆਰਾ, ਮੁਹੱਬਤ ਮੁਹੱਬਤ ਵਿਚੋਂ ਪ੍ਰਗਟਾਈਆ । ਤੁਸੀਂ ਉਸ ਨੂੰ ਕਰਨਾ ਜ਼ਾਹਰਾ, ਜੋ ਜਾਹਰ ਜਹੂਰ ਆਪਣਾ ਭੇਵ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਾ ਪਰਦਾ ਆਪ ਚੁਕਾਈਆ ।

ਮਨੀ ਸਿੰਘ ਕਹੇ ਮੈਂ ਕੀ ਦੱਸਾਂ ਬਾਤ, ਬਾਤ ਦੀ ਬਤੰਗੜ ਦਿਆਂ ਬਣਾਈਆ । ਮੈਨੂੰ ਫੜ ਕੇ ਹਲੂਣਿਆਂ ਆਪਣੀ ਰਾਤ, ਦੂਜੀ ਰਾਤ ਨਾ ਕੋਇ ਵਿਖਾਈਆ । ਫੇਰ ਦੱਸ ਕੇ ਆਪਣੀ ਜ਼ਾਤ, ਪਰਦਾ ਦਿਤਾ ਚੁਕਾਈਆ । ਫੇਰ ਦਰਸ਼ਨ ਦੇ ਕੇ ਸਾਖਿਆਤ, ਬਾਲ ਬਾਲਾ ਰੂਪ ਵਟਾਈਆ । ਘਨਕਪੁਰ ਕਹਿ ਕੇ ਮੇਰੀ ਮੁਕਾਈ ਵਾਟ, ਤਤਾਂ ਅੰਦਰ ਨਜ਼ਰੀ ਆਈਆ । ਮੇਰਾ ਨਾ ਦਿਵਸ ਰਿਹਾ ਨਾ ਪ੍ਰਭਾਤ, ਸੰਧਿਆ ਰੂਪ ਨਾ ਕੋਇ ਦਰਸਾਈਆ । ਮੈਂ ਜਿਧਰ ਵੇਖਾਂ ਮੈਨੂੰ ਨਜ਼ਰ ਆਵੇ ਕਲਮ ਤੇ ਦੁਵਾਤ, ਕਾਗਜ਼ ਖਾਲੀ ਸੋਭਾ ਪਾਈਆ । ਜੇ ਸਵਾਂ ਤੇ ਮੇਰਾ ਖੁਲ੍ਹ ਜਾਏ ਕਪਾਟ, ਆਲਸ ਨਿੰਦਰਾ ਰਹਿਣ ਕੋਇ ਨਾ ਪਾਈਆ । ਜੇ ਮੈਂ ਚੱਲਾਂ ਤੇ ਮੇਰੀ ਹੋਰ ਅੱਗੇ ਵੱਧ ਜਾਏ ਵਾਟ, ਪੈਂਡਾ ਮੁੱਕਣ ਵਿਚ ਨਾ ਆਈਆ । ਜਾਂ ਨਿਗਾਹ ਮਾਰੀ ਤੇ ਮੈਨੂੰ ਪੁਰਖ ਅਕਾਲ ਦਾ ਦਿਸੇ ਹਾਟ, ਸੋਹਣਾ ਸੋਭਾ ਪਾਈਆ । ਜੇ ਗੌਰ ਨਾਲ ਤੱਕਾਂ ਜੋਤ ਦਾ ਪਰਕਾਸ਼, ਨੂਰ ਨੁਰਾਨਾ ਨੂਰ ਅਲਾਹੀਆ । ਜੇ ਫੇਰ ਵੇਖਾਂ ਤੇ ਗੋਬਿੰਦ ਹੋਵੇ ਸਾਥ, ਸੋਹਣਾ ਰੰਗ ਬਣਾਈਆ । ਪਰ ਮੈਨੂੰ ਸਮਝ ਨਾ ਆਵੇ ਇਹ ਕੀ ਖੇਲ ਤਮਾਸ਼, ਕਵਣ ਰਿਹਾ ਕਰਾਈਆ । ਜੇ ਮੈਂ ਸੁਵਾਸ ਲਵਾਂ ਇਹ ਅੰਦਰੋਂ ਤੂੰ ਮੇਰਾ ਮੈਂ ਤੇਰਾ ਨਿਕਲੇ ਆਵਾਜ, ਅੱਗੇ ਅਵਰ ਨਾ ਕੁਛ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ ।

ਸੰਤ ਮਨੀ ਸਿੰਘ ਕਹੇ ਮੈਨੂੰ ਸ਼ਬਦ ਨੇ ਦਿੱਤੀ ਘਨਘੋਰ, ਹਲੂਣ ਹਲੂਣ ਹਿਲਾਈਆ । ਮੈਨੂੰ ਫੜ ਕੇ ਰਾਹੇ ਦਿਤਾ ਤੋਰ, ਤੁਰੀਆਂ ਦੇ ਨਾਲ ਤੁਰਤ ਦਿਤਾ ਮਿਲਾਈਆ । ਮੇਰੇ ਅੰਤਰ ਫੁਰਨਾ ਫੁਰੇ ਪ੍ਰਕਾਸ਼ ਹੋਵੇ ਅੰਧ ਘੋਰ, ਨੂਰ ਨੁਰਾਨਾ ਡਗਮਗਾਈਆ । ਜਾਂ ਵੇਖਾਂ ਤੇ ਵਸੇ ਕੋਲ, ਦੂਰ ਦੁਰਾਡਾ ਪੰਧ ਮੁਕਾਈਆ । ਅਨਾਦ ਦਾ ਨਾਦੀ ਵੱਜੇ ਢੋਲ, ਬਿਨ ਢੋਲਕ ਛੈਣੇ ਖੜਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ ।

ਸੰਤ ਮਨੀ ਸਿੰਘ ਕਹੇ ਮੈਂ ਲਿਖ ਲਿਖ ਥੱਕਾ, ਭੇਵ ਕੁਛ ਨਾ ਪਾਈਆ । ਮੈਨੂੰ ਯਾਦ ਰਹੇ

ਕੋਈ ਨਾ ਟੱਪਾ, ਨਾ ਅੱਖਰ ਕੋਈ ਸਮਝਾਈਆ । ਮੈਂ ਇਰਾਦਿਉਂ ਹੋ ਗਿਆ ਪੱਕਾ, ਪੱਕੀ ਲਈ ਬਣਾਈਆ । ਮੇਰੇ ਪੁਰਖ ਅਕਾਲ ਦੀਨ ਦਿਆਲ ਕੁਛ ਅਗਲਾ ਦੱਸ ਦੇ ਪਤਾ, ਪਤਿਪਰਮੇਸ਼ਵਰ ਦਇਆ ਕਮਾਈਆ । ਝਟ ਆਵਾਜ ਆਈ ਖ਼ਬਰ ਸੁਣਾਈ ਯੱਕਾ, ਵਾਹਿਦ ਦਿਤਾ ਦ੍ਰਿੜਾਈਆ । ਮਨੀ ਸਿੰਘ ਤੈਨੂੰ ਜਗਾਵਣ ਦੀ ਦਿੱਤੀ ਸਤਾ, ਸੁੱਤਿਆਂ ਦੇਣਾ ਉਠਾਈਆ । ਅੱਗੇ ਹੋਰ ਵੇਖ ਲੈ ਤੈਨੂੰ ਸਮਝਾਵਾਂ ਰਤਾ, ਰਤੀ ਰਤੀ ਵਿਚੋਂ ਦ੍ਰਿੜਾਈਆ । ਓਹ ਤੱਕ ਲੈ ਮੇਰਾ ਪਿਆਰ ਦਾ ਅੱਖਰ ਇਕੋ ਪੱਪਾ, ਪੱਪੇ ਦਾ ਪੂਰਨ ਹੋਵੇ ਬੇਪਰਵਾਹੀਆ । ਜਿਸ ਨੂੰ ਇੱਕੀ ਵਾਰ ਉਂਗਲ ਨਾਲ ਲਿਖ ਗਿਆ ਸੀ ਨਾਨਕ ਤਪਾ, ਤਪੀਸ਼ਰਾਂ ਤੋਂ ਬਾਹਰ ਲਿਖਾਈਆ । ਓਸ ਦਾ ਮੇਰੇ ਨਾਲ ਮਿਲ ਕੇ ਚੱਲਣਾ ਰਥਾ, ਜਗਤ ਜਹਾਨ ਫਿਰੇ ਚਾਈਂ ਚਾਈਂਆ । ਇਹ ਖੇਲ ਕਰੇ ਪੁਰਖ ਸਮਰਥਾ, ਸਮਰਥ ਆਪਣੇ ਹੱਥ ਰੱਖੇ ਵਡਿਆਈਆ । ਨਾਲੇ ਇਸ਼ਾਰਾ ਕੀਤਾ ਮਨੀ ਸਿੰਘ ਖੋਲ੍ਹ ਲੈ ਅੱਖਾਂ, ਬਿਨ ਅੱਖੀਆਂ ਅੱਖ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਪਰਦਾ ਆਪ ਚੁਕਾਈਆ ।

ਮਨੀ ਸਿੰਘ ਕਹੇ ਮੈਂ ਖੋਲ੍ਹੀਆਂ ਅੱਖੀਆਂ, ਨੈਣ ਨੈਣ ਵਿਚੋਂ ਬਦਲਾਈਆ । ਜਿਧਰ ਤੱਕਾਂ ਭਗਤ ਪਿਆਰੀਆਂ ਦਿਸਣ ਸਖੀਆਂ, ਸਾਜਣ ਰੂਪ ਨਜ਼ਰੀ ਆਈਆ । ਕਦੇ ਰੋਂਦੀਆਂ ਤੇ ਕਦੇ ਹੱਸੀਆਂ, ਖ਼ੁਸ਼ੀ ਗ਼ਮੀ ਦੋਵੇਂ ਰੰਗ ਬਣਾਈਆ । ਫੇਰ ਤੱਕਿਆ ਤੇ ਉਨ੍ਹਾਂ ਦੇ ਗਲ ਪ੍ਰੇਮ ਦੀਆਂ ਰੱਸੀਆਂ, ਗੰਢਾਂ ਸਕੇ ਨਾ ਕੋਇ ਖੁਲ੍ਹਾਈਆ । ਜੋ ਪ੍ਰਭੂ ਦੇ ਸੱਥਰ ਲੱਥੀਆਂ, ਸੇਜ ਸੁਹੰਜਣੀ ਸੋਭਾ ਪਾਈਆ । ਚਾਰੋਂ ਕੁੰਟ ਫਿਰਨ ਨੱਸੀਆਂ, ਭੱਜਣ ਵਾਹੋ ਦਾਹੀਆ । ਜਿਨ੍ਹਾਂ ਵਡਿਆਈ ਮਿਲੇ ਲੱਖ ਲੱਖੀਆਂ, ਕਰੋੜ ਕਰੋੜੀ ਵੇਖ ਵਖਾਈਆ । ਉਹ ਪੜ੍ਹ ਗਈਆਂ ਇਕੋ ਪੱਟੀਆਂ, ਪਰਮ ਪੁਰਖ ਕੀਤੀ ਪੜ੍ਹਾਈਆ । ਪਵਿੱਤਰ ਕਰ ਕੇ ਕਾਇਆ ਮੱਟੀਆਂ, ਦੁਰਮਤ ਮੈਲ ਧੁਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ ।

ਮਨੀ ਸਿੰਘ ਕਹੇ ਮੈਂ ਤੱਕਿਆ ਨਾਲ ਧਿਆਨ, ਨਿਝ ਨੇਤਰ ਧਿਆਨ ਲਗਾਈਆ । ਮੈਨੂੰ ਉਪਜਿਆ ਇਕ ਗਿਆਨ, ਬੁੱਧੀ ਤੋਂ ਪਰੇ ਦਿਤਾ ਸਮਝਾਈਆ । ਤੇਰਾ ਲੇਖ ਜਗਤ ਮਹਾਨ, ਲਿਖ ਲਿਖ ਦਿਤਾ ਟਿਕਾਈਆ । ਤੈਨੂੰ ਫੜਨਗੇ ਰਾਜ ਰਾਜਾਨ, ਜੇਲ੍ਹਾਂ ਵਿਚ ਮਿਲੇ ਸਜ਼ਾਈਆ । ਫੇਰ ਮਿਲਾਂਗਾ ਆਣ, ਆਪਣਾ ਪਰਦਾ ਪਾਈਆ । ਤੂੰ ਗਾਉਂਦਾ ਰਹਿਣਾ ਮੇਰਾ ਗਾਣ, ਆਪਣੀ ਖ਼ੁਸ਼ੀ ਬਣਾਈਆ । ਤੇਰਾ ਅੱਖਰ ਅੱਖਰ ਕਰਾਂ ਪ੍ਰਵਾਨ, ਲੇਖੇ ਵਿਚ ਰਖਾਈਆ । ਫੇਰ ਨਵਾਂ ਬਣਾਵਾਂ ਵਿਧਾਨ, ਨਵਿਆਂ ਰੰਗ ਰੰਗਾਈਆ । ਸ੍ਰਿਸ਼ਟੀ ਵਿਚ ਹੋ ਪ੍ਰਧਾਨ, ਆਪਣਾ ਆਪ ਪ੍ਰਗਟਾਈਆ । ਜਿਹੜਾ ਸ਼ਬਦ ਤੈਨੂੰ ਸੰਦੇਸ਼ੇ ਦੇਵੇ ਆਣ, ਚੋਰੀ ਚੋਰੀ ਹੁਕਮ ਸੁਣਾਈਆ । ਓਸ ਨੂੰ ਲੋਕਮਾਤ ਕਰਾਂ ਪ੍ਰਵਾਨ, ਆਪਣੀ ਗੰਢ ਪੁਵਾਈਆ । ਔਹ ਤੱਕ ਲੈ ਬੀਸਵੀਂ ਸਦੀ ਦਾ ਨਿਸ਼ਾਨ, ਬੀਸ ਬੀਸਾ ਹੋ ਕੇ ਰਿਹਾ ਦ੍ਰਿੜਾਈਆ । ਪੂਰਨ ਵਿਚ ਮੇਰੀ ਪੂਰਨ ਜੋਤ ਜਗੇ ਮਹਾਨ, ਬਿਨਾ ਪੂਰਨ ਤੋਂ ਪੂਰਨ ਨਜ਼ਰ ਕੋਇ ਨਾ ਆਈਆ । ਆਪੇ ਗੋਪੀ ਬਣਾਂਗਾ ਆਪੇ ਬਣਾਂਗਾ ਕਾਹਨ, ਆਪੇ ਸੀਤਾ ਰਾਮ ਰੂਪ ਦਰਸਾਈਆ । ਆਪ ਰਸੂਲ ਬਣਾਂਗਾ ਆਪ ਬਣਾਂ ਅਮਾਮ, ਇਹ ਮੇਰੀ ਬੇਪ੍ਰਵਾਹੀਆ । ਆਪੇ ਮੰਤਰ ਹੋਵਾਂ ਸਤਿਨਾਮ, ਆਪੇ ਸਤਿਗੁਰ ਸ਼ਬਦ ਵਡਿਆਈਆ । ਪਰਦਾ ਲਾਹ ਕੇ ਡੰਕ ਵਜਾਵਾਂ ਜਗਤ ਜਹਾਨ, ਓਹਲਾ ਰਹਿਣ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ ।

ਮਨੀ ਸਿੰਘ ਕਿਹਾ ਮੇਰੇ ਸਤਿਗੁਰ ਤੂੰ ਬੜਾ ਸ਼ਰਾਰਤੀ, ਮੈਂ ਸ਼ਰਅ ਨਾਲ ਜਣਾਈਆ । ਮੈਂ ਲੇਖ ਲਿਖਣ ਵਾਲਾ ਅਬਾਰਤੀ, ਸਿਫ਼ਤਾਂ ਨਾਲ ਵਡਿਆਈਆ । ਤੂੰ ਜੁਗ ਜੁਗ ਲੋਕਮਾਤ ਬਣੇ ਤਜ਼ਾਰਤੀ, ਸੌਦੇ

ਮਜ਼੍ਹਬਾਂ ਵਾਲੇ ਕਰਾਈਆ । ਤੇਰੀ ਖੇਲ ਪਤਾ ਨਹੀਂ ਪੁਰਖ ਨਾਰ ਦੀ, ਨਰ ਨਰਾਇਣ ਤੇਰੀ ਬੇਪ੍ਰਵਾਹੀਆ । ਮੈਨੂੰ ਇਕੋ ਗੱਲ ਯਾਦ ਓਹ ਗੋਬਿੰਦ ਵਾਲੇ ਯਾਰ ਦੀ, ਜੋ ਤੇਰਾ ਸੱਥਰ ਗਿਆ ਹੰਢਾਈਆ । ਪਰ ਮੈਂ ਝਗੜਾ ਨਹੀਂ ਕਰਦਾ । ਮੈਂ ਫੇਰ ਖੇਲ ਵੇਖਣੀ ਨਹੀਂ ਚਾਹੁੰਦਾ ਤੇਰੀ ਤਲਵਾਰ ਦੀ, ਪੁਰਖ ਅਕਾਲ ਹੋ ਕੇ ਖੰਡੇ ਹੱਥਾਂ ਵਿਚ ਫੜਾਈਆ । ਮੈਂ ਇਕ ਮੰਗ ਮੰਗਦਾ ਤੇਰੀ ਖੇਲ ਹੋਵੇ ਹੁਕਮ ਸਚੀ ਸਰਕਾਰ ਦੀ, ਨਾ ਕੋਈ ਮੇਟੇ ਮੇਟ ਮਿਟਾਈਆ । ਤੇਰੀ ਹੁਕਮ ਹਕੂਮਤ ਹੋਵੇ ਸ਼ਾਹੋ ਭੂਪ ਨਿਰੰਕਾਰ ਦੀ, ਸ਼ਹਿਨਸ਼ਾਹ ਦੋ ਜਹਾਨ ਸੀਸ ਨਿਵਾਈਆ । ਮੇਰੀ ਕਲਮ ਨੇ ਲੇਖ ਲਿਖਿਆ ਆਸ਼ਾ ਪੂਰੀ ਕਰਨੀ ਦਿੱਲੀ ਦਰਬਾਰ ਦੀ, ਸਚ ਨਾਲ ਜਣਾਈਆ । ਜਿਸ ਵੇਲੇ ਸਦੀ ਚੌਧਵੀਂ ਸਭ ਨੂੰ ਵਾਜਾਂ ਹੋਵੇ ਮਾਰਦੀ, ਮਰਦੀ ਮਰਦੀ ਕਰੇ ਹਾਲ ਦੁਹਾਈਆ । ਦੁਹਾਈ ਸੁਣ ਲੈ ਵੇ ਮੇਰਿਆ ਮਾਲਕਾ ਚਾਰ ਯਾਰ ਦੀ, ਹਜ਼ਰਤ ਆਪਣੇ ਨਾਲ ਮਿਲਾਈਆ । ਓਸ ਵੇਲੇ ਘੜੀ ਹੋਵੇ ਨਾ ਕੋਇ ਤਕਰਾਰ ਦੀ, ਝਗੜਾ ਰਹਿਣ ਕੋਇ ਨਾ ਪਾਈਆ । ਤੂੰ ਆਪਣੀ ਸੰਨਦ ਵੇਖਣੀ ਇਕਰਾਰ ਦੀ, ਵਾਅਦੇ ਕੌਲ ਤੱਕਣੇ ਚਾਈਂ ਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਭੇਵ ਆਪ ਚੁਕਾਈਆ ।

ਸਤਿਗੁਰ ਸ਼ਬਦ ਕਹੇ ਮਨੀ ਸਿੰਘ ਜੇਲ੍ਹਖਾਨੇ ਵਿਚ ਬਿਰਾਜਿਆ, ਆਪਣਾ ਆਸਣ ਦੋ ਵੇਰਾਂ ਇਕ ਰਾਤ ਬਦਲਾਈਆ । ਕਦੇ ਸਂਵੇ ਤੇ ਕਦੇ ਜਾਗਿਆ, ਕਦੇ ਪਾਸਾ ਲਏ ਬਦਲਾਈਆ । ਕਦੇ ਰੋਵੇ ਨਾਲ ਵੈਰਾਗਿਆ, ਨੇਤਰ ਨੈਣਾਂ ਨੀਰ ਵਹਾਈਆ । ਕਦੇ ਉਠ ਉਠ ਫਿਰੇ ਭਾਗਿਆ, ਅੰਦਰੇ ਅੰਦਰ ਕਦਮ ਟਿਕਾਈਆ । ਕਦੇ ਉਚੀ ਉਚੀ ਮਾਰੇ ਆਵਾਜਿਆ, ਆ ਜਾ ਮੇਰੇ ਸਾਚੇ ਮਾਹੀਆ । ਨਾਲੇ ਗਾਇਣ ਗਾਵੇ ਮੇਰੇ ਸ਼ਾਹੋ ਭੂਪ ਰਾਜਿਆ, ਸ਼ਹਿਨਸ਼ਾਹ ਧੁਰਦਰਗਾਹੀਆ । ਜੇ ਆ ਗਿਉਂ ਦੇਸ ਮਾਝਿਆ, ਕਿਉਂ ਬੈਠਾ ਮੁੱਖ ਛੁਪਾਈਆ । ਕਿਉਂ ਮੇਰੀ ਨਹੀਂ ਰੱਖਦਾ ਲਾਜਿਆ, ਸਿਰ ਮੇਰੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਆਉਣਾ ਭਾਗਿਆ ।

ਸੰਤ ਮਨੀ ਸਿੰਘ ਉਠ ਉਠ ਵੇਖੇ, ਦਹਿ ਦਿਸ਼ਾ ਅੱਖ ਉਠਾਈਆ । ਮੈਂ ਜਿਸ ਦਾ ਲਿਖਦਾ ਲੇਖੇ, ਉਹ ਕਿਥੇ ਮੇਰਾ ਮਾਹੀਆ । ਓਹ ਮੈਨੂੰ ਮਿਲ ਜਾ ਭੁੱਲ ਭੁਲੇਖੇ, ਆਪਣਾ ਫੇਰਾ ਪਾਈਆ । ਮੇਰਾ ਹਿਰਦਾ ਤੈਨੂੰ ਚੇਤੇ, ਚੇਤਨ ਹੋ ਕੇ ਰਿਹਾ ਸੁਣਾਈਆ । ਤੂੰ ਸਾਹਿਬ ਨੇਤਨ ਨੇਤੇ, ਨੇਰਨ ਨੇਰ ਅਖਵਾਈਆ । ਮੇਰਿਆ ਪ੍ਰੀਤਮਾ ਮੇਰੇ ਤੇਰੇ ਨਾਲ ਸੌਹਰੇ ਪੇਕੇ, ਦੂਜਾ ਘਰ ਨਾ ਕੋਇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਪਰਦਾ ਆਪ ਚੁਕਾਈਆ ।

ਝੱਟ ਸ਼ਬਦ ਆਇਆ ਧੁਰ ਦਾ, ਸਹਿਜ ਨਾਲ ਸੁਣਾਈਆ । ਸੰਤਾ ਉਠ ਵੇਖ ਹਾਲ ਅਨੰਦਪੁਰ ਦਾ, ਪੁੱਤਰਾ ਦਿਆਂ ਸਮਝਾਈਆ । ਹੌਸਲਾ ਵੇਖ ਲੈ ਗੋਬਿੰਦ ਗੁਰ ਦਾ, ਜੋ ਸਭ ਕੁਛ ਰਿਹਾ ਤਜਾਈਆ । ਅੱਗੇ ਜਾਂਦਾ ਮੂਲ ਨਾ ਮੁੜਦਾ, ਹੁਕਮ ਮੰਨੇ ਚਾਈਂ ਚਾਈਆ । ਸਰਸੇ ਵਿਚ ਵੇਖ ਲੈ ਰੁੜਦਾ, ਧਨ ਦੌਲਤ ਬੇਪ੍ਰਵਾਹੀਆ । ਸਾਰੇ ਕਹਿਣ ਵਕਤ ਆ ਗਿਆ ਧੁੜ ਦਾ, ਖਾਲੀ ਹੱਥ ਵਖਾਈਆ । ਉਸ ਵੇਲੇ ਗੋਬਿੰਦ ਨੇ ਪ੍ਰਸ਼ਾਦ ਵੰਡਿਆ ਸੀ ਗੁੜ ਦਾ, ਗੁਰਸਿੱਖ ਗੁੜ ਲਿਆਉਣ ਵਾਲਿਆ ਚਰਨਾਂ ਵਿਚ ਦੇਣਾ ਟਿਕਾਈਆ । ਨਾਲੇ ਹੱਸ ਕੇ ਕਿਹਾ ਮੇਰਾ ਬੇੜਾ ਨਹੀਂ ਕੋਈ ਰੁੜ੍ਹਦਾ, ਜੋ ਰੁੜ੍ਹਿਆ ਸੋ ਸਚਖੰਡ ਵਿਚ ਜਾਈਆ । ਮੇਰਾ ਮੇਲਾ ਸਦਾ ਧੁਰ ਦਾ, ਅਧਵਿਚਕਾਰ ਨਾ ਕੋਇ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਖਿਲਾਈਆ ।

ਮਨੀ ਸਿੰਘ ਵੇਖ ਲੈ ਸਰਸੇ ਦਾ ਕੰਢਾ, ਸਰ ਸਰ ਧਿਆਨ ਲਗਾਈਆ । ਪਾਣੀ ਵੇਖ ਲੈ

ਠੰਡਾ, ਪਵਣ ਹੁਲਾਰੇ ਰਹੀ ਖਾਈਆ । ਖਾਲੀ ਦਿਸਦਾ ਪੁਰੀ ਅਨੰਦਾ, ਚਾਰ ਦੀਵਾਰੀਆਂ ਰੋਵਣ ਮਾਰਨ ਧਾਹੀਆ । ਵਿਛੜਦਾ ਜਾਏ ਬੰਦੇ ਨਾਲ ਬੰਦਾ, ਗੁਰਸਿੱਖ ਗੁਰਸਿੱਖਾਂ ਨਾਲੋਂ ਪਲੂ ਛੁਡਾਈਆ । ਚਾਰੋਂ ਕੁੰਟ ਅੰਧੇਰਾ ਅੰਧਾ, ਬਾਦਲ ਘਨਘੋਰ ਸ਼ਨਵਾਈਆ । ਗੋਬਿੰਦ ਖ਼ੁਸ਼ੀਆਂ ਵਿਚ ਭੁਆਵੇ ਖੰਡਾ, ਚਾਰੋਂ ਕੁੰਟ ਘੁੰਮਾਈਆ । ਇਹ ਭਾਣਾ ਪੁਰਖ ਅਕਾਲ ਸੰਧਾ, ਜਿਸ ਸੰਧਿਆ ਵੇਲੇ ਘਰ ਦਿਤਾ ਛੁਡਾਈਆ । ਫੇਰ ਪੈਰਾਂ ਤੋਂ ਹੋ ਕੇ ਨੰਗਾ, ਨੱਚਿਆ ਟੱਪਿਆ ਚਾਈਂ ਚਾਈਂਆ । ਫੇਰ ਲੇਖ ਵੇਖਿਆ ਕੀ ਧੁਰ ਦਾ ਲਿਖਿਆ ਸੰਦਾ, ਸੰਨਦ ਕੀ ਰਖਾਈਆ । ਗੋਬਿੰਦ ਤੇਰੇ ਬਿਨਾ ਕਲਜੁਗ ਦਾ ਪੈਂਡਾ ਨਹੀਂ ਮੁੱਕਣਾ ਲੰਮਾ, ਲੰਮੀ ਗੱਲ ਨਾ ਕੋਇ ਸਮਝਾਈਆ । ਨਾਲੇ ਹਲੂਣ ਕੇ ਸੱਜਾ ਕੰਧਾ, ਪੁਰਖ ਅਕਾਲ ਦਿਤਾ ਹਿਆਈਆ । ਗੋਬਿੰਦ ਜਿਹੜਾ ਲੇਖ ਲਿਖਿਆ ਇਸ਼ਾਰਿਆਂ ਵਾਲਾ ਕਵੀ ਬਵੰਜਾ, ਬਾਵਨ ਧਾਰ ਸੁਣਾਈਆ । ਉਹਦੇ ਉਤੇ ਲਾ ਕੇ ਆਪਣਾ ਪੰਜਾ, ਸਰਸੇ ਵਿਚ ਦੇਣਾ ਟਿਕਾਈਆ । ਫੇਰ ਨੇਤਰ ਨੀਰ ਵਹਾ ਕੇ ਰੋ ਪਈ ਸ਼ੰਕਰ ਵਾਲੀ ਗੰਗਾ, ਬਹੁੜੀ ਬਹੁੜੀ ਤੇਰੀ ਦੁਹਾਈਆ । ਨਾਚ ਨੱਚ ਕੇ ਵਖਾਇਆ ਪਰੀ ਅਰੰਬਾ, ਆਪਣੀ ਖ਼ੁਸ਼ੀ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ ।

ਸ਼ਬਦ ਕਿਹਾ ਮਨੀ ਸਿੰਘ ਘਬਰਾਵੀਂ ਨਾ । ਤਨ ਮਿਹਣੇ ਹੋਰ ਸੁਣਾਵੀਂ ਨਾ । ਸ਼ੇਰ ਸਿੰਘ ਨੂੰ ਆਪ ਸ਼ੇਰ ਬਣ ਡਰਾਵੀਂ ਨਾ । ਤੇਰੇ ਉਤੇ ਕੀਤੀ ਮਿਹਰ, ਤੂੰ ਬਾਹਰ ਕਢਾਵੀਂ ਨਾ । ਤੇਰੇ ਵਾਸਤੇ ਹੋਈ ਦੇਰ, ਤੂੰ ਆਪਣੀ ਆਸਾ ਮੂਲ ਚੁਕਾਵੀਂ ਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਹਿੰਮਤ ਹੌਸਲਾ ਮੂਲ ਢਾਹਵੀਂ ਨਾ ।

ਮਨੀ ਸਿੰਘ ਸੁਣ ਲੈ ਮੰਨਿਆ, ਮਮਤਾ ਦੇਣੀ ਤਜਾਈਆ । ਲਾਡਲੇ ਮੇਰੇ ਚੰਨਿਆ, ਚੰਦ ਦੇਵਾਂ ਸਮਝਾਈਆ । ਤੂੰ ਮਾਤਲੋਕ ਵਿਚੋਂ ਜਾਣਾ ਭੰਨਿਆ, ਭੱਜਣਾ ਵਾਹੋ ਦਾਹੀਆ । ਜਿਸ ਗਗਨ ਰਹਾਇਆ ਬਿਨਾ ਥੰਮ੍ਹਿਆ, ਤੇਰਾ ਹੋਏ ਆਪ ਸਹਾਈਆ । ਤੂੰ ਸੁਣਨਾ ਸ਼ਬਦ ਬਿਨ ਕੰਨਿਆ, ਕਾਇਨਾਤ ਵਿਚ ਦ੍ਰਿੜਾਈਆ । ਮੇਰਾ ਖੇਲ ਅਗੰਮ ਅਗੰਮਿਆ, ਜਗ ਨੇਤਰ ਵੇਖਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪਰਦਾ ਆਪ ਚੁਕਾਈਆ ।

ਮਨੀ ਸਿੰਘ ਪੰਜ ਪੋਹ ਦੀ ਰਾਤ ਤੇਰੀ ਲੰਘਣੀ ਦਿਸਦੀ ਔਖੀ, ਸੰਮਤ ਉਨੀ ਸੌ ਅਠਾਰਾਂ ਈਸਵੀ ਦਏ ਗੁਵਾਹੀਆ । ਮਨੀ ਸਿੰਘ ਕਿਹਾ ਤੇਰੇ ਹੁਕਮ ਦੀ ਧਾਰ ਸੌਖੀ, ਸਹਿਜ ਨਾਲ ਦੇਣੀ ਸਮਝਾਈਆ । ਮੈਂ ਕੋਈ ਪੜ੍ਹਿਆ ਨਹੀਂ ਪੋਥੀ, ਪੁਸਤਕਾਂ ਹੱਥ ਉਠਾਈਆ । ਮੇਰੀ ਬੁੱਧ ਹੋਣ ਨਾ ਦੇਵੀਂ ਥੋਥੀ, ਨਿਰਮਲ ਲੈਣੀ ਆਪ ਕਰਾਈਆ । ਮੈਨੂੰ ਆਪਣੇ ਪਿਆਰ ਵਿਚੋਂ ਕਦੇ ਨਾ ਰੋਕੀਂ, ਅੱਗੇ ਹੋ ਨਾ ਕਦੇ ਅਟਕਾਈਆ । ਮੈਨੂੰ ਦੱਸਦੇ ਸਚ ਸਲੋਕੀ, ਸੋਹਲਾ ਦੇ ਸਮਝਾਈਆ । ਕਿਸ ਬਿਧ ਤੇਰੀ ਪ੍ਰਗਟ ਹੋਵੇ ਜੋਤ ਜੋਤੀ, ਜੋਤੀ ਜਾਤੇ ਦੇਣਾ ਸਮਝਾਈਆ । ਝੱਟ ਸ਼ਬਦ ਨੇ ਪਿੱਠ ਤੇ ਮਾਰੀ ਸੋਟੀ, ਜੋਰ ਨਾਲ ਲਗਾਈਆ । ਫੇਰ ਠੁਕਰਾ ਕੇ ਚੋਟੀ, ਹੁਲਾਰਿਆਂ ਵਿਚ ਹਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ ।

ਸ਼ਬਦ ਸਤਿਗੁਰ ਕਿਹਾ ਮਨੀ ਸਿੰਘ ਵੇਖ ਲੈ ਧੁਰ ਦੀ ਜੋਤ ਪ੍ਰਕਾਸ਼, ਪ੍ਰਕਾਸ਼ ਦਿਆਂ ਵਿਖਾਈਆ । ਵਕਤ ਸੁਹੰਵਣਾ ਤੱਕ ਲੈ ਖ਼ਾਸ, ਦਿਵਸ ਰੈਣ ਰੰਗ ਰੰਗਾਈਆ । ਮਿਹਰਵਾਨ ਮਿਹਰਵਾਨ ਮਿਹਰਵਾਨ ਹੋਵੇ ਪੁਰਖ ਅਬਿਨਾਸ਼, ਅਬਿਨਾਸ਼ੀ ਕਰਤਾ ਧੁਰਦਰਗਾਹੀਆ । ਸੰਬਲ ਕਰੇ ਸਚ ਨਿਵਾਸ, ਆਸਣ ਸਿੰਘਾਸਣ ਇਕ ਲਗਾਈਆ । ਧੁਰ ਸੰਦੇਸਾ ਦੇਵੇ ਬਿਨ ਰਸਨ ਸੁਵਾਸ, ਸ਼ਬਦੀ ਸ਼ਬਦ ਸ਼ਬਦ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਆਪ ਵਰਤਾਈਆ ।

ਮਨੀ ਸਿੰਘ ਕਿਹਾ ਮੈਂ ਨਹੀਂ ਜਾਣਦਾ ਕੀ ਹੋਵੇ ਤੇਰਾ ਵੇਸ, ਕੀ ਅਵਲੜੀ ਖੇਲ ਖਿਲਾਈਆ । ਮੈਨੂੰ ਦੱਸਦੇ ਆਪਣਾ ਦੇਸ, ਗ੍ਰਹਿ ਮੰਦਰ ਦੇ ਵਖਾਈਆ । ਜਿਥੇ ਵਸੇ ਨਰ ਨਰੇਸ਼, ਆਪਣਾ ਡੇਰਾ ਲਾਈਆ । ਸਦਾ ਰਹੇ ਹਮੇਸ, ਸਚ ਸਿੰਘਾਸਣ ਸੋਭਾ ਪਾਈਆ । ਜੋ ਮੈਂ ਪਿਆਰ ਵਿਚ ਲਿਖਿਆ ਲੇਖ, ਓਹਦਾ ਪਰਦਾ ਦੇਣਾ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ ।

ਝੱਟ ਮਨੀ ਸਿੰਘ ਉਠ ਕੇ ਚਾਰੋਂ ਕੁੰਟ ਗਿਆ ਭੌਂ, ਭਾਵਨੀ ਅੰਦਰੇ ਅੰਦਰ ਰਖਾਈਆ । ਬਿਨਾ ਸੁਤਿਆਂ ਗਿਆ ਸੌਂ, ਨੈਣ ਨੈਣਾਂ ਵਿਚ ਛੁਪਾਈਆ । ਨਾਲੇ ਬੇਨੰਤੀ ਕਰੇ ਮੈਨੂੰ ਤੇਰੇ ਨਾਲ ਗੌਂ, ਓਟ ਤੇਰੀ ਇਕ ਰਖਾਈਆ । ਸਚ ਦੱਸ ਦੇ ਕੀ ਖੇਲ ਕਰੇਂਗਾ ਸੰਮਤ ਸ਼ਹਿਨਸ਼ਾਹੀ ਵਿਚ ਨੌਂ, ਨਿਰੰਕਾਰ ਦੇਣਾ ਦ੍ਰਿੜਾਈਆ । ਕੀ ਭਾਗ ਲਗਾਏਂ ਜਮਨਾ ਕਿਨਾਰਾ ਥਾਉਂ, ਜਿਥੇ ਨਿਸ਼ਾਨ ਆਇਆ ਲਗਾਈਆ । ਕੀ ਭਗਤਾਂ ਪਕੜੇ ਬਾਹੋਂ, ਆਪਣੀ ਦਇਆ ਕਮਾਈਆ । ਕੀ ਗੁਰਮੁਖਾਂ ਹੋਏ ਪਿਤਾ ਮਾਉਂ, ਪੁਰਖ ਅਕਾਲ ਗੋਦ ਟਿਕਾਈਆ । ਕੀ ਗ਼ਰੀਬ ਨਿਮਾਣਿਆਂ ਦੇਵੇ ਛਾਉਂ, ਸਿਰ ਆਪਣਾ ਹੱਥ ਟਿਕਾਈਆ । ਸਚ ਦੱਸ ਕਿਸ ਬਿਧ ਦੀਨ ਦੁਨੀ ਨੂੰ ਲਾਏਂ ਦਾਓ, ਆਪਣਾ ਆਪਣਾ ਭੇਵ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ ।

ਸਤਿਗੁਰ ਸ਼ਬਦ ਕਿਹਾ, ਮੈਂ ਖੇਲ ਖਿਲਾਵਾਂਗਾ । ਜੋਤੀ ਜਾਤਾ ਵੇਸ ਵਟਾਵਾਂਗਾ । ਸੰਬਲ ਦੇਸ ਇਕ ਸੁਹਾਵਾਂਗਾ । ਨਰ ਨਰੇਸ਼ ਆਪ ਅਖਵਾਵਾਂਗਾ । ਕਲਜੁਗ ਕਲ ਕਲੇਸ਼ ਮਿਟਾਵਾਂਗਾ । ਮੁਲਾ ਸ਼ੇਖ ਵੇਖ ਵਖਾਵਾਂਗਾ । ਦੇਸ ਪ੍ਰਦੇਸ ਰੰਗ ਰੰਗਾਵਾਂਗਾ । ਵਿਸ਼ਨ ਮਹੇਸ਼ ਆਪ ਉਠਾਵਾਂਗਾ । ਲੇਖਾ ਜਾਣ ਸਹੰਸਰ ਮੁਖ ਸ਼ੇਸ਼, ਦੋ ਸਹੰਸਰ ਜੇਹਵਾ ਨਾਲ ਰਲਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਵਾਂਗਾ ।

ਸਚ ਕਰਨੀ ਕਾਰ ਕਮਾਵਾਂਗਾ । ਦੀਨ ਦਿਆਲ ਇਕ ਅਖਵਾਵਾਂਗਾ । ਗੁਰਮੁਖ ਲਾਲ ਆਪ ਉਠਾਵਾਂਗਾ । ਸੰਮਤ ਸ਼ਹਿਨਸ਼ਾਹੀ ਨੌਂ ਵੇਖ ਵਖਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਪਰਦਾ ਲਾਹਵਾਂਗਾ । ਸਾਚਾ ਪਰਦਾ ਆਪਣਾ ਲਾਹਵਾਂਗਾ । ਮਨੀ ਸਿੰਘ ਤੇਰੀ ਆਸਾ ਪੂਰ ਕਰਾਵਾਂਗਾ । ਦਿੱਲੀ ਦਰਬਾਰ ਚਰਨ ਛੁਹਾਵਾਂਗਾ । ਜਗਤ ਸਿੰਘਾਸਣ ਆਪ ਬਦਲਾਵਾਂਗਾ । ਜ਼ਿਮੀਂ ਅਸਮਾਨਾਂ ਹਾਹਾਕਾਰ ਕਰਾਵਾਂਗਾ । ਦੋ ਜਹਾਨਾਂ ਵੇਖ ਵਿਖਾਵਾਂਗਾ । ਗੁਣ ਨਿਧਾਨਾ ਨਾਉਂ ਧਰਾਵਾਂਗਾ । ਨਿਰਗੁਣ ਨੂਰ ਜੋਤ ਰੁਸ਼ਨਾਵਾਂਗਾ । ਪੂਰਨ ਬ੍ਰਹਮ ਇਕ ਸਮਝਾਵਾਂਗਾ । ਪੰਚਮ ਪੋਹ ਵਡ ਵਡਿਆਵਾਂਗਾ । ਭਗਤ ਸੁਹੇਲੇ ਗੋਦ ਟਿਕਾਵਾਂਗਾ । ਗੁਰ ਚੇਲੇ ਜੋੜ ਜੁੜਾਵਾਂਗਾ । ਜੁਗ ਜਨਮ ਦੇ ਵਿਛੜੇ ਮੋੜ ਲਿਆਵਾਂਗਾ । ਜੇ ਪਿੱਛੇ ਰਹਿ ਗਈ ਥੋੜ, ਅੱਗੇ ਪੂਰ ਕਰਾਵਾਂਗਾ । ਮੇਰੇ ਬਿਨ ਕੋਇ ਹੋਏ ਨਾ ਬ੍ਰਾਹਮਣ ਗੌੜ, ਪੂਤ ਸਪੂਤਾ ਨਾ ਕੋਇ ਅਖਵਾਵਾਂਗਾ । ਕਲ ਕਲਕੀ ਹੋ ਕੇ ਜਾਵਾਂ ਬਹੁੜ, ਨਿਹਕਲੰਕਾ ਰੂਪ ਦਰਸਾਵਾਂਗਾ । ਅਮਾਮ ਅਮਾਮ ਦੀ ਪੂਰੀ ਕਰਾਂ ਲੋੜ, ਆਸਾ ਸਭ ਦੀ ਵੇਖ ਵਿਖਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਵਾਂਗਾ ।

ਪੰਚਮ ਪੋਹ ਕਹੇ ਜਨ ਭਗਤੋ ਮੈਂ ਖ਼ੁਸ਼ੀਆਂ ਵਾਲਾ ਚੜ੍ਹਿਆ, ਚੜ੍ਹਦੇ ਲਹਿੰਦੇ ਧਿਆਨ ਲਗਾਈਆ । ਮੈਂ ਤੁਹਾਡਾ ਕਰਮ ਦਾ ਨਿਰਅੱਖਰ ਪੜ੍ਹਿਆ, ਅੱਖਰਾਂ ਦਿਤਾ ਤਜਾਈਆ । ਜੋ ਸਚ ਪ੍ਰੀਤੀ ਵਿਚ ਜੜਿਆ, ਪ੍ਰੀਤਮ ਆਪਣੇ ਰੰਗ ਰੰਗਾਈਆ । ਜੋ ਤਹਾਡੇ ਗ੍ਰਹਿ ਦੁਵਾਰੇ ਖੜ੍ਹਿਆ, ਸਨਮੁਖ ਸੋਭਾ ਪਾਈਆ । ਜੋ

ਵਸਿਆ ਭਗਤ ਦੁਵਰਿਆ, ਇਕੋ ਘਰ ਸੁਹਾਈਆ । ਓਸ ਦਾ ਸ਼ਬਦ ਸੁਣ ਲਓ ਖਰਿਆ, ਖਰੇ ਖੋਟਿਆਂ ਦਏ ਸੁਣਾਈਆ । ਜੋ ਚਰਨ ਲੱਗਿਆ ਸੋ ਤਰਿਆ, ਤਾਰਨਹਾਰ ਦਇਆ ਕਮਾਈਆ । ਗੁਰਮੁਖ ਕਦੇ ਨਾ ਮਰਿਆ, ਮਰ ਜੀਵਤ ਰੂਪ ਬਦਲਾਈਆ । ਤੁਹਾਡਾ ਮਾਨਸ ਬੂਟਾ ਪਿਆਰ ਨਾਲ ਕੀਤਾ ਹਰਿਆ, ਅੰਤ ਸੁੱਕ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਦ ਦੇਵਣਹਾਰ ਸਰਨਾਈਆ ।

ਪੰਜ ਪੋਹ ਕਹੇ ਔਹ ਕੂਕਦੇ ਹਾਰਾਂ ਵਾਲੇ ਫੁੱਲ, ਫੁੱਲ ਫੁੱਲ ਆਪਣਾ ਆਪ ਵਖਾਈਆ । ਜਨ ਭਗਤੋ ਸਾਡੇ ਬੋਲਣ ਵਾਲੇ ਨਹੀਂ ਬੁਲ੍ਹ, ਰਸਨਾ ਨਜ਼ਰ ਕੋਇ ਨਾ ਆਈਆ । ਅਸੀਂ ਤੁਹਾਡੇ ਨਾਲ ਮਿਲ ਕੇ ਹੋ ਗਏ ਤੁਹਾਡੇ ਤੁਲ, ਇਕੋ ਤਰਾਜੂ ਪ੍ਰਭ ਨੇ ਦਿਤਾ ਟਿਕਾਈਆ । ਅਸੀਂ ਸਚ ਦੱਸੀਏ ਤੁਸੀਂ ਕਦੇ ਨਹੀਂ ਜਾਣਾ ਭੁੱਲ, ਭੁੱਲ ਵਿਚ ਕਦੇ ਨਾ ਆਈਆ । ਬਿਨਾ ਪੁਰਖ ਅਕਾਲ ਤੋਂ ਏਸ ਜ਼ਿੰਦਗੀ ਦਾ ਨਹੀਂ ਕੋਈ ਮੁੱਲ, ਕੀਮਤ ਜਗਤ ਨਾ ਕੋਇ ਰਖਾਈਆ । ਜਨ ਭਗਤੋ ਤੁਹਾਡਾ ਦੀਪਕ ਕਦੇ ਨਹੀਂ ਹੋਣਾ ਗੁਲ, ਰੋਸ਼ਨੀ ਕਰੇ ਥਾਉਂ ਥਾਈਂਆ । ਤੁਹਾਡਾ ਬੂਟਾ ਕਦੇ ਨਹੀਂ ਜਾਣਾ ਹੁੱਲ, ਸਤਿਗੁਰ ਫਲ ਨਾਮ ਰਿਹਾ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਖਲਾਈਆ ।

ਪੰਜ ਪੋਹ ਕਹੇ ਗੰਗਾ ਨੇਤਰ ਰੋਵੇ ਕਰੇ ਪੁਕਾਰ, ਕੂਕ ਕੂਕ ਸੁਣਾਈਆ । ਮੈਂ ਜਟਾ ਜੂਟ ਦੀ ਧਾਰ, ਧਰਨੀ ਧਰਤ ਧਵਲ ਧੌਲ ਭੱਜਾਂ ਵਾਹੋ ਦਾਹੀਆ । ਮੈਂ ਨਿੱਤ ਨਵਿਤ ਰਾਹ ਤੱਕਾਂ ਓਸ ਮੁਰਾਰ, ਜੋ ਮੁਰਾਰੀਆਂ ਦਏ ਵਡਿਆਈਆ । ਜਿਸ ਦੀ ਚਰਨ ਛੋਹ ਨਾਲ ਸਭ ਦਾ ਬੇੜਾ ਹੋ ਜਾਏ ਪਾਰ, ਦੂਸਰ ਓਟ ਨਾ ਕੋਇ ਰਖਾਈਆ । ਮੈਂ ਉਸ ਦੇ ਹਾਜ਼ਰ ਹੋ ਦਰਬਾਰ, ਨਿਵ ਨਿਵ ਲਾਗਾਂ ਪਾਈਆ । ਜਿਥੇ ਭਗਤ ਸੁਹੇਲੇ ਦਿੱਤੇ ਤਾਰ, ਮੇਰਾ ਲਹਿਣਾ ਓਹਨਾਂ ਨਾਲ ਮਿਲਾਈਆ । ਮੈਂ ਜੁਗ ਜੁਗ ਖਿਦਮਤਗਾਰ, ਖਾਦਮ ਹੋ ਕੇ ਤੇਰੀ ਸੇਵ ਕਮਾਈਆ । ਪਰੀ ਅਰੰਬਾ ਕਹੇ ਮੈਂ ਬਿਨਾਂ ਕਦਮ ਤੋਂ ਨਚਾਰ, ਨੱਚਾਂ ਟੱਪਾਂ ਕੁੱਦਾਂ ਚਾਈਂ ਚਾਈਂਆ । ਤੂੰ ਸ਼ਬਦ ਧਾਰ ਗੋਬਿੰਦ ਸਚੀ ਸਰਕਾਰ, ਸ਼ਹਿਨਸ਼ਾਹੀ ਇਕ ਅਖਵਾਈਆ । ਬਵੰਜਾ ਕਵੀ ਆਸ਼ਾ ਵਿਚੋਂ ਆਪਣੀ ਖ਼ਾਹਿਸ਼ ਰਹੇ ਉਚਾਰ, ਬਿਨ ਰਸਨਾ ਰਸ ਜਣਾਈਆ । ਪੁਰਖ ਅਕਾਲੇ ਦੀਨ ਦਿਆਲੇ ਏਕੰਕਾਰ, ਇਕ ਇਕੱਲੇ ਤੇਰੀ ਵਡਿਆਈਆ । ਜੇ ਤੂੰ ਪੰਜਾਂ ਤਨ ਪੁਵਾਏ ਹਾਰ, ਹਿਰਦੇ ਅੰਤਰ ਕਰੀ ਸਫ਼ਾਈਆ । ਜਨਮ ਮਰਨ ਤੋਂ ਕੱਢ ਕੇ ਬਾਹਰ, ਆਪਣੇ ਰੰਗ ਰੰਗਾਈਆ । ਤੇਰੇ ਦਰ ਤੇ ਫਰਕ ਨਹੀਂ ਕੋਈ ਪੁਰਖ ਨਾਰ, ਤਤਾਂ ਵੰਡ ਨਾ ਕੋਇ ਵੰਡਾਈਆ । ਤੇਰਾ ਆਤਮ ਇਕ ਅਧਾਰ, ਅੰਤਮ ਆਤਮ ਵੇਖ ਵਿਖਾਈਆ । ਜਨ ਭਗਤਾਂ ਪਾਉਣੀ ਸਾਰ, ਸੰਤਾ ਹੋਣਾ ਸਹਾਈਆ । ਗੁਰਮੁਖਾਂ ਦੇਣਾ ਤਾਰ, ਗੁਰਸਿੱਖਾਂ ਗੋਦ ਉਠਾਈਆ । ਮੰਗ ਮੰਗੀ ਦਿੱਲੀ ਦਰਬਾਰ, ਦਰ ਦਰਵਾਜੇ ਸੀਸ ਝੁਕਾਈਆ । ਜਿਥੇ ਸ਼ਾਹ ਸੁਲਤਾਨਾ ਹੋਣਾ ਭਿਖਾਰ, ਭਿਖਿਆ ਮੰਗਣ ਵਾਹੋ ਦਾਹੀਆ । ਰਾਜ ਰਾਜਾਨ ਤੱਕਣ ਆਣ ਦੀਦਾਰ, ਨੇਤਰ ਲੋਚਨ ਦਰਸ਼ਨ ਪਾਈਆ । ਤੇਰਾ ਵਕਤ ਸੁਹੰਝਣਾ ਹੋਣਾ ਵਿਚ ਸੰਸਾਰ, ਸੁਹੰਵਣੀ ਰੁਤ ਸੋਭਾ ਪਾਈਆ । ਤੀਜੇ ਤੀਜੇ ਤੀਜੇ ਦਿਨ ਤੇਰਾ ਮੇਲਾ ਹੋਇਆ ਕਰੇਗਾ ਮਿਲਣ ਵਾਲਿਆਂ ਅਪਰ ਅਪਾਰ, ਪਹਿਲੋਂ ਮਿਲਣ ਕੋਇ ਨਾ ਪਾਈਆ । ਨੌਂ ਨੌਂ ਵਾਰ ਧੂੜ ਲਾਇਆ ਕਰਨਗੇ ਮਸਤਕ ਛਾਰ, ਭਗਤ ਦੁਵਾਰ ਦਏ ਗੁਵਾਹੀਆ । ਅਲਫੀ ਵਾਲਿਆ ਫੇਰ ਤੂੰ ਅਲਫ ਯੇ ਦੇ ਹਰਫ਼ਾਂ ਤੋਂ ਹੋਵੇਂਗਾ ਬਾਹਰ, ਤੇਰੀ ਸਿਫ਼ਤ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਹੋਣਾ ਸਹਾਈਆ ।

ਨਾਰਦ ਕਹੇ ਭਗਤੋ ਸੋਹਣਿਓ ਮੈਂ ਬੜੀਆਂ ਸੁਣੀਆਂ ਖ਼ਬਰਾਂ, ਤੁਹਾਡੇ ਸੱਜੇ ਖੱਬੇ ਅੱਗੇ ਪਿੱਛੇ ਬਹਿ ਕੇ ਧਿਆਨ ਲਗਾਈਆ । ਮੈਂ ਆਵਾਜ਼ਾਂ ਸੁਣੀਆਂ ਸ਼ੇਰ ਬੱਬਰਾਂ, ਜੋ ਭਬਕਾਂ ਵਿਚੋਂ ਭਬਕ ਰਹੇ ਲਗਾਈਆ । ਮੈਂ ਖ਼ੁਸ਼ੀਆਂ ਵੇਖੀਆਂ ਜਗਤ ਟੱਬਰਾਂ, ਘਰਾਣੇ ਕੁੰਨਬੇ ਫੇਲ ਫੁਲਾਈਆ । ਸਚ ਪੁਛੋ ਇਹ ਕਿਸੇ ਕਿਸੇ ਦੀਆਂ

ਆਸਾਂ ਪੂਰੀਆਂ ਕਰਦਾ ਸਧਰਾਂ, ਸਿਰ ਆਪਣਾ ਹੱਥ ਟਿਕਾਈਆ । ਬਾਕੀ ਸ੍ਰਿਸ਼ਟੀ ਵੇਖੇ ਫਿਰੇ ਡੰਗਰਾਂ, ਪਸ਼ੂ ਢੋਰ ਭੱਜਣ ਵਾਹੋ ਦਾਹੀਆ । ਇਹ ਹੱਥ ਕਦੇ ਨਹੀਂ ਆਉਂਦਾ ਮਸੀਤਾਂ ਮੰਦਰਾਂ, ਮੱਠਾਂ ਡੇਰਾ ਕਦੇ ਨਾ ਲਾਈਆ । ਇਹ ਜਦੋਂ ਮਿਲਿਆ, ਮਿਲਿਆ ਭਗਤਾਂ ਦੇ ਅੰਦਰਾਂ, ਅੰਦਰ ਬਹਿ ਕੇ ਆਪਣਾ ਦਰਸ ਦਿਖਾਈਆ । ਜਦੋਂ ਕਿਰਪਾ ਕਰੇ ਤੇ ਓਦੋਂ ਤੋੜੇ ਜੰਦਰਾ, ਬਿਨਾਂ ਕੁੰਜੀ ਤੋਂ ਕੁੰਜੀ ਲਏ ਲਗਾਈਆ । ਨਾਰਦ ਕਹੇ ਮੈਂ ਗੱਲ ਨਹੀਂ ਆਖਣੀ ਇਹ ਪ੍ਰਭੂ ਬੜਾ ਚੰਦਰਾ, ਜਦੋਂ ਜੀ ਚਾਹੇ ਚੰਡਾਲਾਂ ਨੂੰ ਦਏ ਤਰਾਈਆ । ਕਈ ਵਿਚਾਰੇ ਮਰ ਜਾਂਦੇ ਵਿਚ ਕੁੰਦਰਾਂ ਤੇ ਖੰਡਰਾਂ, ਪਹਾੜਾਂ ਉਤੇ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ ।

ਨਾਰਦ ਕਹੇ ਜਨ ਭਗਤੋ ਪ੍ਰਭੂ ਬੜਾ ਕਰਦਾ ਲੱਲਾ ਪੋਪਾ, ਲੱਲੀਆਂ ਵਾਲੇ ਪਾਲ ਸਿੰਘ ਦਾ ਕੁਛ ਲੇਖਾ ਨਜ਼ਰੀ ਆਈਆ । ਜਿਸ ਦਾ ਹਿਸਾਬ ਕੀਤਾ ਉਂਗਲਾਂ ਉਤੇ ਪੋਟਾ ਪੋਟਾ, ਬਿਨ ਲੇਖਿਆਂ ਲੇਖਾ ਗਣਤ ਗਣਾਈਆ । ਮੈਂ ਸਚ ਦੱਸਾਂ ਉਹਦਾ ਵਿਛੜਨ ਵਾਲਾ ਸੀ ਇਕ ਪੋਤਾ, ਛੋਟਾ ਕਾਕਾ ਦਰਸ਼ਨ ਸਿੰਘ ਦਾ ਨਜ਼ਰੀ ਆਈਆ । ਓਸ ਦੇ ਪਿੱਛੇ ਪੰਜ ਪੋਹ ਨੂੰ ਆਪ ਆ ਗਿਆ ਦੇ ਕੇ ਹੋਕਾ, ਹਰਿਜਨ ਆਪਣੇ ਨਾਲ ਰਖਾਈਆ । ਨਾਲੇ ਵਿਹਾਰ ਕੀਤਾ ਤੇ ਨਾਲੇ ਭਗਤ ਦਾ ਸੁਆਰ ਦਿਤਾ ਮੌਕਾ, ਮਿਹਰ ਨਜ਼ਰ ਇਕ ਉਠਾਈਆ । ਓਸੇ ਦੇ ਪਿਆਰ ਵਿਚ ਲਾਲ ਰੰਗ ਦਾ ਚੂੜਾ ਪਾਇਆ ਤੇ ਕੀਤਾ ਆਪਣਾ ਸ਼ੌਕਾ, ਸੋਹਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ ।

ਨਾਰਦ ਕਹੇ ਜਨ ਭਗਤੋ ਤੁਸੀਂ ਖ਼ੁਸ਼ੀਆਂ ਵਿਚ ਇਕ ਮਾਰ ਦਿਓ ਤਾਲੀ, ਹਥੇਲੀ ਹਥੇਲੀ ਨਾਲ ਮਿਲਾਈਆ । ਤੁਹਾਨੂੰ ਤੁਹਾਡਾ ਸਤਿਗੁਰੂ ਖ਼ੁਸ਼ੀ ਦੇ ਦੇਵੇ ਬਾਹਲੀ, ਬਹੁਤੀ ਆਪਣੀ ਦਇਆ ਕਮਾਈਆ । ਪਰ ਯਾਦ ਰਖਿਓ ਜਿਨ੍ਹਾਂ ਦੇ ਬੱਚੇ ਏਸ ਸਾਲ ਵਿਛੜੇ ਓਹ ਕਰਿਓ ਨਾ ਕਾਹਲੀ, ਓਹ ਕਰਿਓ ਨਾ ਕਾਹਲੀ, ਕਰਿਓ ਨਾ ਕਾਹਲੀ, ਅੱਗੇ ਵਾਸਤੇ ਭਗਤਾਂ ਦੇ ਘਰ ਭਗਤ ਫੇਰ ਦੇਵੇ ਪ੍ਰਗਟਾਈਆ । ਹੋਰ ਫਲ ਲਗਾਏ ਪਾਲ ਸਿੰਘ ਦੇ ਨਾਲ ਦੂਜੇ ਪਾਲ ਸਿੰਘ ਦੀ ਡਾਲੀ, ਮੈਹਿਲ ਸਿੰਘ ਦੇ ਨਾਲ ਮਹਿਲ ਫੇਰ ਦਏ ਵਸਾਈਆ । ਇਹ ਖੇਲ ਅਵਲੜੀ ਜਿਸ ਦੀ ਘਾਲ ਗੁਰਮੁਖਾਂ ਨੇ ਘਾਲੀ, ਜਗਤ ਸਮਝ ਕਿਸੇ ਨਾ ਆਈਆ । ਬਚਨ ਸਿੰਘ ਦੀਪਕ ਰੱਖ ਕੇ ਵਿਚ ਥਾਲੀ, ਥਲਾਂ ਤੋਂ ਬਾਹਰ ਧਿਆਨ ਲਗਾਈਆ । ਜਿਸ ਦੀ ਲਛਮਣ ਸਿੰਘ ਨੂੰ ਲਾਲੀ, ਲਾਲੀ ਵਿਚੋਂ ਲਾਲ ਆਪਣੇ ਲੇਖੇ ਲਾਈਆ । ਬਿਰਧ ਅਵਸਥਾ ਉਸ ਦੀ ਸੁਰਤ ਆਪੇ ਲਏ ਸੰਭਾਲੀ, ਸੰਬਲ ਦਾ ਮਾਲਕ ਹੋ ਕੇ ਦਇਆ ਕਮਾਈਆ । ਜਨ ਭਗਤੋ ਤੁਹਾਡਾ ਫਲ ਸੋਹਣਾ ਲੱਗਾ ਕਾਇਆ ਡਾਲੀ, ਟਹਿਣੀ ਟਹਿਣੀ ਆਪ ਮਹਿਕਾਈਆ । ਤੁਸਾਂ ਪ੍ਰਭ ਦੇ ਬਣਨਾ ਕੀ ਸੁਵਾਲੀ, ਬਿਨਾ ਸੁਵਾਲ ਤੋਂ ਤੁਹਾਡੀ ਝੋਲੀ ਦਏ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ ।

ਪੰਜ ਪੋਹ ਕਹੇ ਜਨ ਭਗਤੋ ਮੇਰੇ ਨਾਲ ਮਿਲਾਓ ਨੈਣ, ਅੱਖੀਆਂ ਵਾਲੇ ਆਪਣੀ ਅੱਖਾਂ ਨਾਲ ਰਲਾਈਆ । ਤੁਹਾਡਾ ਸਭ ਦਾ ਇਕੋ ਸਾਕ ਇਕੋ ਸੱਜਣ ਇਕੋ ਸੈਣ, ਦੂਜਾ ਨਜ਼ਰ ਕੋਇ ਨਾ ਆਈਆ । ਬਿਨਾ ਨਾਰ ਕੰਤ ਤੋਂ ਬਾਕੀ ਸਾਰੇ ਭਾਈ ਭੈਣ, ਨੇਤਰ ਅੱਖ ਨਾ ਕੋਇ ਬਦਲਾਈਆ । ਧਰਮ ਦੀ ਧਾਰ ਸਚ ਦਾ ਵਹਿਣ, ਤੁਸਾਂ ਜਗਤ ਦੇਣਾ ਵਹਾਈਆ । ਉਂਗਲਾਂ ਕਰ ਕਰ ਸਾਰੇ ਤੁਹਾਨੂੰ ਕਹਿਣ, ਇਨ੍ਹਾਂ ਦਾ ਇਕੋ ਪਿਤਾ ਇਕੋ ਮਾਈਆ । ਜਿਹੜਾ ਪਿਛਲੇ ਲੇਖੇ ਆਇਆ ਦੇਣ, ਦੇਵਣਹਾਰ ਬਣ ਗੁਸਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਲਾਈਆ ।

ਪੰਜ ਪੋਹ ਕਹੇ ਜਨ ਭਗਤੋ ਪ੍ਰਭ ਨੂੰ ਹਿਰਦਿਉਂ ਜਾਓ ਝੁਕ, ਹਾਰਦਿਕ ਮਿਲੇ ਵਡਿਆਈਆ । ਤੂੰ ਮੇਰਾ ਮੈਂ ਤੇਰਾ ਪੜ੍ਹੋ ਤੱਕ, "ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ" ਜੈ ਦੇਣੀ ਸੁਣਾਈਆ । ਅਗਲਾ ਪੈਂਡਾ ਸਭ ਦਾ ਜਾਏ ਮੁੱਕ, ਪਾਂਧੀ ਰਹਿਣ ਕੋਇ ਨਾ ਪਾਈਆ । ਖ਼ੁਸ਼ੀ ਦਾ ਵਕਤ ਸੁਹੰਢਣਾ ਤੁਹਾਡੇ ਪਵਿੱਤਰ ਹੋਏ ਮੁੱਖ, ਰਸਨਾ ਜੇਹਵਾ ਮਿਲੀ ਵਡਿਆਈਆ । ਜਨ ਭਗਤੋ ਤੁਹਾਡੇ ਅੰਤਰ ਸਦਾ ਰਹੇ ਸੁੱਖ, ਦੁੱਖ ਦਰਦ ਦਾ ਡੇਰਾ ਢਾਹੀਆ । ਜਗਤ ਤ੍ਰਿਸ਼ਨਾ ਮੇਟੇ ਭੁੱਖ, ਤਾਮਸ਼ ਦਏ ਮਿਟਾਈਆ । ਪੰਜ ਪੋਹ ਕਹੇ ਮੈਂ ਖ਼ੁਸ਼ੀਆਂ ਵਿਚ ਕਹਾਂ ਉਠ, ਸਭ ਨੂੰ ਦਿਆਂ ਸੁਣਾਈਆ । ਭਗਤ ਭਗਵਾਨ ਭਗਵਾਨ ਭਗਤ ਦੀ ਇਕੋ ਬੱਝੀ ਰਹੇ ਮੁੱਠ, ਪੰਜਾ ਸਕੇ ਨਾ ਕੋਇ ਖੁਲ੍ਹਾਈਆ । ਤੁਹਾਡੀ ਸੋਹੰਢਣੀ ਹੋਵੇ ਰੁੱਤ, ਰੁਤੜੀ ਇਕੋ ਘਰ ਮਹਿਕਾਈਆ । ਤੁਸੀਂ ਇਕ ਸਾਹਿਬ ਦੇ ਲਾਡਲੇ ਪੁੱਤ, ਜੋ ਪਿਤਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਘਰ ਸਾਚਾ ਇਕ ਵਿਖਾਈਆ ।

ਪੰਜ ਪੋਹ ਕਹੇ ਜਨ ਭਗਤੋ ਮੇਰੀ ਮਨਜ਼ੂਰ ਕਰੋ ਨਿਮਸਕਾਰ, ਨਿਵ ਨਿਵ ਸੀਸ ਝੁਕਾਈਆ । ਤੁਸੀਂ ਆਏ ਦਿੱਲੀ ਦਰਬਾਰ, ਦਰਗਹਿ ਸਾਚੀ ਦਾ ਪੰਧ ਮੁਕਾਈਆ । ਸਤਿਗੁਰ ਸ਼ਬਦ ਦੀ ਅਗੰਮੀ ਚੱਲੀ ਧਾਰ, ਧਰਨੀ ਧਰਤ ਧਵਲ ਧੌਲ ਸੋਭਾ ਪਾਈਆ । ਸਭ ਦਾ ਮੇਲਾ ਨਾਲ ਇਕ ਕਰਤਾਰ, ਕੁਦਰਤ ਦਾ ਕਾਦਰ ਦਏ ਵਡਿਆਈਆ । ਦਰ ਆਇਆਂ ਨੂੰ ਦੋਹਾਂ ਹੱਥਾਂ ਦਾ ਸੀਸ ਤੇ ਦੇਵੇ ਪਿਆਰ, ਪਿਆਰ ਨਾਲ ਆਪਣੀ ਗੋਦ ਟਿਕਾਈਆ । ਚਰਨ ਧੂੜ ਬਖ਼ਸ਼ ਕੇ ਸ਼ਾਰ, ਮਸਤਕ ਟਿੱਕੇ ਦਏ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਖੇਲ ਕਰੇ ਅਪਰ ਅਪਾਰ, ਅਪਰੰਪਰ ਆਪਣੇ ਵਿਚੋਂ ਪ੍ਰਗਟਾਈਆ ।

✪ ✪ ✪ ✪ ✪
✪ ✪ ✪ ✪ ✪

☆
☆ ਬੀਬੀ ਚਰਨੀ ☆
☆ ਜੋ ਕੇ ਸਚੇ ਪਾਤਸ਼ਾਹ ਜੀ ☆
☆ ਦੇ ਚਰਨਾਂ ਵਿਚ ਸੇਵਾ ਕਰਦੀ ਹੋਈ ☆
☆ ਉਨ੍ਹਾਂ ਦੇ ਹੁਕਮ ਅਨੁਸਾਰ ਆਪਣੇ ਸੁਵਾਸ ☆
☆ ਪੂਰੇ ਕਰਕੇ ਸਚਖੰਡ ਚਲੀ ਗਈ ☆
☆ ਉਸ ਦੇ ਅੰਤਮ ਸਸਕਾਰ ਸਮੇਂ ☆
☆ ਵਿਹਾਰ ਹੋਇਆ ☆
☆

ਸੱਤ ਸਾਵਣ ਕਹੇ ਮੇਰੀਆਂ ਖ਼ੁਸ਼ੀਆਂ ਭਰੀਆਂ ਰਸ ਦੀਆਂ, ਰਸਨਾ ਜੇਹਵਾ ਕਹਿਣ ਕਿਛ ਨਾ ਪਾਈਆ । ਮੈਂ ਆਦਿ ਜੁਗਾਦਿ ਜੁਗ ਚੌਕੜੀਆਂ ਵੇਖੀਆਂ ਵਸਦੀਆਂ, ਸਤਿਜੁਗ ਤ੍ਰੇਤਾ ਦੁਆਪਰ ਧਿਆਨ ਲਗਾਈਆ । ਸ਼ਬਦੀ ਧਾਰ ਧੁਰ ਦੀਆਂ ਧਾਰਾਂ ਮੈਨੂੰ ਖ਼ਬਰਾਂ ਦੱਸਦੀਆਂ, ਬਿਨ ਅੱਖਰਾਂ ਅੱਖਰ ਦ੍ਰਿੜਾਈਆ । ਗੁਰ ਅਵਤਾਰ ਪੈਗ਼ੰਬਰਾਂ ਜੋਤਾਂ ਵੇਖੀਆਂ ਨੱਸਦੀਆਂ, ਭੱਜੀਆਂ ਵਾਹੋ ਦਾਹੀਆ । ਚਮਤਕਾਰਾਂ ਵੇਖੀਆਂ ਰਵ ਸਸ ਦੀਆਂ, ਜੋਤ ਨੂਰ ਨਾਲ ਰੁਸ਼ਨਾਈਆ । ਇਹ ਖੇਲਾਂ ਨਹੀਂ ਕਿਸੇ ਦੇ ਵੱਸ ਦੀਆਂ, ਵਿਸ਼ਨ ਬ੍ਰਹਮਾ ਸ਼ਿਵ

ਰਹੇ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ ।

ਸੱਤ ਸਾਵਣ ਕਹੇ ਮੇਰਾ ਵਕਤ ਸੁਹੰਵਣਾ ਆਇਆ, ਖ਼ੁਸ਼ੀ ਮਿਲੀ ਵਡਿਆਈਆ । ਭਗਤ ਸੁਹੇਲਾ ਸ੍ਰੀ ਭਗਵਾਨ ਪ੍ਰਨਾਇਆ, ਮੇਲ ਮੇਲਿਆ ਚਾਈਂ ਚਾਈਂਆ । ਪੂਰਬ ਲੇਖਾ ਬਿਨ ਝੋਲੀਉਂ ਝੋਲੀ ਪਾਇਆ, ਤਨ ਵਜੂਦ ਸਮਝ ਕਿਸੇ ਨਾ ਆਈਆ । ਨਿਰਗੁਣ ਧਾਰ ਦਰਸ ਦਿਖਾਇਆ, ਜੋਤੀ ਜੋਤ ਜੋਤ ਸਮਝਾਈਆ । ਤੇਰਾ ਲਹਿਣਾ ਦੇਣਾ ਨਿਰਗੁਣ ਆਪਣੇ ਹੱਥ ਰਖਾਇਆ, ਸਰਗੁਣ ਚਲੇ ਨਾ ਕੋਇ ਚਤੁਰਾਈਆ । ਪੂਰਬ ਧਾਰ ਦਾ ਪੂਰਬ ਲੇਖਾ ਪਰਦਾ ਪਰਦਿਆਂ ਵਿਚੋਂ ਚੁਕਾਇਆ, ਸਮਝ ਤੋਂ ਬਾਹਰ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਭੇਵ ਚੁਕਾਈਆ ।

ਭਗਤ ਕਹੇ ਮੈਂ ਤਨ ਨਹੀਂ ਵਜੂਦ, ਮਾਟੀ ਖਾਕ ਨਾ ਕੋਇ ਵਡਿਆਈਆ । ਮੇਰੀ ਜਗਤ ਨਹੀਂ ਹਦੂਦ, ਦੀਨ ਦੁਨੀ ਰੰਗ ਨਾ ਕੋਇ ਰੰਗਾਈਆ । ਮੇਰਾ ਮਾਲਕ ਇਕ ਮਹਿਬੂਬ, ਹਰਿ ਕਰਤਾ ਧੁਰਦਰਗਾਹੀਆ । ਜਿਸ ਦੀ ਮੇਰੇ ਤਤ ਕਰਦੇ ਪੂਜ, ਸੇਵਾ ਵਿਚ ਸਮਾਈਆ । ਭਉ ਮਿਟਾਏ ਦੂਆ ਦੂਜ, ਦੁਤੀਆ ਲੇਖਾ ਦਏ ਚੁਕਾਈਆ । ਜਿਸ ਮੇਰਾ ਪੂਰਬ ਲੇਖਾ ਲਿਆ ਬੂਝ, ਜਨਮ ਜਨਮ ਦਾ ਲਹਿਣਾ ਆਪਣੇ ਹੱਥ ਰਖਾਈਆ । ਮੈਨੂੰ ਸਤਿਗੁਰ ਸ਼ਬਦ ਨੇ ਦਿੱਤੀ ਸੂਝ, ਬਿਨ ਅੱਖਰਾਂ ਅੱਖਰ ਪੜ੍ਹਾਈਆ । ਕਿਸੇ ਕੰਮ ਨਹੀਂ ਆਉਣਾ ਤਤ ਕਾਇਆ ਕਲਬੂਤ, ਪੰਜ ਤਤ ਨਾ ਕੋਇ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ ।

ਸੱਤ ਸਾਵਣ ਕਹੇ ਮੈਂ ਅੱਖਾਂ ਲਈਆਂ ਖੋਲ੍ਹ, ਦੋਹ ਹੱਥਾਂ ਨਾਲ ਦਬਾਈਆ । ਸੁਣਿਆ ਅਗੰਮੀ ਬੋਲ, ਅਣਬੋਲਤ ਦਿਤਾ ਜਣਾਈਆ । ਓਹ ਤੱਕ ਲੈ ਭਗਤ ਆਇਆ ਭਗਵਾਨ ਦੇ ਕੋਲ, ਦੋ ਜਹਾਨਾਂ ਪੰਧ ਮੁਕਾਈਆ । ਸਚ ਦੁਵਾਰੇ ਹੋਵੇ ਚੋਹਲ, ਚੋਲੀ ਰੰਗ ਰੰਗਾਈਆ । ਝੱਟ ਉਸੇ ਵੇਲੇ ਸਤਿਗੁਰ ਸ਼ਬਦ ਵਜਾਇਆ ਢੋਲ, ਮਰਦੰਗਾ ਅਗੰਮ ਅਥਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ ।

ਸੱਤ ਸਾਵਣ ਕਹੇ ਮੈਂ ਵੇਖੀ ਆਤਮਾ ਧਾਰ, ਨਿਰਗੁਣ ਨਿਰਗੁਣ ਦਿੱਤੀ ਜਣਾਈਆ । ਜੋ ਜਗਤ ਛੱਡ ਸੰਸਾਰ, ਭੱਜੀ ਵਾਹੋ ਦਾਹੀਆ । ਦੀਨ ਦੁਨੀ ਦਾ ਪੰਧ ਨਿਵਾਰ, ਬ੍ਰਹਿਮੰਡ ਖੰਡ ਤਜਾਈਆ । ਜਿਸ ਨੂੰ ਸਾਰੇ ਕਰਨ ਨਿਮਸਕਾਰ, ਰਵ ਸਸ ਮੰਡਲ ਮੰਡਪ ਲਾਗਣ ਪਾਈਆ । ਦੇਵਤ ਸੁਰ ਕਰਨ ਜੈਕਾਰ, ਗਣ ਗੰਧਰਵ ਢੋਲੇ ਗਾਈਆ । ਵਿਸ਼ਨ ਬ੍ਰਹਮਾ ਜਾਣ ਬਲਹਾਰ, ਬਲ ਬਲ ਆਪਣਾ ਆਪ ਕਰਾਈਆ । ਅਵਤਾਰ ਪੈਗ਼ੰਬਰ ਕਹਿਣ ਪ੍ਰਭੂ ਤੇਰਾ ਭਗਤ ਬੜਾ ਹੋਣਹਾਰ, ਸੂਰਬੀਰ ਇਕ ਅਖਵਾਈਆ । ਜਿਸ ਦੀਨ ਦੁਨੀ ਛੱਡਿਆ ਕੂੜ ਪਿਆਰ, ਮੁਹੱਬਤ ਤੇਰੇ ਚਰਨ ਟਿਕਾਈਆ । ਦਰਗਹਿ ਸਾਚੀ ਪੁੱਜਿਆ ਆਪਣੀ ਆਪਣੀ ਵਾਰ, ਬਣ ਕੇ ਧੁਰ ਦਾ ਮਾਹੀਆ । ਘਰ ਦੀਆ ਬਾਤੀ ਕਮਲਾਪਾਤੀ ਆਪਣੇ ਕਰ ਉਜਿਆਰ, ਸਚਖੰਡ ਸਾਚੇ ਕਰ ਰੁਸ਼ਨਾਈਆ । ਇਹ ਆਤਮਾ ਚਰਨ ਕੌਰ ਨਹੀਂ ਇਹ ਚਵੀਏ ਅਵਤਾਰ ਦਾ ਸਰਦਾਰ, ਸਿਰਤਾਜ ਇਕ ਅਖਵਾਈਆ । ਜਿਸ ਨੇ ਲੇਖਾ ਕੀਤਾ ਭਗਤ ਦੁਵਾਰ, ਜਨ ਭਗਤਾਂ ਰੀਤੀ ਭਗਤਾਂ ਵਾਲੀ ਸਮਝਾਈਆ । ਅਸੀਂ ਸਾਰੇ ਇਕੱਠੇ ਹੋ ਕੇ ਕਰੀਏ ਨਿਮਸਕਾਰ, ਨਿਵ ਨਿਵ ਸੀਸ ਝੁਕਾਈਆ । ਤੇਰੇ ਤੇਰੇ ਉਤੋਂ ਬਲਿਹਾਰ, ਤੇਰੇ ਤੇਰੇ ਰੰਗ ਰੰਗਾਈਆ । ਪੁਰਖ ਅਕਾਲੇ ਦੀਨ ਦਿਆਲੇ ਦੇਣੀ ਪੈਜ ਸੁਵਾਰ, ਸਿਰ ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਮਾਲਕ ਦਇਆ ਕਮਾਈਆ ।

ਅਵਤਾਰ ਪੈਗ਼ੰਬਰ ਗੁਰ ਵੇਖ ਕੇ ਖ਼ੁਸ਼ੀ ਮਨਾਉਣ, ਸੋਹਣਾ ਰੰਗ ਰੰਗਾਈਆ । ਵਿਸ਼ਨ ਬ੍ਰਹਮਾ ਸ਼ਿਵ ਗਾਵਣ ਗਾਉਣ, ਢੋਲੇ ਧੁਰਦਰਗਾਹੀਆ । ਨਿਰਗੁਣ ਧਾਰ ਨਿਰਗੁਣ ਫੁੱਲ ਬਰਸਾਉਣ, ਜਗਤ ਪੱਤ ਟਹਿਣੀ ਕਲੀ ਨਜ਼ਰ ਕੋਇ ਨਾ ਆਈਆ । ਪਿਆਰ ਮੁਹੱਬਤ ਵਿਚ ਆਪਣਾ ਆਪ ਪ੍ਰਚਾਉਣ, ਪਰਚੇ ਭਗਤੀ ਵਾਲੇ ਤੱਕਣ ਚਾਈਂ ਚਾਈਆ । ਜਿਸ ਨੇ ਖੇਲ ਖੇਲਿਆ ਸੱਤ ਸਾਵਣ ਸੌਣ, ਸੋਹਣੀ ਬਣਤ ਬਣਾਈਆ । ਉਸ ਦਾ ਸੰਦੇਸ਼ਾ ਦੋ ਜਹਾਨਾਂ ਮਿਲੇ ਬਿਨਾ ਪਾਣੀ ਪੌਣ, ਪਵਣ ਉਨੰਜਾ ਬੈਠੀ ਸੀਸ ਨਿਵਾਈਆ । ਇਹ ਭੇਵ ਅਭੇਦਾ ਜਾਣੇ ਕੌਣ, ਭਗਤ ਕਹਿਣ ਕਿਛ ਕੋਇ ਨਾ ਪਾਈਆ । ਇਹ ਭਗਤ ਪਿਆਰਾ ਧਰਮ ਦੁਵਾਰਾ ਮਾਰਗ ਭਗਤੀ ਵਾਲਾ ਆਇਆ ਦਰਸਾਉਣ, ਦਰਸ ਕਰ ਕੇ ਆਪਣੀ ਖ਼ੁਸ਼ੀ ਮਨਾਈਆ । ਬੁਰਜ ਹੰਕਾਰੀ ਦੀਨ ਦੁਨੀ ਦਾ ਆਇਆ ਢਾਹੁਣ, ਹੰਗਤਾ ਗੜ੍ਹ ਤੁੜਾਈਆ । ਭਗਤ ਦੁਵਾਰ ਆਇਆ ਵਸਾਉਣ, ਸਦਾ ਸਦ ਵਿਚ ਆਪਣਾ ਡੇਰਾ ਲਾਈਆ । ਆਪਣੇ ਮਾਤਾ ਪਿਤਾ ਨੂੰ ਆਇਆ ਵਰਚਾਉਣ, ਖ਼ੁਸ਼ੀਆਂ ਨਾਲ ਸੁਣਾਈਆ । ਮੇਰੇ ਮਰਨ ਤੋਂ ਬਾਦ ਮੇਰੇ ਕੁਟੰਬ ਵਾਲੇ ਕਦੀ ਨਾ ਰੋਣ, ਜੀਵਤ ਜੀਅ ਜੀਅ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਚੁਕਾਈਆ ।

ਅਵਤਾਰ ਪੈਗ਼ੰਬਰ ਗੁਰ ਕਹਿਣ ਪੁਰਖ ਅਕਾਲੇ ਸਾਡੀ ਅਗੰਮੀ ਗੱਲ ਮੰਨ, ਮਨਸਾ ਦੋ ਜਹਾਨ ਨਾਲ ਰਖਾਈਆ । ਭਗਤ ਸੁਹੇਲਾ ਤੇਰਾ ਚੰਨ, ਨੂਰ ਨੂਰ ਵਿਚ ਰਲਾਈਆ । ਲੋਕਮਾਤ ਬੇੜਾ ਬੰਨ੍ਹ, ਸਿਰ ਆਪਣਾ ਹੱਥ ਟਿਕਾਈਆ । ਚਰਨ ਕੌਰ ਦਾ ਲੇਖੇ ਲਾਉਣਾ ਤਨ, ਵਜੂਦ ਆਪਣੇ ਸੰਗ ਰਖਾਈਆ । ਜਿਥੇ ਨਾ ਕੋਈ ਹਰਖ ਸੋਗ ਗ਼ਮ, ਚਿੰਤਾ ਚਿਖਾ ਰਹੇ ਨਾ ਰਾਈਆ । ਦੁਨੀ ਵਿਚ ਫੇਰ ਪਏ ਨਾ ਜੰਮ, ਚੁਰਾਸੀ ਵੰਡ ਨਾ ਕੋਇ ਵੰਡਾਈਆ । ਤੇਰੇ ਵਿਚ ਮਿਲਿਆ ਤੇਰਾ ਬ੍ਰਹਮ, ਪਾਰਬ੍ਰਹਮ ਆਪਣਾ ਰੰਗ ਰੰਗਾਈਆ । ਅੱਗੇ ਵਾਸਤੇ ਸਾਡਾ ਤੇਰੇ ਨਾਲ ਧਰਮ, ਧਰਮ ਦੇ ਮਾਲਕ ਦੇਣੀ ਦਇਆ ਕਮਾਈਆ । ਏਸ ਦਾ ਵੇਖਣਾ ਹੱਡ ਮਾਸ ਨਾੜੀ ਚਰਮ, ਚੰਮ ਦ੍ਰਿਸ਼ਟੀ ਦਾ ਡੇਰਾ ਢਾਹੀਆ । ਅਵਤਾਰ ਪੈਗ਼ੰਬਰ ਗੁਰੂ ਕਹਿਣ ਇਹਦੀਆਂ ਹੱਡੀਆਂ ਮਾਸ ਨਾੜੀ ਰਾਖ ਨਾਲ ਹਰਿ ਭਗਤ ਦਿੱਲੀ ਦੁਵਾਰ ਦੀਆਂ ਨੀਹਾਂ ਭਰਨ, ਏਸੇ ਵਾਸਤੇ ਇਹਦਾ ਲੇਖਾ ਦਿਤਾ ਮੁਕਾਈਆ । ਚਾਰ ਜੁਗ ਦੇ ਸ਼ਾਸਤਰ ਇਹਦੀ ਗਾਥਾ ਪੜ੍ਹਨ, ਅਗਲਾ ਲੇਖਾ ਫੇਰ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਸੰਗ ਬਣਾਈਆ ।

ਆਤਮ ਧਾਰ ਮਿਲੀ ਵਿਚ ਨਿਰੰਕਾਰ, ਨਿਰਾਕਾਰ ਵਿਚ ਸਮਾਈਆ । ਤਨ ਵਜੂਦ ਦਾ ਲਹਿਣਾ ਵਿਚ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਵੇਖੇ ਚਾਈਂ ਚਾਈਆ । ਸੰਮਤ ਸ਼ਹਿਨਸ਼ਾਹੀ ਦਸ ਰਿਹਾ ਲਲਕਾਰ, ਕੂਕ ਕੂਕ ਸੁਣਾਈਆ । ਜਿਸ ਪੁਰਖ ਅਕਾਲੇ ਦੀਨ ਦਿਆਲੇ ਕਲਜੁਗ ਕੂੜੀ ਕਿਰਿਆ ਦੀਨ ਦੁਨੀ ਚੋਂ ਕੱਢਣੀ ਬਾਹਰ, ਲੋਕਮਾਤ ਰਹਿਣ ਨਾ ਪਾਈਆ । ਉਹ ਭਗਤ ਦੁਵਾਰਾ ਕਰੇ ਤਿਆਰ, ਜਮਨ ਕਿਨਾਰਾ ਇਕ ਸੁਹਾਈਆ । ਜਿਥੇ ਕ੍ਰਿਸ਼ਨ ਕਾਹਨ ਨੇ ਮਾਰੀ ਲਕਾਰ, ਸਖੀਆਂ ਸੰਗ ਸੁਖਨ ਦਿਤਾ ਸੁਣਾਈਆ । ਜਿਸ ਵੇਲੇ ਆਵੇ ਕਲ ਕਲਕੀ ਕਰਨੇਹਾਰ, ਕਰਤਾ ਪੁਰਖ ਧੁਰਦਰਗਾਹੀਆ । ਜਿਸ ਭਗਤਾਂ ਦਾ ਕਰਨਾ ਭਗਤੀ ਨਾਲ ਵਿਹਾਰ, ਭਗਤਨ ਆਪਣੇ ਰੰਗ ਰੰਗਾਈਆ । ਦੀਨ ਮਜ਼੍ਹਬ ਤੋਂ ਵਸੇ ਬਾਹਰ, ਜਾਤ ਪਾਤ ਨਾ ਕੋਇ ਰਖਾਈਆ । ਸ਼ਾਹ ਸੁਲਤਾਨ ਸ਼ਬਦ ਦੀ ਮਾਰੇ ਮਾਰ, ਨਾਮ ਖੰਡਾ ਇਕ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ ।

ਗੁਰ ਅਵਤਾਰ ਪੈਗ਼ੰਬਰ ਕਹਿਣ ਪੰਜ ਤਤ ਜਗਤ ਹੋਣੇ ਸੁਵਾਹ, ਮਿੱਟੀ ਖਾਕ ਨਜ਼ਰੀ ਆਈਆ । ਸਤਾਰਾਂ ਹਾੜ ਨੇ ਕਿਹਾ ਭਗਤਾਂ ਦੇ ਭਗਤ ਬਣਿਓ ਗੁਵਾਹ, ਸ਼ਹਾਦਤ ਅਵਰ ਨਾ ਕੋਇ ਭੁਗਤਾਈਆ । ਪੰਝੀ ਪ੍ਰਕਿਰਤੀਆਂ ਦਾ ਲੇਖਾ ਦਿਤਾ ਸੀ ਲਿਖਾ, ਪੰਜਾਂ ਤਤਾਂ ਨਾਲ ਮਿਲਾਈਆ । ਪੰਝੀ ਪੰਝੀ ਫੁੱਟ ਦਾ

ਨਾਪ ਆਪ ਸਮਝਾ, ਪੜਦਾ ਪੜਦਿਆਂ ਵਿਚੋਂ ਉਠਾਈਆ । ਉਸ ਲੇਖੇ ਨੂੰ ਪੂਰਾ ਕਰਨਾ ਪ੍ਰਭ ਦੀ ਆਦਿ ਜੁਗਾਦੀ ਅਦਾ, ਅਦਲ ਇਨਸਾਫ਼ ਆਪਣੇ ਹੱਥ ਰਖਾਈਆ । ਬਿਨਾ ਭਗਤਾਂ ਤੋਂ ਸ਼ਹੀਦੀ ਸਕੇ ਕੋਇ ਨਾ ਪਾ, ਸ਼ਬਦ ਸ਼ਹੀਦ ਨਾ ਕੋਇ ਅਖਵਾਈਆ । ਪੰਜਾਂ ਗੁਰਮੁਖਾਂ ਇਹਦੀਆਂ ਅਸਥੀਆਂ ਖੜਨੀਆਂ ਨਾਲ ਚਾਅ, ਚਾਉ ਘਨੇਰਾ ਨਾਲ ਰਖਾਈਆ । ਜਿਥੇ ਨੌਂ ਖੰਡ ਪ੍ਰਿਥਮੀ ਸੀਸ ਦਏ ਝੁਕ, ਸੱਤ ਦੀਪ ਲਾਗਣ ਪਾਈਆ । ਉਸ ਵਿਚ ਇਹਦਾ ਤਤਾਂ ਵਾਲਾ ਫੋਟੂ ਦੇਣਾ ਟਿਕਾ, ਟਿੱਕੇ ਨਾਮ ਵਾਲੇ ਛੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਨਿਭਾਈਆ ।

ਪੰਜ ਤਤ ਕਹਿਣ ਭਗਤੋ ਅਸੀਂ ਕਰੀਏ ਪਿਆਰ, ਪ੍ਰੇਮੀਉਂ ਦੇਈਏ ਜਣਾਈਆ । ਮੇਰਾ ਭਗਤ ਦੁਵਾਰ ਤੋਂ ਬਾਹਰ ਨਹੀਂ ਕੋਈ ਘਰ ਬਾਹਰ, ਮਾਤ ਪਿਤ ਸੌਹਰੇ ਪਈਏ ਦੋਵੇਂ ਦਿੱਤੇ ਤਜਾਈਆ । ਮੈਂ ਨਾ ਚਰਨੀ ਨਾ ਚਰਨ ਕੌਰ ਮੈਂ ਸਤਿਗੁਰ ਚਰਨ ਦਾ ਸ਼ਿੰਗਾਰ, ਸੋਹਣਾ ਰੂਪ ਜਣਾਈਆ । ਮੈਂ ਪਿਆਰ ਨਾਲ ਕਹਾਂ ਗੁਰਮੁਖੋ ਮੇਰਾ ਭਗਤ ਦੁਵਾਰੇ ਵਿਚੋਂ ਬਾਹਰ ਕਦੇ ਨਾ ਕਰਿਓ ਸਸਕਾਰ, ਮੇਰੀ ਮਾਟੀ ਖ਼ਾਕ ਬਾਹਰ ਉਡਣ ਕੋਇ ਨਾ ਪਾਈਆ । ਫਿਰ ਚੁੱਕ ਕੇ ਲੈ ਜਾਇਓ ਦਿਲੀ ਦਰਬਾਰ, ਆਪਣੀ ਖੁਸ਼ੀ ਨਾਲ ਉਠਾਈਆ । ਮੈਂ ਸੌਂਵਾਂਗੀ ਨੀਂਹਾਂ ਹੇਠ ਪੈਰ ਪਸਾਰ, ਚਾਰ ਜੁਗ ਦਾ ਆਸਣ ਲਾਈਆ । ਮੇਰੇ ਹੋਣਗੇ ਤਿੰਨ ਦੁਵਾਰ, ਦਰਵਾਜ਼ੇ ਤਿੰਨ ਤਿੰਨ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ ।

ਤਤ ਕਹਿਣ ਸਾਨੂੰ ਅਗਨੀ ਸਾੜਨਾ ਕੀ, ਕੀਮਤ ਕਰਤੇ ਲਈ ਪਾਈਆ । ਅਸੀਂ ਬਬੇਰਾ ਜਗਤ ਲਿਆ ਜੀਅ, ਜੀਵਣ ਸਤਿਗੁਰ ਭੇਟ ਕਰਾਈਆ । ਝਗੜਾ ਮੁੱਕਣਾ ਸਾਵੇ ਤਿੰਨ ਹੱਥ ਸੀਅ, ਰਵਦਾਸ ਚੁਮਾਰਾ ਲੇਖਾ ਰਿਹਾ ਲਿਖਾਈਆ । ਮੈਨੂੰ ਖ਼ੁਸ਼ੀ ਹੋਣੀ ਜਿਸ ਵੇਲੇ ਮੈਂ ਆਸਣ ਲਾਉਣਾ ਦਿੱਲੀ ਦਰਬਾਰ ਦੀ ਵਿਚ ਨੀਂਹ, ਨੀਂਹਾਂ ਹੇਠਾਂ ਆਪਣੀ ਸੇਜ ਸੁਹਾਈਆ । ਉਸ ਵੇਲੇ ਮੈਨੂੰ ਹੱਥ ਲਾਉਣਗੇ ਸਿੱਖ ਵੀਹ, ਇਕੀਸਾ ਸਤਿਗੁਰ ਨਾਲ ਮਿਲਾਈਆ । ਮੈਂ ਸੰਦੇਸ਼ਾ ਦੇਵਾਂ ਮੈਂ ਇਕੋ ਪਰਮ ਪੁਰਖ ਪਰਮਾਤਮ ਦੀ ਧਾਰ ਤੇ ਉਸੇ ਦੀ ਧੀ, ਅੰਤ ਉਸੇ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮੇਲਾ ਆਪ ਮਿਲਾਈਆ ।

ਤਤ ਕਹਿਣ ਜਨ ਭਗਤੋ ਮੇਰੀ ਖ਼ੁਸ਼ੀਆਂ ਵਾਲੀ ਨਿਮਸਕਾਰ, ਪ੍ਰੇਮ ਵਿਚ ਜਣਾਈਆ । ਮੈਂ ਬਿਨਾ ਨੇਤਰਾਂ ਤੋਂ ਤੁਹਾਡਾ ਕਰਾਂ ਦੀਦਾਰ, ਖੁਸ਼ੀਆਂ ਵਿਚ ਖ਼ੁਸ਼ੀ ਮਨਾਈਆ । ਮੇਰੀ ਆਤਮਾ ਪਹੁੰਚੀ ਸਚਖੰਡ ਸਚੇ ਘਰ ਬਾਹਰ, ਗ੍ਰਿਹਿ ਆਪਣੇ ਆਸਣ ਲਾਈਆ । ਮੈਨੂੰ ਦਿਸਦਾ ਤੁਸੀਂ ਜ਼ਰੂਰ ਮੇਰਾ ਕਰਨਾ ਸਸਕਾਰ, ਅਗਨੀ ਅੱਗ ਅੱਗ ਤਪਾਈਆ । ਟਹਿਲ ਸਿੰਘ ਇਹਦਾ ਪੂਰਾ ਕਰੇ ਵਿਹਾਰ, ਮਾਚਸ ਲਹਿੰਦਿਓਂ ਚੜ੍ਹਦੇ ਨੂੰ ਲਗਾਈਆ । ਮੇਰਾ ਵੀਰ ਵੀਰੋ ਸਭ ਦਾ ਖਿਦਮਤਗਾਰ, ਸਚ ਸਚ ਸੁਣਾਈਆ । ਜਿਹੜਾ ਸਿਦਕ ਭਰੋਸਾ ਦੇਂਦਾ ਰਿਹਾ ਅਧਾਰ, ਅੰਦਰ ਵੜ ਵੜ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ ।

ਤਤ ਕਹਿਣ ਸਾਡਾ ਚਰਨਾਂ ਨਾਲ ਪਿਆਰ, ਚਰਨੀ ਨਾਉਂ ਰਖਾਈਆ । ਅਸੀਂ ਖ਼ੁਸ਼ੀਆਂ ਵਿਚ ਕਹਿੰਦੇ ਜਨ ਭਗਤੋ ਇਹਦੇ ਉਤੇ ਪਾਓ ਹਾਰ, ਜਿਤਨੇ ਭਗਤ ਦੁਵਾਰੇ ਵਿਚ ਸਾਰੇ ਦਿਓ ਟਿਕਾਈਆ । ਫੇਰ ਇੱਕੀ ਬੋਲੋ ਜੈਕਾਰ, ਸੋਹਣੇ ਢੋਲੇ ਗਾਈਆ । ਨਾਲੇ ਪ੍ਰਭੂ ਤੋਂ ਮੰਗ ਮੰਗੋ ਅਸੀਂ ਜਾਈਏ ਇਸੇ ਤਰਾਂ

ਤੇਰੇ ਦਰਬਾਰ, ਦਰਗਹਿ ਸਾਚੀ ਚਾਈਂ ਚਾਈਂਆ । ਮੁੜ ਕੇ ਆਈਏ ਨਾ ਵਿਚ ਸੰਸਾਰ, ਜਨਣੀ ਕੁੱਖ ਨਾ ਕੋਇ ਵਡਿਆਈਆ । ਮੇਰਾ ਅੰਤ ਸਭ ਨੂੰ ਸੰਦੇਸ਼ਾ ਸੁਣਨਾ ਨਾਲ ਵਿਚਾਰ, ਬਿਨ ਰਸਨਾ ਦਿਆਂ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਅਖਵਾਈਆ ।


ਆਤਮਾ ਕਹੇ ਮੈਂ ਖ਼ੁਸ਼ੀਆਂ ਦੇ ਵਿਚ ਨੱਚਦੀ, ਉਛਲਾਂ ਕੁਦਾਂ ਚਾਈਂ ਚਾਈਂਆ । ਮੈਨੂੰ ਜਗ੍ਹਾ ਮਿਲੀ ਸਚ ਦੀ, ਪ੍ਰਭ ਸਚ ਦਿੱਤੀ ਵਡਿਆਈਆ । ਮੈਂ ਵਣਜਾਰੀ ਰਹੀ ਨਹੀਂ ਕਾਇਆ ਮਾਟੀ ਕੱਚ ਦੀ, ਨਾਤਾ ਜਗਤ ਜਗਤ ਤੁੜਾਈਆ । ਮੈਂ ਉਸ ਪ੍ਰਭੂ ਵਿਚ ਰਚਦੀ, ਜਿਸ ਦੀ ਰਚਨਾ ਬੇਪ੍ਰਵਾਹੀਆ । ਮੈਂ ਰੂਪ ਹੋ ਗਈ ਸਤਿ ਦੀ, ਸਤਿ ਸਤਿ ਵਿਚ ਆਪਣਾ ਆਪ ਮਿਟਾਈਆ । ਮੈਂ ਇਕੋ ਦਾ ਸੱਥਰ ਘਤਦੀ, ਜਿਸ ਦੀ ਗੋਬਿੰਦ ਯਾਰੜਾ ਸੇਜ ਹੰਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮੇਲਾ ਲਿਆ ਮਿਲਾਈਆ ।

ਆਤਮਾ ਕਹੇ ਮੈਂ ਮਿਲੀ ਆਪਣੇ ਵਿਚ ਪ੍ਰਵਾਰ, ਪਰਮ ਪੁਰਖ ਦਿੱਤੀ ਮਾਣ ਵਡਿਆਈਆ । ਉਥੇ ਭਗਤ ਸੁਹੇਲੇ ਸੋਂਹਦੇ ਜੋਤ ਜੋਤ ਵਿਚ ਨਿਰੰਕਾਰ, ਨਿਰਾਕਾਰ ਆਪਣੇ ਰੰਗ ਰੰਗਾਈਆ । ਮੇਰਾ ਬੰਸ ਸਰਬੰਸ ਸੋਹਣਾ ਦਿਸਿਆ ਦਿਸਿਆ ਆਪਣੇ ਘਰ ਬਾਹਰ, ਦਰਗਾਹ ਸਾਚੀ ਸੋਭਾ ਪਾਈਆ । ਮੈਂ ਵੀ ਖ਼ੁਸ਼ੀਆਂ ਦਾ ਕੀਤਾ ਇਜ਼ਹਾਰ, ਪ੍ਰੇਮ ਦੇ ਢੋਲੇ ਗਾਈਆ । ਧੰਨ ਭਾਗ ਜੇ ਛੁੱਟਿਆ ਸੰਸਾਰ, ਨਾਤਾ ਕੂੜ ਆਈ ਤੁੜਾਈਆ । ਅੱਗੇ ਇਕ ਦਾ ਕਰ ਦੀਦਾਰ, ਦੀਦ ਇਕ ਦੇ ਨਾਲ ਮਿਲਾਈਆ । ਇਕੇ ਨੂੰ ਕਰ ਨਿਮਸਕਾਰ, ਇਕ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਸੰਗ ਆਪ ਬਣਾਈਆ ।

ਸਤਿਗੁਰ ਸ਼ਬਦ ਕਹੇ ਸ਼ਬਦ ਸਤਿਗੁਰ ਭਗਤਾਂ ਦੀ ਧਾਰ, ਧਰਨੀ ਧਰਤ ਧਵਲ ਧੌਲ ਵੇਖ ਵਿਖਾਈਆ । ਜਿਸ ਦਾ ਖੇਲ ਸਦਾ ਜੁਗ ਚਾਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪਣਾ ਵੇਸ ਵਟਾਈਆ । ਜਿਸ ਨੂੰ ਗਾਉਂਦੇ ਵਾਰੋ ਵਾਰ, ਰਸਨਾ ਜਿਹਵਾ ਬੱਤੀ ਦੰਦ ਢੋਲੇ ਸਿਫਤ ਸਲਾਹੀਆ । ਓਹ ਪੁਰਖ ਅਕਾਲਾ ਦੀਨ ਦਿਆਲਾ ਪਾਵਣਹਾਰਾ ਸਾਰ, ਭਗਤ ਸੁਹੇਲਾ ਇਕ ਅਕੇਲਾ ਆਪਣੀ ਦਇਆ ਕਮਾਈਆ । ਜਿਸ ਸੇਵਾ ਦਾ ਲਹਿਣਾ ਦਿਤਾ ਉਫ ਹਾਏ ਅੰਤ ਦੁੱਖ ਝੱਲਣਾ ਪਿਆ ਨਾ ਵਿਚ ਸੰਸਾਰ, ਝਲਕ ਵਿਚ ਪਲਕ ਵਿਚ ਖ਼ਲਕ ਦਾ ਨਾਤਾ ਦਿਤਾ ਤੁੜਾਈਆ । ਆਤਮਾ ਪਰਮਾਤਮਾ ਖਿੱਚੀ ਆਪਣੇ ਦੁਵਾਰ, ਜਿਥੇ ਦੁਵਾਰਕਾ ਵਾਸੀ ਕ੍ਰਿਸ਼ਨ ਆਸਾ ਗਿਆ ਰਖਾਈਆ । ਸਖੀ ਦਾ ਸਖੀਆਂ ਨਾਲ ਮੰਗਲਾਚਾਰ, ਬਿਨ ਰਸਨਾ ਜੇਹਵਾ ਢੋਲੇ ਗਾਈਆ । ਜਿਥੇ ਮੇਰੇ ਵੀਰ ਪਿਆਰੇ ਮੇਰੇ ਨਾਲ ਕਰਨ ਪਿਆਰ, ਮਨਜੀਤ ਜਗਦੀਸ਼ ਹੱਸਣ ਕੁੱਦਣ ਚਾਈਂ ਚਾਈਂਆ । ਸਚ ਦੱਸ ਕੀ ਖੇਲ ਸਚੀ ਸਰਕਾਰ, ਕੀ ਆਪਣਾ ਹੁਕਮ ਵਰਤਾਈਆ । ਮੈਂ ਹੱਸ ਕੇ ਕਿਹਾ ਉਹ ਮਿੱਤਰਾ ਦਾ ਮਿੱਤਰ ਯਾਰਾਂ ਦਾ ਯਾਰ, ਸੱਜਣਾ ਦਾ ਸੱਜਣ ਨੂਰ ਅਲਾਹੀਆ । ਮੈਂ ਇਕ ਗ਼ਰੀਬ ਨਿਮਾਣਾ ਸਿੱਖ ਸੇਵਾਦਾਰ, ਸਦ ਸੇਵਾ ਵਿਚ ਸਮਾਈਆ । ਮੈਨੂੰ ਪਤਾ ਨਹੀਂ ਲੱਗਾ ਮੈਂ ਕਿਹੜੇ ਅੰਦਰ ਤੇ ਕਿਹੜੇ ਬਾਹਰ, ਕਿਸ ਬਿਧ ਕੱਢ ਕੇ ਆਤਮਾ ਦਰਗਹਿ ਆਪਣੀ ਵਿਚ ਲਿਆ ਪਹੁੰਚਾਈਆ । ਮੈਨੂੰ ਤਿੰਨ ਦਿਨ ਦਰਸ਼ਨ ਵਿਚ ਦੱਸਦਾ ਰਿਹਾ ਮੈਂ ਬੋਲ ਨਾ ਸਕੀ ਨਾਲ ਜ਼ਬਾਨ, ਕਿਛ ਕਹਿਣ ਕਹਿਣ ਨਾ ਪਾਈਆ । ਮੈਂ ਵੇਖ ਵੇਖ ਕੇ ਹੁੰਦੀ ਰਹੀ ਹੈਰਾਨ, ਕੀ ਮੈਨੂੰ ਰਿਹਾ ਵਖਾਈਆ । ਮੈਨੂੰ ਦਿਸਦੇ ਰਹੇ ਬਿਨ ਅੱਖਾਂ ਤੋਂ ਬਿਬਾਣ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਮੈਂ ਹੱਸਦੀ ਰਹੀ ਇਹ ਕੀ ਖੇਲ ਕਰੇ ਭਗਵਾਨ, ਕੀ ਕਰਨੀ ਕਾਰ ਕਮਾਈਆ । ਮੈਨੂੰ ਪਤਾ ਨਹੀਂ ਸੀ ਮੈਂ ਛੱਡ ਜਾਣਾ ਜਹਾਨ, ਛਿੰਨ ਵਿਚ ਆਪਣੇ ਰੰਗ ਰੰਗਾਈਆ ।

ਧੰਨ ਭਾਗ ਜੇ ਸਚਖੰਡ ਦੁਵਾਰੇ ਪਹੁੰਚੀ ਆਣ, ਪਿਛਲਾ ਚੇਤਾ ਰਿਹਾ ਨਾ ਰਾਈਆ । ਏਥੇ ਭਗਤ ਸੁਹੇਲੇ ਤੂੰ ਮੇਰਾ ਮੈਂ ਤੇਰਾ ਗਾਣ, ਸੋਹਣਾ ਰਾਗ ਅਲਾਈਆ । ਧੰਨ ਭਾਗ ਮੇਰਾ ਨਾਤਾ ਤੁੱਟਿਆ ਜੀਅ ਪੁਰਾਨ, ਸੁਵਾਸਾਂ ਲੇਖਾ ਰਿਹਾ ਨਾ ਰਾਈਆ । ਜਨ ਭਗਤੋ ਮੈਂ ਜ਼ਰੂਰ ਤੁਹਾਨੂੰ ਮਿਲਿਆ ਕਰਾਂਗੀ ਆਣ, ਕਦੀ ਕਦੀ ਦਰਸ਼ਨ ਹੱਸਦੀ ਹੱਸਦੀ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਨੇ ਮੇਰੇ ਪਿਆਰ ਵਿਚ ਦੀਨ ਦੁਨੀ ਦਾ ਬਣਾਉਣਾ ਵਿਧਾਨ, ਕਾਨੂੰਨ ਕਾਇਦਾ ਭਗਤੀ ਧਾਰ ਭਗਤੀ ਵਾਲਾ ਸਮਝਾਈਆ ।

(੮ ਸਾਵਣ ਸ਼ਹਿਨਸ਼ਾਹੀ ਸੰਮਤ ਦਸ)



"ਮੈਂ ਨਾ ਚਰਨੀ ਨਾ ਚਰਨ ਚੌਰ ਮੈਂ ਸਤਿਗੁਰ ਚਰਨ ਦਾ ਸ਼ਿੰਗਾਰ"

✪ ੯ ਮਾਘ ਸ਼ਹਿਨਸ਼ਾਹੀ ਸੰਮਤ ਦਸ ਦਿਲੀ ਧੀਰਪੁਰ ਹਰਿ ਭਗਤ ਦੁਵਾਰ ਦੀ ਨੀਂਹ ਰੱਖਣ ਸਮੇਂ ਸਵੇਰੇ ਸਾਢੇ ਦਸ ਵਜੇ ✪

ਸੋ ਪੁਰਖ ਨਿਰੰਜਣ ਸਾਚਾ ਮੀਤ, ਮਿੱਤਰ ਪਿਆਰਾ ਇਕ ਅਖਵਾਈਆ । ਹਰਿ ਪੁਰਖ ਨਿਰੰਜਣ ਠਾਂਢਾ ਸੀਤ, ਸਤਿ ਸਤਿਵਾਦੀ ਅਗੰਮ ਅਥਾਹੀਆ । ਏਕੰਕਾਰਾ ਤ੍ਰੈਗੁਣ ਅਤੀਤ, ਤ੍ਰੈਭਵਣ ਧਨੀ ਇਕ ਅਖਵਾਈਆ । ਆਦਿ ਨਿਰੰਜਣ ਸਦਾ ਜਗਜੀਤ, ਨਿਰਗੁਣ ਨਿਰਵੈਰ ਇਕ ਅਖਵਾਈਆ । ਅਬਿਨਾਸ਼ੀ ਕਰਤਾ ਪਤਤ ਪੁਨੀਤ, ਪਤਤ ਪਾਵਨ ਧੁਰਦਰਗਾਹੀਆ । ਸ੍ਰੀ ਭਗਵਾਨ ਧਰਮ ਦੀ ਧਾਰ ਚਲਾਏ ਰੀਤ, ਸਤਿ ਸਤਿਵਾਦੀ ਇਕ ਅਖਵਾਈਆ । ਪਾਰਬ੍ਰਹਮ ਖੇਲ ਕਰੇ ਆਦਿ ਜੁਗਾਦਿ ਠੀਕ, ਠਾਕਰ ਸੁਵਾਮੀ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਰੰਗ ਇਕ ਰੰਗਾਈਆ ।

ਸਤਿਗੁਰ ਸ਼ਬਦ ਆਦਿ ਆਦਿ ਦੀ ਧਾਰ, ਨਿਰਗੁਣ ਨਿਰਵੈਰ ਨਿਰੰਕਾਰ ਖੇਲ ਖਿਲਾਈਆ । ਜਿਸ ਦਾ ਰੂਪ ਅਨੂਪ ਅਗੰਮ ਅਪਾਰ, ਅਲਖ ਅਗੋਚਰ ਸਤਿ ਸਤਿਵਾਦੀ ਵਡ ਵਡਿਆਈਆ । ਜੋ ਖੇਲੇ ਖੇਲ ਸਦਾ ਜੁਗ ਚਾਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪਣੀ ਵੰਡ ਵੰਡਾਈਆ । ਜਿਸ ਦਾ ਲਹਿਣਾ ਦੇਣਾ ਦੀਨ ਦੁਨੀ ਨਾਲ ਤੇਈ ਅਵਤਾਰ, ਰਾਮਾ ਕ੍ਰਿਸ਼ਨਾ ਨੂਰ ਨੁਰਾਨਾ ਨੂਰ ਨੂਰ ਰੁਸ਼ਨਾਈਆ । ਹਜ਼ਰਤ ਈਸਾ ਮੂਸਾ ਮੁਹੰਮਦ ਦੇਵਣਹਾਰਾ ਅਧਾਰ, ਜੋਤੀ ਜਾਤਾ ਪੁਰਖ ਬਿਧਾਤਾ ਇਕ ਅਖਵਾਈਆ । ਨਾਨਕ ਨਿਰਗੁਣ ਸਰਗੁਣ ਗੋਬਿੰਦ ਸ਼ਬਦ ਜੈਕਾਰ, ਸਿੰਘ ਸਿੰਘ ਅਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ ।

ਸਤਿਗੁਰ ਸ਼ਬਦ ਕਹੇ ਧੁਰ ਦਾ ਹੁਕਮ ਸਦਾ ਜੁਗ ਚਾਰ, ਜੁਗ ਚੌਕੜੀ ਆਪ ਵਰਤਾਈਆ । ਜਿਸ ਦੇ ਹੁਕਮੇ ਅੰਦਰ ਤੇਈ ਅਵਤਾਰ, ਅਵਤਰ ਆਪਣੀ ਖੇਲ ਖਿਲਾਈਆ । ਜਿਸ ਦਾ ਲਹਿਣਾ ਦੇਣਾ ਨਾਲ ਧਰਨੀ ਧਰਤ ਧਵਲ ਧੌਲ ਵਿਚ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਵਿਸ਼ਨ ਬ੍ਰਹਮਾ ਸ਼ਿਵ ਦਏ ਗੁਵਾਹੀਆ । ਭਗਤ ਸੁਹੇਲੇ ਵੇਖੇ ਵਿਗਸੇ ਵੇਖਣਹਾਰ, ਗੁਰ ਚੇਲੇ ਖੋਜ ਖੁਜਾਈਆ । ਜਿਸ ਦਾ ਰਸਨਾ ਜਿਹਵਾ ਜਗਤ ਵਿਦਿਆ ਬਾਹਰ ਇਜ਼ਹਾਰ, ਸਿਫ਼ਤਾਂ ਵੰਡ ਨਾ ਕੋਇ ਵੰਡਾਈਆ । ਚਾਰ ਜੁਗ ਦੇ ਸ਼ਾਸਤਰ ਅੱਖਰਾਂ ਨਾਲ ਕਰਨ ਪੁਕਾਰ, ਨਿਰਅੱਖਰ ਧਾਰ ਧਾਰ ਸ਼ਨਵਾਈਆ । ਪਰਮ ਪੁਰਖ ਧੁਰ ਦਾ ਰਾਮ ਕਰਨੀ ਦਾ ਕਰਤਾ ਕਰਨੇਹਾਰ ਏਕੰਕਾਰ, ਅਕਲ ਕਲਧਾਰੀ ਵਡ ਵਡਿਆਈ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ ।

ਸਤਿਗੁਰ ਸ਼ਬਦ ਕਹੇ ਪੈਗ਼ੰਬਰਾਂ ਅਜ਼ਮਜ਼ੀ ਵਜ਼ੂਉਲ ਜ਼ਮੀਉਲ ਜ਼ਕੂਤੇ ਆਯਸ਼ਹੇਜਮਾ ਨੂਰੇ ਰੁਸ਼ਨਾ ਮੁਹੰਮਦੇ ਦੁਵਾ ਜ਼ਬੀਉਲ ਜ਼ਮਾ ਮੁਵਿਵਜ਼ੀ ਨਵਿਸਤੁਲ ਜ਼ੰਬਾਏ ਖ਼ੁਦਾ ਖ਼ੁਦ ਮਾਲਕ ਇਕ ਅਖਵਾਈਆ । ਕੋਨਾ ਕੁਨਿਜ਼ ਸ਼ਾਹੇ ਜ਼ਵਿਜ਼ ਰੋਜ਼ਮ ਮਬੀ ਮੁਵਸਤੀ ਤੁਵਲਾ ਜੰਬਾਏ ਜੁਕੰਨਨਿਸਤਾ ਜ਼ਬਰਾਈਲੇ ਜ਼ਮੂ ਰੂਹੇ ਨਵਾਸਤੇ ਮਜ਼ਾ ਅਸਤੇਮਜ਼ਾ ਮੁਵਜ਼ਲ ਤੁਵਜ਼ਲ ਮਜ਼ੀਉਲ ਕਮੋਜ਼ੇ ਜਾਮਿਸਤੀ ਦੰਬਾਏ ਖ਼ੁਦਾ ਕਾਅਬਾਏ ਕੁਵਿਦ ਸ਼ਰਅ ਏ ਜ਼ੁਵਿਦ ਨੂਰੇ ਚਸ਼ਮ ਅਰਸ਼ੇ ਵਜ਼ੀ ਨਵੀਜ਼ੇ ਤਰਜ਼ੀਹ ਜ਼ਮੀਉਲ ਜ਼ਮਾ ਰਹਿਨੁਮਾ ਇਕ ਨੂਰ ਨੂਰ ਅਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ ।

ਸਤਿਗੁਰ ਸ਼ਬਦ ਕਹੇ ਸਤਿਗੁਰ ਸ਼ਬਦ ਅਗੰਮੀ ਧਾਰ, ਧਰਤ ਧਵਲ ਵਡਿਆਈਆ । ਨਾਨਕ ਨਿਰਗੁਣ ਸਰਗੁਣ ਖੇਲ ਅਪਾਰ, ਗੋਬਿੰਦ ਮੇਲਾ ਸਹਿਜ ਸੁਭਾਈਆ । ਚਾਰ ਵਰਨ ਏਕਾ ਧਾਰ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਵੰਡ ਨਾ ਕੋਇ ਵੰਡਾਈਆ । ਲੇਖਾ ਜਾਣੇ ਆਪ ਨਿਰੰਕਾਰ, ਨਿਰਵੈਰ ਇਕ ਅਖਵਾਈਆ ।

ਜਿਸ ਦੇ ਸ਼ਬਦ ਸੰਦੇਸ਼ੇ ਭਵਿਖਤਾਂ ਵਿਚ ਗੁਰ ਅਵਤਾਰ ਪੈਗ਼ੰਬਰ ਗਏ ਉਚਾਰ, ਪੇਸ਼ੀਨਗੋਈਆਂ ਨਾਲ ਮਿਲਾਈਆ । ਸੋ ਖੇਲੇ ਖੇਲ ਆਪਣੀ ਵਾਰ, ਵਾਰਸ ਹੋ ਕੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ ।

ਸਤਿਗੁਰ ਸ਼ਬਦ ਕਹੇ ਸ਼ਬਦ ਦੀ ਧਾਰ ਆਦਿ ਜੁਗਾਦੀ ਭਗਤ, ਭਗਵਨ ਦੇਵਣਹਾਰ ਵਡਿਆਈਆ । ਜਿਨ੍ਹਾਂ ਦੇ ਅੰਤਰ ਨਾਮ ਦੀ ਸ਼ਕਤ, ਸ਼ਖ਼ਸ਼ੀਅਤ ਜਗਤ ਵਿਚ ਪਰਗਟਾਈਆ । ਉਸ ਦਾ ਸਦਾ ਸੁਹੰਝਣਾ ਹੋਵੇ ਵਕਤ, ਵੇਲਾ ਆਪਣੇ ਰੰਗ ਰੰਗਾਈਆ । ਜਿਸ ਦਾ ਲਹਿਣਾ ਦੇਣਾ ਨਾਲ ਦੀਨ ਦੁਨੀ ਫ਼ਕਤ, ਫ਼ਿਕਰੇ ਢੋਲੇ ਸੋਹਲੇ ਰਾਗ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ ।

ਸਤਿਗੁਰ ਸ਼ਬਦ ਕਹੇ ਵਕਤ ਸੁਹੰਝਣਾ ਆਇਆ, ਸੋਹਣੀ ਮਿਲੇ ਵਡਿਆਈਆ । ਪ੍ਰਭ ਜੋਤੀ ਜੋਤ ਰੁਸ਼ਨਾਇਆ, ਦੋ ਜਹਾਨਾਂ ਡਗਮਗਾਈਆ । ਅਵਤਰ ਆਪਣਾ ਖੇਲ ਖਿਲਾਇਆ, ਖੇਲਣਹਾਰ ਅਗੰਮ ਅਥਾਹੀਆ । ਅਵਤਾਰ ਪੈਗ਼ੰਬਰ ਗੁਰ ਸੰਗ ਮਿਲਾਇਆ, ਏਕਾ ਗੰਢ ਪੁਵਾਈਆ । ਧੁਰ ਦਾ ਪਰਦਾ ਆਪ ਛੁਪਾਇਆ, ਭੇਵ ਰਹੇ ਨਾ ਰਾਈਆ । ਰਵੀਦਾਸ ਦਏ ਗੁਵਾਹਿਆ, ਸ਼ਹਾਦਤ ਨਾਮ ਵਾਲੀ ਭੁਗਤਾਈਆ । ਬਾਲਮੀਕ ਵੇਖ ਵਖਾਇਆ, ਤ੍ਰੇਤਾ ਜੁਗ ਨਾਲ ਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ ।

ਰਵੀਦਾਸ ਕਹੇ ਜਨ ਭਗਤੋ ਮੈਂ ਭਗਤ ਪਿਆਰਾ ਮੀਤ, ਮਿੱਤਰਾਂ ਦਿਆਂ ਸੁਣਾਈਆ । ਗਰੀਬਾਂ ਵਿਚ ਗਰੀਬੀ ਵਾਲੀ ਰੀਤ, ਜੁਗ ਚੌਕੜੀ ਚਲੀ ਆਈਆ । ਅੰਦਰੋਂ ਕਾਇਆ ਸਭ ਨੇ ਕਰਨੀ ਠੰਢੀ ਸੀਤ, ਅਗਨੀ ਤਤ ਨਾ ਕੋਇ ਤਪਾਈਆ । ਮਨ ਮਨੂਆ ਲੈਣਾ ਜੀਤ, ਦਹਿ ਦਿਸ਼ਾ ਨਾ ਉਠ ਉਠ ਧਾਹੀਆ । ਤੂੰ ਮੇਰਾ ਮੈਂ ਤੇਰਾ ਗਾਉਣਾ ਗੀਤ, ਸੋਹੰ ਸਚ ਪੜ੍ਹਾਈਆ । ਸਾਚਾ ਦਿਉਹਰਾ ਮੰਦਰ ਮਸੀਤ, ਕਾਇਆ ਕਾਅਬਾ ਨਜ਼ਰੀ ਆਈਆ । ਮੇਲਾ ਹੋਣਾ ਨਾਲ ਹਸਤ ਕੀਟ, ਸ਼ਾਹ ਸੁਲਤਾਨਾਂ ਨਾ ਕੋਇ ਵਡਿਆਈਆ । ਪਿਛਲਾ ਲੇਖਾ ਪਿੱਛੇ ਗਿਆ ਬੀਤ, ਅਗਲਾ ਹੁਕਮ ਚਲੇ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ ।

ਬਾਲਮੀਕ ਕਹੇ ਮੈਂ ਬਟਵਾਰਾ, ਤ੍ਰੇਤਾ ਮੇਰੀ ਦਏ ਗੁਵਾਹੀਆ । ਮੈਂ ਲੇਖਾ ਲਿਖਿਆ ਗੁਪਤ ਜ਼ਾਹਰਾ, ਬਿਨ ਅੱਖਰਾਂ ਅੱਖਰ ਦ੍ਰਿੜਾਈਆ । ਸੰਦੇਸ਼ਾ ਸੁਣਦਾ ਰਿਹਾ ਬਿਨ ਸਰਵਣਾਂ ਆਪਣੇ ਅੰਤਰ ਅੰਤਰ ਕਰਦਾ ਰਿਹਾ ਵਿਚਾਰਾ, ਜਗਤ ਅਕਲ ਬੁੱਧੀ ਨਾ ਕੋਇ ਰਖਾਈਆ । ਧਰਨੀ ਧਰਤ ਧਵਲ ਧੌਲ ਰਾਮ ਰਾਮਾ ਹੋਏ ਉਜਿਆਰਾ, ਰਾਮ ਰਮਈਆ ਰਾਮ ਰਾਮ ਰੂਪ ਪਰਗਟਾਈਆ । ਜਿਸ ਦਾ ਖੇਲ ਚਾਰੋਂ ਕੁੰਟ ਹੋਵੇ ਜ਼ਾਹਰਾ, ਜ਼ਾਹਰ ਜ਼ਹੂਰ ਡਗਮਗਾਈਆ । ਅੰਤ ਕੰਤ ਦੇ ਕੇ ਸਚ ਇਸ਼ਾਰਾ, ਭਗਵੰਤ ਆਪਣਾ ਭੇਵ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਧੁਰ ਦੀ ਧਾਰ ਆਪ ਸਮਝਾਈਆ ।

ਧੁਰ ਦੀ ਧਾਰ ਕਹੇ ਮੈਂ ਆਦਿ ਜੁਗਾਦੀ ਸਚ, ਪ੍ਰਭ ਦੀ ਸਚ ਵਡਿਆਈਆ । ਲੂੰ ਲੂੰ ਅੰਦਰ ਸਭ ਦੇ ਜਾਵਾਂ ਰਚ, ਰਚਨਾ ਪ੍ਰਭ ਦੀ ਦਿਆਂ ਵਖਾਈਆ । ਮੇਰਾ ਨਾਤਾ ਨਹੀਂ ਨਾਲ ਕਾਇਆ ਮਾਟੀ ਕੱਚ, ਕੰਚਨ ਗੜ੍ਹ ਨਾ ਕੋਇ ਚਤੁਰਾਈਆ । ਸਭ ਦਾ ਸੁਵਾਮੀ ਮਾਲਕ ਇਕੋ ਪਰਮੇਸ਼ਵਰ ਪਤਿ, ਪਾਰਬ੍ਰਹਮ ਅਖਵਾਈਆ ।

ਜਿਸ ਭਗਤਾਂ ਲੇਖੇ ਲਾਉਣੀ ਰੱਤ, ਰਤਨ ਅਮੋਲਕ ਹੀਰੇ ਆਪ ਪਰਗਟਾਈਆ । ਧਰਮ ਦਾ ਧਰਮ ਦੁਵਾਰ ਖੋਲ੍ਹਣਾ ਹੱਟ, ਵਸਤ ਸਚ ਨਾਮ ਟਿਕਾਈਆ । ਸ਼ਰਅ ਜ਼ੰਜੀਰ ਦੇਣੀ ਕੱਟ, ਕਟਾਕਸ਼ ਇਕੋ ਇਕ ਵਖਾਈਆ । ਦੂਈ ਦੁਵੈਤ ਮੇਟਣਾ ਫੱਟ, ਪੱਟੀ ਨਾਮ ਵਾਲੀ ਬੰਧਾਈਆ । ਸ਼ਰਅ ਦੀ ਰਹੇ ਕੋਈ ਨਾ ਵੱਟ, ਵਟਣਾ ਨਾਮ ਵਾਲਾ ਮਲਣਾ ਚਾਈਂ ਚਾਈਂਆ । ਸੋ ਖੇਲ ਕਰੇ ਪ੍ਰਭ ਜੋ ਵਸੇ ਘਟ ਘਟ, ਘਟ ਘਟ ਬੈਠਾ ਸੋਭਾ ਪਾਈਆ । ਜਿਸ ਦੇ ਨਾਮ ਕਲਮੇ ਰਹੇ ਰਟ, ਰਸਨਾ ਜਿਹਵਾ ਸੋਹਲੇ ਢੋਲੇ ਗਾਈਆ । ਉਹ ਆਤਮ ਸੇਜ ਸੁਹੰਝਣਾ ਸੁਹਾਏ ਖੱਟ, ਖਟੀਆ ਇਕ ਵਡਿਆਈਆ । ਜੋਤ ਜਗਾਏ ਲਟ ਲਟ, ਅੰਧ ਅੰਧੇਰਾ ਦਏ ਮਿਟਾਈਆ । ਸ਼ਬਦੀ ਸੁਰਤ ਮਾਰ ਕੇ ਸੱਟ, ਸੋਈ ਸੁਵਾਣੀ ਲਏ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ ।

ਕਰਨੀ ਕਹੇ ਮੈਂ ਆਦਿ ਜੁਗਾਦਿ ਦੀ ਕਰਨੀ, ਕੁਦਰਤ ਕਾਦਰ ਦਿਤੀ ਵਡਿਆਈਆ । ਮੈਂ ਖੇਲ ਵੇਖਣਾ ਪ੍ਰਭ ਦੀ ਚਰਨੀ, ਚਰਨੀ ਦੀ ਧਾਰ ਸ਼ਹਾਦਤ ਫੋਟੋ ਦਏ ਗੁਵਾਹੀਆ । ਮੇਰਾ ਝਗੜਾ ਨਹੀਂ ਵਰਨੀ ਬਰਨੀ, ਜ਼ਾਤ ਪਾਤ ਨਾ ਵੰਡ ਵੰਡਾਈਆ । ਮੈਂ ਚਾਹੁੰਦੀ ਇਕੋ ਮਾਰਗ ਹੋਵੇ ਉਤੇ ਧਰਨੀ, ਧਰਨੀ ਧਰਤ ਧਵਲ ਧੌਲ ਸੋਭਾ ਪਾਈਆ । ਪੁਰਖ ਅਕਾਲ ਦੀ ਪੌੜੀ ਸਭ ਨੇ ਚੜ੍ਹਨੀ, ਰਾਮ ਰਾਮਾ ਰੰਗ ਰੰਗਾਈਆ । ਕੂੜੀ ਕਿਰਿਆ ਜਗਤ ਜਹਾਨ ਵਿਚੋਂ ਹੜ੍ਹਨੀ, ਦੀਨ ਦੁਨੀ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਲੇਖਾ ਆਪਣੇ ਹੱਥ ਰਖਾਈਆ ।

ਕੂੜੀ ਕਿਰਿਆ ਕਹੇ ਮੇਰਾ ਕਲਜੁਗ ਨਾਤਾ, ਸਚ ਸਚ ਸੁਣਾਈਆ । ਕਲਜੁਗ ਕਹੇ ਮੇਰਾ ਨਾਤਾ ਨਾਲ ਪੁਰਖ ਬਿਧਾਤਾ, ਜੋ ਬਿਦਨਾ ਦਾ ਮਾਲਕ ਅਗੰਮ ਅਥਾਹੀਆ । ਜਿਸ ਮੇਰਾ ਵਕਤ ਸੁਹੰਝਣਾ ਦੀਨ ਦੁਨੀ ਕੀਤਾ ਅੰਧੇਰੀ ਰਾਤਾ, ਸਾਚਾ ਚੰਦ ਨਾ ਕੋਇ ਚਮਕਾਈਆ । ਝਗੜਾ ਪਾ ਕੇ ਦੀਨ ਮਜ਼੍ਹਬ ਜ਼ਾਤਾ ਪਾਤਾ, ਮਾਣਸ ਮਾਨਵ ਦਿਤੇ ਟਕਰਾਈਆ । ਆਪਣੇ ਹੁਕਮ ਦਾ ਰੱਖ ਕੇ ਡੂੰਘਾ ਖਾਤਾ, ਭੇਵ ਅਭੇਦ ਦਿਤਾ ਛੁਪਾਈਆ । ਮੈਂ ਸਚ ਸੰਦੇਸ਼ਾ ਦੇਵਾਂ ਦੀਪ ਸਾਤਾ, ਨਵ ਖੰਡ ਖੰਡ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ ।

ਨਵ ਸਤ ਕਹਿਣ ਸਾਡਾ ਰੂਪ ਅਨੂਪ ਅਪਾਰਾ, ਪ੍ਰਭ ਦਿਤੀ ਮਾਣ ।ਵਡਿਆਈਆ । ਸਾਡੀ ਨਮੋ ਨਮੋ ਨਿਮਸਕਾਰਾ, ਡੰਡਾਵਤ ਬੰਦਨਾ ਸੱਜਦਿਆਂ ਵਿਚ ਸੀਸ ਝੁਕਾਈਆ । ਸਾਡਾ ਲਹਿਣਾ ਦੇਣਾ ਨਾਲ ਤੇਈ ਅਵਤਾਰਾ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਗੰਢ ਪੁਵਾਈਆ । ਸਾਡਾ ਖੇਲ ਸੰਗ ਹਜ਼ਰਤ ਈਸਾ ਮੂਸਾ ਮੁਹੰਮਦ ਯਾਰਾ, ਮਿਹਰਵਾਨ ਮਹਿਬਾਨ ਬੀਦੋ ਆਪਣਾ ਖੇਲ ਸਮਝਾਈਆ । ਸਾਡਾ ਲਹਿਣਾ ਦੇਣਾ ਨਾਨਕ ਨਿਰਗੁਣ ਸਰਗੁਣ ਗੋਬਿੰਦ ਧਾਰ ਅਪਾਰਾ, ਅਪਰੰਪਰ ਦਏ ਵਡਿਆਈਆ । ਸਾਡਾ ਮੀਤ ਸਾਜਣ ਭਗਤ ਸੁਹੇਲਾ ਜੋ ਭਗਵਨ ਹੋਏ ਪਿਆਰਾ, ਧਰਮ ਦੀ ਧਾਰ ਵਿਚ ਸਮਾਈਆ । ਨੌਂ ਖੰਡ ਕਹਿਣ ਸਤ ਦੀਪ ਅਸੀਂ ਉਸ ਪ੍ਰਭੂ ਦਾ ਬੋਲੀਏ ਜੈਕਾਰਾ, ਜੋ ਆਦਿ ਜੁਗਾਦਿ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ ।

ਸੱਤ ਦੀਪ ਕਹਿਣ ਸਾਡੀ ਧਰਨੀ ਧਰਤ ਧਵਲ ਅਪਾਰ, ਅਪਰੰਪਰ ਦਏ ਵਡਿਆਈਆ । ਸਾਡੀ ਨਮੋ ਨਮੋ ਨਿਮਸਕਾਰ, ਨਿਵ ਨਿਵ ਸੀਸ ਝੁਕਾਈਆ । ਧੰਨਭਾਗ ਜੇ ਧੁਰ ਦਾ ਹੁਕਮ ਚਲੇ ਵਿਚ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਖ਼ੁਸ਼ੀ ਮਨਾਈਆ । ਮਾਨਵ ਜ਼ਾਤੀ ਇਕ ਹੋਏ ਪਿਆਰ, ਆਤਮ ਪਰਮਾਤਮ ਮਿਲਕੇ ਵੱਜੇ ਵਧਾਈਆ । ਜੋ ਭਗਤ ਸੰਤ ਸੂਫੀ ਸੰਦੇਸ਼ਾ ਦੇ ਕੇ ਗਏ ਆਪਣੀ ਵਾਰ, ਪੂਰਬ ਲੇਖੇ ਨਾਲ ਮਿਲਾਈਆ ।

ਭਗਤਾਂ ਦਾ ਗ੍ਰਿਹਿ ਹੋਵੇ ਭਗਤ ਦੁਵਾਰ, ਭਗਵਨ ਮਿਲ ਕੇ ਵੱਜੇ ਵਧਾਈਆ । ਸ਼ਰਅ ਦਾ ਹੋਵੇ ਨਾ ਕੋਇ ਸਿਕਦਾਰ, ਮਜ਼੍ਹਬਾਂ ਵੰਡ ਨਾ ਕੋਇ ਵੰਡਾਈਆ । ਇਕੋ ਨੂਰ ਜੋਤ ਉਜਿਆਰ, ਨੂਰ ਨੁਰਾਨਾ ਨਜ਼ਰੀ ਆਈਆ । ਇਕੋ ਸ਼ਬਦ ਹੋਵੇ ਧੁਨਕਾਰ, ਅਨਹਦ ਨਾਦੀ ਨਾਦ ਕਰੇ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਖੇਲ ਆਪ ਖਿਲਾਈਆ ।

ਧਰਨੀ ਕਹੇ ਮੈਂ ਆਦਿ ਜੁਗਾਦੀ ਧਵਲ, ਧਰਮ ਨਾਲ ਸਮਝਾਈਆ । ਮੇਰਾ ਮਾਲਕ ਪੁਰਖ ਅਕਾਲਾ ਨੂਰ ਅਲਾਹੀ ਇਕੋ ਅਵਲ, ਆਲਮੀਨ ਇਕ ਅਖਵਾਈਆ । ਜਿਸ ਦਾ ਲੇਖਾ ਲਹਿਣਾ ਦੇਣਾ ਰਾਮ ਰਾਮਾ ਨਾਲ ਕ੍ਰਿਸ਼ਨ ਕਾਹਨ ਸਵਲ, ਸਾਂਵਰੀਆ ਆਪਣਾ ਰੰਗ ਰੰਗਾਈਆ । ਜਿਸ ਗੋਬਿੰਦ ਧਾਰ ਛਕਾਈ ਪਵਲ, ਅੰਮ੍ਰਿਤ ਰਸ ਬਿਨ ਰਸਨਾ ਰਸ ਚਖਾਈਆ । ਤੂੰ ਭਗਤ ਸੁਹੇਲੇ ਪਰਗਟਾਏ ਆਪਣੇ ਕਵਲ, ਕਮਲਾਪਾਤੀ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪਰਦਾ ਆਪ ਉਠਾਈਆ ।

ਧਰਨੀ ਕਹੇ ਵਕਤ ਸੁਹੰਞਣਾ ਆਇਆ ਨੌ ਮਾਘ, ਖ਼ੁਸ਼ੀਆਂ ਢੋਲੇ ਗਾਈਆ । ਮੇਰੇ ਅੰਤਰ ਉਪਜਿਆ ਇਕ ਵੈਰਾਗ, ਵੈਰੀ ਕੂੜੇ ਬਾਹਰ ਕਢਾਈਆ । ਜਨ ਭਗਤੋ ਦੁਰਮਤ ਮੈਲ ਧੋਵੇ ਦਾਗ਼, ਪਾਪ ਰਹੇ ਨਾ ਰਾਈਆ । ਕਾਇਆ ਮੰਦਰ ਦੀਪਕ ਜੋਤ ਵੇਖਣਾ ਚਿਰਾਗ, ਜੋਤੀ ਜਾਤਾ ਕਰੇ ਰੁਸ਼ਨਾਈਆ । ਨੌਂ ਖੰਡ ਪ੍ਰਿਥਮੀ ਚਾਰ ਕੁੰਟ ਦਹਿ ਦਿਸ਼ਾ ਚਾਰੇ ਲਿਖਾਰੀਉ ਲਿਖੋ ਲੱਗਣੀ ਆਗ, ਅਗਨੀ ਸਕੇ ਨਾ ਕੋਇ ਬੁਝਾਈਆ । ਸ਼ਾਹ ਸੁਲਤਾਨਾਂ ਰਈਅਤ ਹਕੂਮਤਾਂ ਜਾਣੀਆਂ ਤਿਆਗ, ਤ੍ਰੈਗੁਣ ਅਤੀਤਾ ਆਪਣਾ ਹੁਕਮ ਸੁਣਾਈਆ । ਕਿਸੇ ਦੀ ਪੁੱਛੇ ਕੋਈ ਨਾ ਵਾਤ, ਸੰਗੀ ਸੰਗ ਨਾ ਕੋਇ ਬਣਾਈਆ । ਸੱਤਾਂ ਦੀਪਾਂ ਹੋਏ ਅੰਧੇਰੀ ਰਾਤ, ਚਾਰੇ ਕੁੰਟ ਅੰਧੇਰਾ ਛਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਸਮਝਾਈਆ ।

ਧਰਨੀ ਕਹੇ ਲਿਖਾਰੀਓ ਤੁਹਾਡਾ ਦਿਸੇ ਗਾਨਾ ਬੱਧਾ ਮਹਿੰਦੀ ਤੰਦਾ, ਸੰਗ ਮੁਹੰਮਦ ਚਾਰ ਯਾਰ ਰਲਾਈਆ । ਇਹ ਲੇਖਾ ਕਿਸੇ ਨਹੀਂ ਸੰਧਾ, ਅਕਲ ਬੁੱਧੀ ਸਮਝ ਕੋਇ ਨਾ ਪਾਈਆ । ਜਗਤ ਜਹਾਨ ਨੌਜੁਵਾਨ ਕਰਮ ਕਾਂਡ ਵਿਚ ਅੰਧਾ, ਨਿਝ ਨੇਤਰ ਲੋਚਨ ਨੈਣ ਅੱਖ ਨਾ ਕੋਇ ਖੁਲ੍ਹਾਈਆ । ਕਲਜੁਗ ਆਪਣੀ ਧਾਰ ਵਿਚੋਂ ਲੰਘਾ, ਭੱਜਾ ਚਾਈਂ ਚਾਈਂਆ । ਅੰਤਮ ਸਭ ਦਾ ਹਾਲ ਹੋਣਾ ਮੰਦਾ, ਮੰਦਭਾਗ ਦਿਸੇ ਲੋਕਾਈਆ । ਸਦੀ ਚੌਧਵੀਂ ਅੰਤਮ ਹੋਇਆ ਕੰਢਾ, ਕੰਢੀ ਘਾਟ ਸਾਰੇ ਬੈਠੇ ਧਿਆਨ ਲਗਾਈਆ । ਜੋ ਵੇਦ ਵਿਆਸੇ ਪਾਈਆਂ ਵੰਡਾ, ਚਾਰ ਲੱਖ ਸਤਾਰਾਂ ਹਜ਼ਾਰ ਸਲੋਕ ਅਠਾਰਾਂ ਪਰਾਣ ਦੇਣ ਗੁਵਾਹੀਆ । ਕਿਹੜੀ ਖੇਲ ਖੇਲੇ ਬ੍ਰਹਿਮਣ ਗੌੜ ਨੂਰੀ ਧਾਰ ਹੋ ਕੇ ਪੰਡਾ, ਪਾਰਬ੍ਰਹਮ ਭੇਵ ਭੇਵ ਆਪ ਸਮਝਾਈਆ । ਸ਼ਬਦੀ ਧਾਰ ਚਮਕੇ ਚੰਡ ਪਰਚੰਡਾ, ਜਗਤ ਜਹਾਨ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਆਪ ਵਰਤਾਈਆ ।

ਧਰਨੀ ਕਹੇ ਮੈਂ ਖ਼ੁਸ਼ੀਆਂ ਗਾਵਾਂ ਢੋਲੇ, ਪ੍ਰਭ ਨੂੰ ਸੀਸ ਨਿਵਾਈਆ । ਸ਼ਬਦੀ ਧਾਰ ਜੋ ਸ਼ਬਦ ਅਗੰਮੀ ਬੋਲੇ, ਅਨਬੋਲਤ ਰਾਗ ਸੁਣਾਈਆ । ਜਿਸ ਦੇ ਅਵਤਾਰ ਪੈਗੰਬਰ ਗੁਰੂ ਧਰਮ ਧਾਰ ਦੇ ਤੋਲੇ, ਨਾਮ ਕੰਡੇ ਹੱਥ ਉਠਾਈਆ । ਜਿਸ ਨੇ ਦੀਨਾਂ ਮਜ਼੍ਹਬਾਂ ਵਾਲੇ ਹੱਟ ਖੋਲ੍ਹੇ, ਚਾਰ ਕੁੰਟ ਦਿਤੀ ਵਰਤਾਈਆ । ਜਿਸ ਦੇ ਲੇਖੇ ਵਿਚ ਲਹਿਣੇ ਦੇਣੇ ਸਭ ਦੇ ਕੋਲੇ, ਕੌਲ ਇਕਰਾਰ ਨਾਲ ਬਣਾਈਆ । ਉਹ ਵੇਖੇ ਧਾਰ ਉਪਰ ਧੌਲੇ, ਧਰਮ ਧਾਰ ਨਾਲ ਜਣਾਈਆ । ਜਿਸ ਨੇ ਸਚ ਦੁਵਾਰੇ ਖੋਲ੍ਹੇ, ਖਾਲਕ ਖਲਕ ਖਲਕ ਸਮਝਾਈਆ ।

ਨਵ ਸਤ ਤੱਕਣੇ ਰੌਲੇ, ਸਾਂਤਕ ਸਤਿ ਨਾ ਕੋਇ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ ।

ਧਰਨੀ ਕਹੇ ਮੈਂ ਚਾਰੋਂ ਕੁੰਟ ਮਾਰਾਂ ਧਿਆਨ, ਬਿਨ ਨੈਣਾਂ ਨੈਣ ਖੁਲ੍ਹਾਈਆ । ਉਹ ਵੇਖੋ ਪੰਡਤ ਨਾਰਦ ਆਉਂਦਾ ਬਿਨਾ ਰਸਨਾ ਤੋਂ ਦਏ ਬਿਆਨ, ਬਿਨ ਜਿਹਵਾ ਜਿਹਵਾ ਰਿਹਾ ਦ੍ਰਿੜਾਈਆ । ਉਠ ਵੇਖ ਕੀ ਖੇਲ ਕਰੇ ਸ੍ਰੀ ਭਗਵਾਨ, ਹਰਿ ਕਰਤਾ ਧੁਰਦਰਗਾਹੀਆ । ਜਿਸ ਸਤ ਦੀਪ ਹੁਕਮ ਚਲਾਇਆ ਤੇ ਵਰਤਣਾ ਵਿਚ ਜਹਾਨ, ਨਾ ਕੋਈ ਮੇਟੇ ਮੇਟ ਮਿਟਾਈਆ । ਲਹਿੰਦੀ ਦਿਸ਼ਾ ਅੱਖ ਪੁੱਟ ਲੈ ਤੇ ਨਾਲ ਸੁਣ ਲੈ ਕਾਨ, ਬਿਨ ਕੰਨਾਂ ਦਿਆਂ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ ।

ਧਰਨੀ ਕਹੇ ਮੈਂ ਨਾਰਦ ਕੀ ਦੱਸਾਂ, ਸਚ ਸਚ ਜਣਾਈਆ । ਮੈਂ ਦੀਨ ਦੁਨੀ ਨੂੰ ਵੇਖ ਵੇਖ ਹੱਸਾਂ, ਜੋ ਮੇਰੇ ਉਤੇ ਸੋਭਾ ਪਾਈਆ । ਕਿਸੇ ਦੇ ਅੰਦਰ ਰਿਹਾ ਨਹੀਂ ਪ੍ਰਭੂ ਦੇ ਪਿਆਰ ਦਾ ਰਸਾ, ਰਸਨਾ ਜਿਹਵਾ ਢੋਲੇ ਸਾਰੇ ਗਾਈਆ । ਮੈਂ ਦੂਰ ਦੁਰਾਡੀ ਜਗਤ ਜਗਿਆਸੂਆਂ ਕੋਲੋਂ ਨੱਸਾਂ, ਭੱਜਾਂ ਵਾਹੋ ਦਾਹੀਆ । ਮੈਨੂੰ ਐਂ ਜਾਪਦਾ ਪ੍ਰਭੂ ਦਾ ਭਗਤ ਕੋਈ ਵਿਰਲਾ ਕੋਟਾਂ ਵਿਚੋਂ ਲੱਖਾਂ, ਗਣਤੀ ਗਣਤ ਨਾ ਕੋਇ ਗਿਣਾਈਆ । ਪਰ ਯਾਦ ਕਰ ਲੈ ਨਾਰਦਾ ਸ੍ਰਿਸ਼ਟੀ ਐਂ ਸੜਨੀ ਜਿਵੇਂ ਸੜਦਾ ਪੁਤਲਾ ਕੱਖਾਂ, ਚਾਰੋਂ ਕੁੰਟ ਵੇਖਣਾ ਥਾਉਂ ਥਾਈਂਆ । ਕਲਜੁਗ ਖੇਲ ਹੋਣਾ ਵਾਂਗ ਬਾਜ਼ੀਗਰ ਨਟਾਂ, ਨਟੂਆ ਹੋ ਕੇ ਆਪਣਾ ਸਵਾਂਗ ਵਰਤਾਈਆ । ਮੈਂ ਅੰਤ ਇਕ ਪ੍ਰਭੂ ਤੇ ਆਪਣੀ ਆਸਾ ਸੱਟਾਂ, ਦੂਸਰ ਓਟ ਨਾ ਕੋਇ ਤਕਾਈਆ । ਜਿਸ ਦੀਨ ਮਜ਼੍ਹਬ ਦੀਆਂ ਮੇਟਣੀਆਂ ਵੱਟਾਂ, ਝਗੜੇ ਨਾਮ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ ।

ਨਾਰਦ ਕਹੇ ਧਰਨੀਏ ਮੈਂ ਵੀ ਹੋਇਆ ਹੈਰਾਨ, ਹੈਰਾਨੀ ਮੇਰੇ ਅੰਦਰ ਛਾਈਆ । ਕਲਜੁਗ ਕੂੜ ਦਿਸੇ ਪ੍ਰਧਾਨ, ਚਾਰੋਂ ਕੁੰਟ ਭੱਜੇ ਵਾਹੋ ਦਾਹੀਆ । ਸ਼ਰਅ ਰੂਪ ਬਣੀ ਸ਼ੈਤਾਨ, ਸ਼ਰੀਅਤ ਕਰੇ ਲੜਾਈਆ । ਇਨਸਾਨ ਦਾ ਵੈਰੀ ਬਣਿਆ ਇਨਸਾਨ, ਇਨਸਾਨੀਅਤ ਹੱਥ ਕਿਸੇ ਨਾ ਆਈਆ । ਪਰ ਯਾਦ ਕਰ ਲੈ ਜੋ ਸਈਆ ਨੂੰ ਸੰਦੇਸ਼ਾ ਦਿਤਾ ਰਾਮ, ਬਨਵਾਸੀ ਆਪਣਾ ਹੁਕਮ ਸੁਣਾਈਆ । ਕਲਜੁਗ ਕੂੜ ਕੂੜਿਆਰ ਹੋਣਾ ਜਗਤ ਜਹਾਨ, ਨਵ ਸਤ ਆਪਣਾ ਰੰਗ ਰੰਗਾਈਆ । ਜੋ ਅਰਜਨ ਨੂੰ ਗੀਤਾ ਲਿਖਣ ਲੱਗਿਆਂ ਦੱਸਿਆ ਕਾਹਨ, ਘਨਈਆ ਧੁਰ ਦਾ ਹੁਕਮ ਦ੍ਰਿੜਾਈਆ । ਕਲਜੁਗ ਅੰਤ ਪ੍ਰਭੂ ਦੀ ਕਰੇ ਕੋਇ ਨਾ ਪਹਿਚਾਨ, ਭਗਵਨ ਰੰਗ ਨਾ ਕੋਇ ਸਮਾਈਆ । ਨੌਂ ਖੰਡ ਪ੍ਰਿਥਮੀ ਹੋਵੇ ਪਰੇਸ਼ਾਨ, ਪਰੇਸ਼ਾਨੀ ਵਿਚ ਦੁਹਾਈਆ । ਅੰਤਰ ਆਤਮ ਉਪਜੇ ਨਾ ਬ੍ਰਹਮ ਗਿਆਨ, ਬ੍ਰਹਮ ਵਿਦਿਆ ਨਾ ਕੋਇ ਪੜ੍ਹਾਈਆ । ਅੰਮ੍ਰਿਤ ਰਸ ਮਿਲੇ ਨਾ ਪੀਣ ਖਾਣ, ਨਿਝਰ ਝਿਰਨਾ ਨਾ ਕੋਇ ਝਿਰਾਈਆ । ਘਰ ਸੁਵਾਮੀ ਠਾਕਰ ਮਿਲੇ ਕਿਸੇ ਨਾ ਆਣ, ਤਨ ਮੰਦਰ ਵੱਜੇ ਨਾ ਕੋਇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਸੰਗ ਆਪ ਬਣਾਈਆ ।

ਨਾਰਦ ਕਹੇ ਧਰਨੀਏ ਮੈਂ ਹੋਰ ਕੁੱਛ ਤੱਕਾਂ, ਚਾਰੋਂ ਕੁੰਟ ਧਿਆਨ ਲਗਾਈਆ । ਉਹ ਵੇਖ ਲੈ ਤੀਜੇ ਸਾਲ ਨੂੰ ਝਗੜਾ ਪੈਣਾ ਵਿਚ ਮਦੀਨਾ ਮੱਕਾ, ਕਾਅਬੇ ਆਪਣਾ ਹਾਲ ਦ੍ਰਿੜਾਈਆ । ਫੇਰ ਲਹਿਣਾ ਦੇਣਾ ਹੋਣਾ ਨਾਲ ਬੂਰਾ ਕੱਕਾ, ਹਜ਼ਰਤ ਈਸਾ ਦੇਵਣਹਾਰ ਸ਼ਹਾਦਤ ਨਾਲ ਗੁਵਾਹੀਆ । ਨੌਂ ਖੰਡ ਪ੍ਰਿਥਮੀ ਰਸ਼ੀਆ ਨਾਲ ਅਮਰੀਕਾ ਲੱਗਣਾ ਧੱਕਾ, ਅੱਗੇ ਹੋ ਨਾ ਕੋਇ ਅਟਕਾਈਆ । ਦੀਨ ਦੁਨੀ ਦੀ ਕੀਮਤ ਰਹਿਣੀ ਨਹੀਂ

ਕੋਈ ਟਕਾ, ਸ਼ਾਹ ਸੁਲਤਾਨ ਰਾਜ ਰਾਜਾਨ ਮਾਇਆਧਾਰੀ ਮਿੱਟੀ ਖਾਕ ਵਿਚ ਰੁਲਾਈਆ । ਇਕੋ ਧਰਮ ਦੀ ਧਾਰ ਪ੍ਰਭੂ ਦੇ ਨਾਮ ਦੀ ਹੋਣੀ ਸੜ੍ਹਾ, ਜਿਸ ਨੂੰ ਸਤਿਗੁਰ ਸ਼ਬਦ ਮੰਨੇ ਜਗਤ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਦਾ ਸੰਗ ਆਪ ਬਣਾਈਆ ।

ਧਰਨੀ ਕਹੇ ਨਾਰਦ ਜੀ ਮੈਂ ਵੀ ਚੁੱਕਿਆ ਭਾਰ, ਨਵ ਖੰਡ ਚੁਰਾਸੀ ਲੱਖ ਆਪਣੇ ਉਤੇ ਟਿਕਾਈਆ । ਮੇਰੀ ਦਿਵਸ ਰੈਣ ਪੁਕਾਰ, ਕੂਕ ਕੂਕ ਸੁਣਾਈਆ । ਮੇਰੇ ਪ੍ਰੀਤਮ ਪਿਆਰੇ ਪਾ ਸਾਰ, ਪਰਮ ਪੁਰਖ ਹੋਣਾ ਆਪ ਸਹਾਈਆ । ਚਾਰੋ ਕੁੰਟ ਹੋਈ ਅੰਧੇਰੀ ਰਾਤ, ਤੇਰਾ ਨੂਰੀ ਚੰਦ ਨਾ ਕੋਇ ਚਮਕਾਈਆ । ਤੇਰੇ ਨਾਮ ਕਲਮਿਆਂ ਵਾਲੀ ਖਾਰ, ਦੀਨ ਮਜ਼੍ਹਬ ਕਰੇ ਲੜਾਈਆ । ਤੂੰ ਆਤਮ ਪਰਮਾਤਮ ਨੂਰ ਉਜਿਆਰ, ਨੂਰ ਨੁਰਾਨਾ ਇਕ ਅਖਵਾਈਆ । ਕਲਜੁਗ ਮੇਟ ਦੇ ਧੂੰਆਂਧਾਰ, ਧਰਮ ਦੀ ਧਾਰ ਇਕ ਸਮਝਾਈਆ । ਇਕੋ ਤੇਰਾ ਨਾਮ ਹੋਵੇ ਜੈਕਾਰ, ਇਕੋ ਤੇਰੀ ਸਿਫਤ ਸਲਾਹੀਆ । ਇਕੋ ਤੇਰਾ ਮੰਦਰ ਹੋਵੇ ਦੁਵਾਰ, ਸ਼ਿਵਦੁਵਾਲਾ ਮਠ ਗੁਰੂ ਦੁਵਾਰ ਇਕ ਵਖਾਈਆ । ਇਕੋ ਸ਼ਬਦ ਹੋਵੇ ਧੁਨਕਾਰ, ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਵੱਜਦੀ ਰਹੇ ਵਧਾਈਆ । ਇਕੋ ਤੇਰੀ ਹੋਵੇ ਨਿਮਸਕਾਰ, ਡੰਡਾਵਤ ਬੰਦਨਾ ਸੱਯਦਿਆਂ ਵਿਚ ਸਾਰੇ ਸੀਸ ਝੁਕਾਈਆ । ਤੂੰ ਸ਼ਾਹੋ ਭੂਪ ਸਿਕਦਾਰ, ਬ੍ਰਹਿਮੰਡ ਖੰਡ ਪੁਰੀ ਲੋਅ ਤੇਰੀ ਵੱਜੇ ਵਧਾਈਆ । ਧਰਨੀ ਕਹੇ ਮੇਰੀ ਨਮੋਂ ਨਮੋਂ ਨਿਮਸਕਾਰ, ਨਿਵ ਨਿਵ ਤੇਰੇ ਲਾਗਾਂ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਹੁਕਮ ਆਪ ਰਖਾਈਆ ।

ਨਾਰਦ ਕਹੇ ਧਰਨੀਏ ਪਰਮ ਪੁਰਖ ਬੜਾ ਚਲਾਕ, ਮੈਂ ਜੁਗ ਚੌਕੜੀ ਵੇਖ ਵਖਾਈਆ । ਨੌ ਸੌ ਚੁਰਾਨਵੇ ਚੌਕੜੀ ਜੁਗ ਬੀਤੇ ਸਭ ਨੂੰ ਕਰਦਾ ਰਿਹਾ ਖਾਕ, ਮਾਟੀ ਖਾਕ ਵਿਚ ਰੁਲਾਈਆ । ਕੋਟਾਂ ਵਿਚੋਂ ਜਨ ਭਗਤਾਂ ਖੋਲ੍ਹਦਾ ਰਿਹਾ ਤਾਕ, ਬਜ਼ਰ ਕਪਾਟੀ ਪੜਦਾ ਆਪ ਉਠਾਈਆ । ਆਪਣਾ ਦੱਸਦਾ ਰਿਹਾ ਸ਼ਬਦ ਅਗੰਮੀ ਵਾਕ, ਬਿਨ ਰਸਨਾ ਜਿਹਵਾ ਢੋਲਾ ਗਾਈਆ । ਸਚ ਪ੍ਰੀਤੀ ਜੋੜਦਾ ਰਿਹਾ ਨਾਤ, ਆਤਮ ਪਰਮਾਤਮ ਮੇਲਾ ਮੇਲੇ ਸਹਿਜ ਸੁਭਾਈਆ । ਸੋ ਅੰਤ ਪੁੱਛਣਹਾਰਾ ਵਾਤ, ਜੁਗ ਚੌਕੜੀ ਇਸ ਦੇ ਹੁਕਮ ਅੰਦਰ ਭੱਜੇ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਖੇਲ ਆਪ ਖਿਲਾਈਆ ।

ਧਰਨੀ ਕਹੇ ਨਾਰਦ ਜੀ ਮੈਂ ਉਸੇ ਨੂੰ ਟੇਕਾਂ ਮੱਥਾ, ਜੋ ਮਾਲਕ ਧੁਰਦਰਗਾਹੀਆ । ਜਿਸ ਦੇ ਗੁਰ ਅਵਤਾਰ ਪੈਗ਼ੰਬਰ ਸੱਥਰ ਲੱਥਾ, ਯਾਰੜਾ ਸੇਜ ਹੰਢਾਈਆ । ਜਿਸ ਦੀ ਚਾਰ ਜੁਗ ਦੇ ਸ਼ਾਸ਼ਤਰ ਕਰਦੇ ਕਥਾ, ਵੇਦ ਪੁਰਾਨ ਅੰਜ਼ੀਲ ਕੁਰਾਨ ਬਾਈਬਲ ਤੁਰੈਤ ਗੀਤਾ ਗੁਰੂ ਗ੍ਰੰਥ ਢੋਲੇ ਸੋਹਲੇ ਰਾਗ ਸੁਣਾਈਆ । ਉਸ ਦਾ ਖੇਲ ਵੇਖਣਾ ਯਥਾਰਥ ਯਥਾ, ਜੋ ਯਦੀ ਆਪਣਾ ਹੁਕਮ ਵਰਤਾਈਆ । ਜਿਸ ਦੇ ਸ਼ਬਦੀ ਧਾਰ ਦਾ ਅਗੰਮੀ ਇਕੋ ਭੱਥਾ, ਤੀਰ ਤਰਕਸ਼ ਕਮਾਨ ਹੱਥ ਨਾ ਕੋਇ ਉਠਾਈਆ । ਉਹਦਾ ਯੁੱਧ ਬਿਨਾ ਤਨ ਵਜੂਦ ਹੱਥਾਂ, ਹੁਕਮੀ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਨੂਰ ਅਲਾਹੀਆ ।

ਨਾਰਦ ਕਹੇ ਧਰਨੀਏ ਉਹ ਮਾਲਕ ਪਰਮ ਪੁਰਖ ਅਪਾਰ, ਪਰਮਾਤਮ ਇਕ ਅਖਵਾਈਆ । ਜਿਸ ਜੁਗ ਚੌਕੜੀ ਖੇਲਿਆ ਖੇਲ ਵਿਚ ਸੰਸਾਰ, ਸਤਿਗੁਰ ਸ਼ਬਦ ਨਾਲ ਵਡਿਆਈਆ । ਅਵਤਾਰ ਪੈਗ਼ੰਬਰ ਗੁਰੂਆਂ ਦਿਤਾ ਅਧਾਰ, ਉਦਰ ਦਾ ਲੇਖਾ ਦਿਤਾ ਮੁਕਾਈਆ । ਨਿਰਅਖਰ ਧਾਰ ਵਿਚੋਂ ਅੱਖਰ ਦਿਤੇ ਉਚਾਰ, ਜਗਤ ਸ਼ਾਸ਼ਤਰ ਦੇਣ ਗੁਵਾਹੀਆ । ਜਿਸ ਨੇ ਮੰਦਰ ਮਸਜਿਦ ਸ਼ਿਵਦੁਵਾਲੇ ਮੱਠ ਬਣਾਏ ਗੁਰੂਦੁਵਾਰ, ਚਰਚਾਂ ਦਿਤੀ

ਵਡਿਆਈਆ । ਦੀਨਾਂ ਮਜ਼੍ਹਬਾਂ ਦੱਸ ਨਾਮ ਜੈਕਾਰ, ਸ਼ਰਅ ਦਾ ਰੰਗ ਦਿਤਾ ਰੰਗਾਈਆ । ਝਗੜਿਆਂ ਵਿਚ ਖੇਲ ਕੀਤਾ ਵਾਰੋ ਵਾਰ, ਵਾਰਤਾ ਪਿਛਲੀ ਦਏ ਗੁਵਾਹੀਆ । ਸੋ ਪੁਰਖ ਅਕਾਲਾ ਦੀਨ ਦਿਆਲ ਆਦਿ ਜੁਗਾਦੀ ਪਰਮ ਪੁਰਖ ਪਰਵਰਦਿਗਾਰ, ਰਾਮ ਰਾਮਾ ਕਾਹਨ ਕਾਹਨਾ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਸਮਝਾਈਆ ।

ਧਰਨੀ ਕਹੇ ਮੇਰਾ ਵਕਤ ਆਇਆ ਸੁਹੰਝਣਾ, ਸੋਹਣੀ ਮਿਲੀ ਵਡਿਆਈਆ । ਕਿਰਪਾ ਕਰੇ ਆਦਿ ਨਿਰੰਜਣਾ, ਆਦਿ ਪੁਰਖ ਦਇਆ ਕਮਾਈਆ । ਜਿਸ ਨੂੰ ਕਹਿੰਦੇ ਦਰਦ ਦੁੱਖ ਭੈ ਭੰਜਣਾ, ਭਵ ਸਾਗਰ ਪਾਰ ਲੰਘਾਈਆ । ਉਹ ਭਗਤਾਂ ਪਾਵੇ ਨਾਮ ਦਾ ਅੰਞਣਾ, ਨਿਝ ਨੇਤਰ ਨੈਣ ਅੱਖ ਖੁਲ੍ਹਾਈਆ । ਜਿਸ ਦੇ ਹੁਕਮ ਵਿਚ ਜਗਤ ਜਹਾਨ ਵੰਞਣਾ, ਭੱਜੇ ਵਾਹੋ ਦਾਹੀਆ । ਜਿਸ ਸਭ ਦਾ ਪੜਦਾ ਕੱਜਣਾ, ਸਿਰ ਸਿਰ ਆਪਣਾ ਹੱਥ ਟਿਕਾਈਆ । ਜਿਸ ਦਾ ਨਾਮ ਡੰਕਾ ਵੱਜਣਾ, ਚਾਰੋ ਕੁੰਟ ਕਰੇ ਸ਼ਨਵਾਈਆ । ਉਹ ਝਗੜਾ ਮੇਟੇ ਦੀਨ ਦੁਨੀ ਕਾਇਆ ਬਦਨਾ, ਜਿਸਮ ਜ਼ਮੀਰ ਵਿਚੋਂ ਆਪ ਸਮਝਾਈਆ । ਸੋ ਸਾਹਿਬ ਸੂਰਾ ਸਰਬੰਗਣਾ, ਹਰਿ ਕਰਤਾ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ ।

ਧਰਨੀ ਕਹੇ ਮੇਰਾ ਕਵਣ ਵਕਤ ਸੰਭਾਲੇ, ਸੰਬਲ ਬੈਠਾ ਨਜ਼ਰ ਕਿਸੇ ਨਾ ਆਈਆ । ਜੋ ਲੇਖਾ ਜਾਣੇ ਸ਼ਾਹ ਕੰਗਾਲੇ, ਗਰੀਬ ਗਰੀਬਾਂ ਵੇਖ ਵਖਾਈਆ । ਜਿਸ ਦਾ ਨਾਮ ਸਚਾ ਧਨ ਮਾਲੇ, ਧਨ ਦੌਲਤ ਕੰਮ ਕਿਸੇ ਨਾ ਆਈਆ । ਜੋ ਭਾਗ ਲਗਾਏ ਸਾਚੇ ਡਾਲੇ, ਪੱਤ ਟਹਿਣੀ ਆਪ ਮਹਿਕਾਈਆ । ਮੇਰੇ ਧੋਏ ਦਾਗ਼ ਕਾਲੇ, ਦੁਰਮਤ ਰਹੇ ਨਾ ਰਾਈਆ । ਅੰਮ੍ਰਿਤ ਧਾਰ ਅੰਦਰੋਂ ਉਛਾਲੇ, ਸਵਾ ਸੇਰ ਪਾਣੀ ਲਿਖਾਰੀਆਂ ਦਏ ਗੁਵਾਹੀਆ । ਪੰਜ ਪੰਜ ਸ਼ਹਾਦਤ ਦੇਣ ਭਗਤਾਂ ਦੇ ਭਾਲੇ, ਭਾਂਡਾ ਭਰਮ ਭੰਨਾਈਆ । ਆਤਮ ਧਾਰ ਵਸੇ ਨਾਲੇ, ਪਰਮਾਤਮ ਵਿਛੜ ਕਦੇ ਨਾ ਜਾਈਆ । ਜਿਸ ਦੇ ਪਿੱਛੇ ਭਗਤ ਸੁਹੇਲੇ ਜੁਗ ਜੁਗ ਘਾਲਣਾ ਰਹੇ ਘਾਲੇ, ਰਵਦਾਸ ਰਵੀਦਾਸ ਨਾਲ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਲੇਖਾ ਆਪ ਦਰਸਾਈਆ ।

ਧਰਨੀ ਕਹੇ ਮੈਂ ਕੂਕ ਕਹਾਂ ਪੁਕਾਰ, ਦੋ ਜਹਾਨਾ ਦਿਆਂ ਸੁਣਾਈਆ । ਸਭ ਦਾ ਇਕੋ ਮਿੱਤਰ ਮੁਰਾਰ, ਪਰਮ ਪੁਰਖ ਇਕ ਅਖਵਾਈਆ । ਜਿਸ ਨੇ ਬਾਲਮੀਕ ਦਿਤਾ ਤਾਰ, ਬਟਵਾਰਾ ਆਪਣੇ ਰੰਗ ਰੰਗਾਈਆ । ਡਾਕੇ ਮਾਰਦਾ ਵਿਚ ਸੰਸਾਰ, ਸਚ ਲੁਟੇਰਾ ਇਕ ਅਖਵਾਈਆ । ਜਿਸ ਦੀ ਦੱਛਣਾ ਰਾਮ ਦੇ ਲੇਖੇ ਸਾਢੇ ਤਿੰਨ ਹਾਰ, ਕਲਜੁਗ ਲਹਿਣਾ ਪੂਰ ਕਰਾਈਆ । ਗਊ ਪਾਲ ਗੋਪਾਲ ਕਾਹਨ ਕ੍ਰਿਸ਼ਨ ਵੇਖੇ ਨੈਣ ਮੁੰਧਾਰ, ਨੈਣ ਮੂੰਦ ਦਇਆ ਕਮਾਈਆ । ਈਸਾ ਕਹੇ ਮੇਰਾ ਲੇਖਾ ਨਾਲ ਪਰਵਰਦਿਗਾਰ, ਜੋ ਯਾਰ ਯਾਰਾ ਅਗੰਮ ਅਥਾਹੀਆ । ਮੁਹੰਮਦ ਕਹੇ ਮੈਂ ਉਸ ਦਾ ਕਰਾਂ ਇਜ਼ਹਾਰ, ਜੋ ਸਿਫ਼ਤਾਂ ਦਾ ਮਾਲਕ ਸਿਫ਼ਤ ਸਲਾਹੀਆ । ਨਾਨਕ ਕਹੇ ਮੈਂ ਉਸ ਦੀ ਵਜਾਵਾਂ ਸਿਤਾਰ, ਜੋ ਸੁੱਤਿਆਂ ਲਏ ਜਗਾਈਆ । ਜਨ ਭਗਤੋ ਇਹ ਸਾਰੀ ਸ੍ਰਿਸ਼ਟੀ ਦਾ ਸਤਿਜੁਗ ਵਿਚ ਹੋਵੇਗਾ ਭਗਤ ਦੁਵਾਰ, ਅੱਜ ਦਾ ਲੇਖਾ ਇਸ ਦੀ ਦਏ ਗੁਵਾਹੀਆ । ਦਰਸ਼ਨ ਸਿੰਘ ਦੀ ਪੁੱਠੀ ਦਿਸੇ ਤਲਵਾਰ, ਢਾਲ ਆਪਣਾ ਰੂਪ ਦਰਸਾਈਆ । ਖਾਲੀ ਗਿਲਾਸ ਕਹੇ ਚਾਰੋਂ ਕੁੰਟ ਹੋਣੀ ਹਾਹਾਕਾਰ, ਫਲ ਕਹਿਣ ਫਲ ਹੱਥ ਕਿਸੇ ਨਾ ਆਈਆ । ਨੇਤਰ ਰੋਵੇ ਨਾਰੀ ਨਾਰ, ਬਿਨ ਹੰਝੂਆਂ ਹੰਝੂ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਮਾਲਕ ਦਇਆ ਕਮਾਈਆ ।

ਨਾਰਦ ਕਹੇ ਧਰਨੀਏ ਵੇਖ ਲੈ ਭਗਤਾਂ ਨੇ ਦੋਵੇਂ ਰੰਗੇ ਹੋਏ ਗੁੱਟ, ਲਾਲ ਆਪਣਾ ਰੰਗ ਵਖਾਈਆ । ਇਕ ਵਾਰ ਪ੍ਰਭ ਨਾਲੋਂ ਸਭ ਦੀ ਪ੍ਰੀਤੀ ਜਾਣੀ ਤੁੱਟ, ਟੁੱਟਿਆਂ ਫੇਰ ਪ੍ਰਭੂ ਜੁੜਾਈਆ । ਨੌ ਖੰਡ ਪ੍ਰਿਥਮੀ ਪੈਣੀ ਲੁੱਟ, ਕਲਜੁਗ ਲੁਟੇਰਾ ਫਿਰੇ ਚਾਈ ਚਾਈਆ । ਦੀਨਾਂ ਮਜ਼੍ਹਬਾਂ ਹੋਣੀ ਫੁੱਟ, ਮੇਲਾ ਸਕੇ ਨਾ ਕੋਇ ਮਿਲਾਈਆ । ਬੇਸ਼ਕ ਪ੍ਰਭੂ ਦਾ ਨਾਮ ਜਪਦੀ ਸ੍ਰਿਸ਼ਟੀ ਰਸਨਾ ਜਿਹਵਾ ਬੁਲ੍ਹਾਂ ਬੁੱਟ, ਹਿਰਦੇ ਰਾਮ ਨਾ ਕੋਇ ਵਸਾਈਆ । ਸਭ ਦਾ ਭਾਗ ਜਾਣਾ ਨਿਖੁੱਟ, ਖੋਟੇ ਖਰੇ ਰੂਪ ਨਾ ਕੋਇ ਦਰਸਾਈਆ । ਫੇਰ ਸਤਿ ਸਚ ਦੀ ਮੌਲਣੀ ਰੁੱਤ, ਰੁਤੜੀ ਆਪਣਾ ਰੰਗ ਰੰਗਾਈਆ । ਭਗਤ ਦੁਵਾਰ ਦੀ ਨੀਂਹ ਥੱਲੇ ਚਾਂਦੀ ਦਾ ਦੱਬਣਾ ਬੁੱਤ, ਬੁੱਤਖਾਨੇ ਵੇਖਣ ਥਾਉਂ ਥਾਈਂਆ । ਇਹ ਵਿਹਾਰ ਉਸ ਸਾਹਿਬ ਦਾ ਜਿਸ ਦਾ ਸ਼ਬਦ ਦੁਲਾਰਾ ਸੁੱਤ, ਦੋ ਜਹਾਨਾਂ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ ।

ਨਾਰਦ ਕਹੇ ਧਰਨੀਏ ਮੈਂ ਕੀ ਵੇਖਾਂ ਹੁੰਦਾ ਸਗਨ, ਸਗਲਾ ਧਿਆਨ ਲਗਾਈਆ । ਭਗਤਾਂ ਅੰਤਰ ਆਤਮਾ ਹੋਵੇ ਮਗਨ, ਜਗਤ ਵਾਸ਼ਨਾ ਬਾਹਰ ਕਢਾਈਆ । ਓਢਣ ਦਿਸੇ ਕਿਸੇ ਨਾ ਸੀਸ ਸ੍ਰਿਸ਼ਟੀ ਹੋਈ ਨਗਨ, ਸਿਰ ਹੱਥ ਨਾ ਕੋਇ ਟਿਕਾਈਆ । ਬਿਨਾ ਭਗਤਾਂ ਤੋਂ ਕਾਇਆ ਮੰਦਰ ਅੰਦਰ ਦੀਪਕ ਕਿਸੇ ਨਾ ਜਗਣ, ਜਾਗਰਤ ਜੋਤ ਨਾ ਕੋਇ ਰੁਸ਼ਨਾਈਆ । ਕੀ ਹੋਇਆ ਜੇ ਭਗਤ ਦੁਵਾਰ ਦੀ ਧਾਰ ਨਾਲ ਲੱਗੀ ਅਗਨ, ਅਗਨ ਜਗਤ ਵਾਲੀ ਸਮਝਾਈਆ । ਕਿਸੇ ਦਾ ਰਹਿਣਾ ਨਹੀਂ ਕੋਈ ਸੱਜਣ, ਮਿੱਤਰ ਮੀਤ ਨਾ ਕੋਇ ਅਖਵਾਈਆ । ਅੰਤ ਗੜ੍ਹ ਹੰਕਾਰੀ ਭਾਂਡੇ ਭੱਜਣ, ਮਨ ਮਮਤਾ ਦੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਖੇਲ ਆਪ ਖਿਲਾਈਆ ।

ਧਰਨੀ ਕਹੇ ਨਾਰਦਾ ਮੈਂ ਅਵਤਾਰ ਪੈਗ਼ੰਬਰ ਗੁਰੂ ਤੱਕਾਂ ਸਾਖਿਆਤ, ਬਿਨ ਅੱਖੀਆਂ ਅੱਖ ਉਠਾਈਆ । ਜਿਨ੍ਹਾਂ ਚਾਰ ਜੁਗ ਦੀ ਪਿਛਲੀ ਲਿਖੀ ਗਾਥ, ਅੱਖਰ ਅੱਖਰਾਂ ਨਾਲ ਮਿਲਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਚਲਦਾ ਵੇਖਿਆ ਰਾਥ, ਨਿਰਗੁਣ ਸਰਗੁਣ ਹੋ ਕੇ ਭੱਜੇ ਵਾਹੋ ਦਾਹੀਆ । ਅੰਤ ਲਹਿਣਾ ਉਸ ਹੱਥ ਪੁਰਖ ਸਮਰਾਥ, ਜੋ ਕਰਤਾ ਧੁਰਦਰਗਾਹੀਆ । ਜੋ ਹੋਏ ਸਹਾਈ ਅਨਾਥਾਂ ਅਨਾਥ, ਦੀਨਨ ਆਪਣੇ ਗਲੇ ਲਗਾਈਆ । ਸੋ ਸਭ ਦਾ ਲਹਿਣਾ ਦੇਣਾ ਦੇਵੇ ਮਸਤਕ, ਮਾਥ, ਪੂਰਬ ਲੇਖਾ ਬਿਧਨਾ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ ।

ਧਰਨੀ ਕਹੇ ਮੇਰਾ ਲੇਖਾ ਬਹੁਤ ਪੁਰਾਣਾ, ਪੁਰਾਨ ਅਠਾਰਾਂ ਦੇਣ ਗੁਵਾਹੀਆ । ਮੇਰਾ ਕਾਹਨ ਨਾਲ ਯਰਾਨਾ, ਜੋ ਸਖੀਆਂ ਸੁਖਨ ਗਿਆ ਸਮਝਾਈਆ । ਦੁਨੀਆ ਦੀਨ ਵਿਚ ਬਦਲ ਜਾਣਾ ਜਮਾਨਾ, ਜਮਨ ਕਿਨਾਰਾ ਸੰਗ ਰਖਾਈਆ । ਕਲਜੁਗ ਕੂੜ ਹੋਣਾ ਪਰਧਾਨਾ, ਚਾਰੋਂ ਕੁੰਟ ਭੱਜੇ ਵਾਹੋ ਦਾਹੀਆ । ਧਰਮ ਦਾ ਰਹਿਣਾ ਨਹੀਂ ਕੋਈ ਨਿਸ਼ਾਨਾ, ਧਰਮ ਦੀ ਧਾਰ ਨਾ ਕੋਇ ਰਖਾਈਆ । ਦੀਨ ਮਜ਼੍ਹਬ ਹੋਣਾ ਬੇਗਾਨਾ, ਨਾਮ ਕਲਮਾ ਕਰੇ ਲੜਾਈਆ । ਅੰਤਰ ਗਾਏ ਨਾ ਕੋਇ ਤਰਾਨਾ, ਤੁਰੀਆ ਵੇਖਣ ਕੋਇ ਨਾ ਪਾਈਆ । ਉਸ ਸਮੇਂ ਖੇਲ ਕਰੇ ਧੁਰ ਦਾ ਕਾਹਨਾ, ਕਾਹਨ ਕਾਹਨ ਨਾਲ ਵਡਿਆਈਆ । ਜਿਸ ਦਾ ਲਹਿਣਾ ਦੇਣਾ ਦੋ ਜਹਾਨ, ਜ਼ਿਮੀ ਅਸਮਾਨ ਵੇਖ ਵਖਾਈਆ । ਸਤਿਗੁਰ ਸ਼ਬਦ ਕਰੇ ਪਰਧਾਨਾ, ਦੂਸਰ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪੜਦਾ ਆਪ ਉਠਾਈਆ ।

ਨਾਰਦ ਕਹੇ ਧਰਨੀਏ ਮੈਂ ਵੀ ਸੁਣੀ ਬਾਤ, ਪਿੱਛੇ ਹੋ ਕੇ ਧਿਆਨ ਲਗਾਈਆ । ਜੋ ਖੇਲ ਹੋਣਾ ਲੋਕਮਾਤ, ਕਾਹਨ ਘਨਈਆ ਗਿਆ ਦ੍ਰਿੜਾਈਆ । ਕਿਸੇ ਦੀ ਪੁੱਛਣੀ ਨਹੀਂ ਕਿਸੇ ਨੇ ਵਾਤ, ਸੰਗੀ ਸੰਗ ਨਾ ਕੋਇ ਨਿਭਾਈਆ । ਕੀ ਹੋਇਆ ਜੇ ਅਠਾਰਾਂ ਕਸ਼ੂਣੀਆਂ ਹੋਈਆਂ ਖਾਤ, ਧਰਮ ਯੁੱਧ ਯੁੱਧ ਸਮਝਾਈਆ । ਕਲਜੁਗ ਅੰਤਮ ਹੁਕਮ ਵਰਤੇ ਕਮਲਾਪਾਤ, ਪਤਿਪਰਮੇਸ਼ਵਰ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਮਾਲਕ ਬੇਪਰਵਾਹੀਆ ।

ਧਰਨੀ ਕਹੇ ਮੈਂ ਕਰਦੀ ਰਹੀ ਕਾਹਨ ਨੂੰ ਯਾਦ, ਗੋਪਾਲ ਨੂੰ ਸੀਸ ਨਿਵਾਈਆ । ਜੋ ਮੈਨੂੰ ਦੇ ਕੇ ਗਿਆ ਦਾਦ, ਵਸਤ ਅਨਮੁਲ ਨਾਮ ਵਰਤਾਈਆ । ਤੇਰਾ ਖੇੜਾ ਹੋਏ ਆਬਾਦ, ਹਰਿ ਭਗਤ ਦੁਵਾਰ ਸੋਭਾ ਪਾਈਆ । ਜਿਥੇ ਇਕੱਠੇ ਹੋਣਗੇ ਸਾਰੇ ਸੰਤ ਸਾਧ, ਸੂਫੀਆ ਰੰਗ ਰੰਗਾਈਆ । ਅੰਤਰ ਰਹੇ ਨਾ ਵਾਦ ਵਿਵਾਦ, ਵਿਖ ਅੰਦਰੋਂ ਬਾਹਰ ਕਢਾਈਆ । ਸ਼ਰਅ ਦੀ ਦਿਸੇ ਕੋਇ ਨਾ ਹਾਦ, ਮਜ਼੍ਹਬਾਂ ਰੰਗ ਨਾ ਕੋਇ ਰੰਗਾਈਆ । ਇਕੋ ਮਾਲਕ ਨਜ਼ਰੀ ਆਏ ਵਾਹਿਦ, ਗਾਡ ਇਕੋ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ ।

ਨਾਰਦ ਕਹੇ ਧਰਨੀ ਮੈਂ ਵੀ ਸੁਣਿਆ ਸੰਦੇਸ਼, ਜੋ ਕ੍ਰਿਸ਼ਨ ਘਨਈਆ ਕਾਹਨ ਕਾਹਨ ਗਿਆ ਦ੍ਰਿੜਾਈਆ । ਮੈਂ ਦੂਰੋਂ ਹੋ ਕੇ ਪੇਸ਼, ਪੇਸ਼ੀਨਗੋਈ ਪੁੱਛੀ ਚਾਈਂ ਚਾਈਂਆ । ਸਚ ਦੱਸ ਇਹ ਧਾਮ ਸੁਹੰਝਣਾ ਕੌਣ ਕਰੇ ਤੇ ਕਿਹੜਾ ਹੋਵੇ ਨਰੇਸ਼, ਕਵਣ ਹੁਕਮ ਹੁਕਮ ਵਰਤਾਈਆ । ਉਸ ਹੱਸ ਕੇ ਕਿਹਾ ਮੇਰਾ ਬਿਨਾ ਅੱਖਰਾਂ ਤੋਂ ਲੇਖ, ਕਲਮ ਸ਼ਾਹੀ ਨਾ ਕੋਇ ਵਡਿਆਈਆ । ਜੋਤੀ ਜਾਤਾ ਧਾਰੇ ਭੇਖ, ਅਵੱਲੜਾ ਆਪਣਾ ਰੂਪ ਪਰਗਟਾਈਆ । ਜਿਸ ਕੂੜ ਕੁੜਿਆਰ ਦੀ ਮੇਟਣੀ ਰੇਖ, ਰਿਖੀਆਂ ਮੁਨੀਆਂ ਦਏ ਸਮਝਾਈਆ । ਉਹ ਆਵੇ ਜਮਨ ਕਨਾਰੇ ਏਸੇ ਦੇਸ, ਦੇਸ ਦਸੰਤਰ ਵੇਖ ਵਖਾਈਆ । ਜਿਸ ਜਗਤ ਜਹਾਨ ਦਾ ਤੱਕਣਾ ਕਲੇਸ਼, ਕਲ ਕਾਤੀਆਂ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ ।

ਧਰਨੀ ਕਹੇ ਮੈਂ ਖੁਸ਼ੀਆਂ ਵਿਚ ਦੱਸਾਂ ਆਜ, ਹਕੀਕਤ ਸਚ ਦ੍ਰਿੜਾਈਆ । ਸਾਰੀ ਸ੍ਰਿਸ਼ਟੀ ਦਾ ਭਗਤ ਧਾਰ ਹੋਣਾ ਸਮਾਜ, ਸਮਗਰੀ ਸਚ ਨਾਮ ਵਰਤਾਈਆ । ਮੇਰੇ ਉਤੇ ਮੇਰਾ ਬੰਕ ਦੁਵਾਰ ਸੁਹਾਏ ਸੇਵਾ ਕਰਨਗੇ ਰਾਜਨ ਰਾਜ, ਰਈਅਤ ਆਪਣਾ ਸੰਗ ਬਣਾਈਆ । ਇਹ ਨੌਂ ਸੌ ਚੁਰਾਨਵੇ ਚੌਕੜੀ ਜੁਗ ਪਿਛੋਂ ਹੋਣਾ ਕਾਜ, ਕਰਨੀ ਦਾ ਕਰਤਾ ਆਪ ਸਮਝਾਈਆ । ਮੇਰਾ ਮਾਲਕ ਖਾਲਕ ਇਕੋ ਮਹਾਰਾਜ, ਪਰਮ ਪੁਰਖ ਇਕ ਅਖਵਾਈਆ । ਜਿਸ ਨੇ ਧਰਮ ਚਲਾਉਣਾ ਜਹਾਜ, ਨਈਆ ਨੌਕਾ ਨਾਮ ਦ੍ਰਿੜਾਈਆ । ਚਾਰੇ ਕੁੰਟ ਮਾਰਨੀ ਅਵਾਜ਼, ਚਾਰੇ ਵਰਨਾਂ ਲਏ ਉਠਾਈਆ । ਸਭ ਦਾ ਸਾਂਝਾ ਹੋਵੇ ਸਮਾਜ, ਵੱਖਰੀ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪਰਦਾ ਆਪ ਉਠਾਈਆ ।

ਧਰਨੀ ਕਹੇ ਮੇਰੀ ਆਸਾ ਮਨਸਾ ਹੋਏ ਪੂਰ, ਪੂਰਬ ਧਿਆਨ ਲਗਾਈਆ । ਮੇਰੇ ਰਾਮ ਦਾ ਸਚ ਦਸਤੂਰ, ਜੁਗ ਚੌਕੜੀ ਚਲਿਆ ਆਈਆ । ਜੋ ਕਾਹਨਾਂ ਦਾ ਕਾਹਨ ਹਾਜ਼ਰ ਹਜ਼ੂਰ, ਹਜ਼ਰਤਾਂ ਦਾ ਮਾਲਕ ਨੂਰ ਅਲਾਹੀਆ । ਜਿਨ੍ਹ ਸ਼ਬਦੀ ਧਾਰ ਦਿਤਾ ਸਰੂਰ, ਗੁਰੂ ਗੁਰਦੇਵ ਦੇਣ ਵਡਿਆਈਆ । ਜਿਸ ਦੀ ਮੰਜ਼ਲ ਨਾ ਨੇੜੇ ਨਾ ਦੂਰ, ਦੂਰ ਦੁਰਾਡਾ ਪੰਧ ਮੁਕਾਈਆ । ਜਨ ਭਗਤੋ ਤੁਹਾਡੀ ਭਗਤੀ ਕਰੇ

ਮਨਜ਼ੂਰ, ਦਰ ਆਇਆਂ ਲੇਖੇ ਲਾਈਆ । ਤੁਸਾਂ ਸਭ ਨੇ ਆਤਮਾ ਧਾਰ ਹੋਣਾ ਮਸ਼ਕੂਰ, ਸ਼ੁਕਰੀਆ ਕਹਿ ਕੇ ਸ਼ੁਕਰ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਮਾਲਕ ਬੇਪਰਵਾਹੀਆ ।

ਧਰਨੀ ਕਹੇ ਮੇਰੀ ਆਸਾ ਪੂਰੀ ਹੋਵੇ ਮਨਸਾ, ਖੁਸ਼ੀਆਂ ਰਾਗ ਜਣਾਈਆ । ਮੇਰਾ ਮਾਲਕ ਮਿਲੇ ਮੈਨੂੰ ਕਾਹਨਾ ਜਿਸ ਹੰਕਾਰ ਮੇਟਿਆ ਕੰਸਾ, ਦਿਤੀ ਮਾਣ ਵਡਿਆਈਆ । ਜਿਸ ਦਾ ਖੇਲ ਸਹੰਸ ਸਹੰਸਾ, ਗਣਤੀ ਗਣਤ ਨਾ ਕੋਇ ਗਿਣਾਈਆ । ਜਿਸ ਸਤਿਜੁਗ ਵਿਚ ਮਾਨਵ ਜ਼ਾਤੀ ਇਕ ਬਣਾਉਣਾ ਬੰਸਾ, ਦੂਸਰ ਵੰਡ ਨਾ ਕੋਇ ਵੰਡਾਈਆ । ਗੜ੍ਹ ਤੋੜਨਾ ਹਉਮੇ ਹੰਗਤਾ, ਹੰ ਬ੍ਰਹਮ ਦਏ ਸਮਝਾਈਆ । ਜੋ ਲੇਖਾ ਲਿਖਿਆ ਵੇਦ ਵਿਆਸੇ ਗੌੜ ਬ੍ਰਹਮਣ ਪ੍ਰਥਾਏ ਪੰਡਤਾ, ਭਵਿਖਤ ਪਰਾਣ ਨੌ ਹਜ਼ਾਰ ਸਲੋਕ ਦੇਣ ਗੁਵਾਹੀਆ । ਉਹ ਖੇਲ ਖੇਲੇ ਧਰਤੀ ਉਤੇ ਨਵ ਖੰਡਤਾ, ਸਤਿ ਸਤਿ ਵੇਖੇ ਚਾਈ ਚਾਈਆ । ਜਿਸ ਦਾ ਝਗੜਾ ਨਹੀਂ ਮਨ ਮਤ ਦਾ, ਮਮਤਾ ਮੋਹ ਜਗਤ ਨਾ ਕੋਇ ਰਖਾਈਆ । ਉਹਦਾ ਖੇਲ ਪਰਮੇਸ਼ਵਰ ਪਤਿ ਦਾ, ਪਤਤ ਪਾਵਨ ਵਡ ਵਡਿਆਈਆ । ਜੋ ਲੇਖਾ ਜਾਣੇ ਥਿਰ ਘਰ ਦਾ, ਅੰਤਰ ਨਿਰੰਤਰ ਬੈਠਾ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ ।

ਧਰਨੀ ਕਹੇ ਅਵਤਾਰ ਪੈਗ਼ੰਬਰ ਗੁਰੂ ਸਾਰੇ ਕਰੋ ਮਿਲਾਪ, ਮਿਲਣੀ ਹਰਿ ਜਗਦੀਸ਼ ਕਰਾਈਆ । ਕਲਜੁਗ ਅੰਤ ਮਿਟੇ ਤੀਨੋ ਤਾਪ, ਤ੍ਰੈਗੁਣ ਅਗਨ ਨਾ ਕੋਇ ਤਪਾਈਆ । ਸਭ ਦਾ ਇਕੋ ਨਾਮ ਹੋਵੇ ਜਾਪ, ਇਕੋ ਸੋਹਲਾ ਢੋਲਾ ਕਲਮਾ ਸਚ ਸੁਣਾਈਆ । ਇਕੋ ਮਾਲਕ ਹੋਵੇ ਕਮਲਾਪਾਤ, ਪਤਿਪਰਮੇਸ਼ਵਰ ਇਕ ਅਖਵਾਈਆ । ਝਗੜਾ ਰਹੇ ਨਾ ਜ਼ਾਤ ਪਾਤ, ਦੀਨ ਮਜ਼੍ਹਬ ਨਾ ਕਰੇ ਲੜਾਈਆ । ਆਪਣਾ ਭਵਿਖਤਾਂ ਵਾਲਾ ਵੇਖੇ ਖਾਤ, ਸਦੀ ਚੌਧਵੀਂ ਬੀਸਵੀਂ ਨਾਲ ਮਿਲਾਈਆ । ਢਈਆ ਗੋਬਿੰਦ ਵਾਲਾ ਪੁੱਛਣਵਾਲਾ ਵਾਤ, ਵਾਤਾਵਰਨ ਤੱਕੇ ਖਲਕ ਖੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ ।

ਧਰਨੀ ਕਹੇ ਅਵਤਾਰ ਪੈਗ਼ੰਬਰ ਗੁਰੂ ਸਾਹਿਬਾਨ ਕਰੋ ਖਿਆਲ, ਬਿਨ ਨੈਣਾਂ ਨੈਣ ਖੁਲ੍ਹਾਈਆ । ਧਰਮ ਦੁਵਾਰ ਦਾ ਧਰਮ ਹੋਵੇ ਦਲਾਲ, ਵਿਚੋਲਾ ਅਵਰ ਨਾ ਕੋਇ ਬਣਾਈਆ । ਜਿਸ ਦੀ ਸਾਹਿਬ ਸਤਿਗੁਰ ਸ਼ਬਦ ਕਰੇ ਸੰਭਾਲ, ਸੰਬਲ ਦਾ ਮਾਲਕ ਦਇਆ ਕਮਾਈਆ । ਜਿਥੇ ਸੁਹਣੇ ਸ਼ਾਹ ਕੰਗਾਲ, ਗਰੀਬ ਗਰੀਬਾਂ ਦਇਆ ਕਮਾਈਆ । ਦੀਨ ਦੁਨੀ ਦਾ ਹੋਵੇ ਨਾ ਕੋਇ ਜੰਜ਼ਾਲ, ਜਾਗਰਤ ਜੋਤ ਕਰੇ ਰੁਸ਼ਨਾਈਆ । ਜਿਸ ਦੀ ਆਸ਼ਾ ਰੱਖੀ ਸਿੰਘ ਪਾਲ, ਮਿਹਰਵਾਨ ਮਿਹਰਵਾਨ ਵੇਖ ਵਖਾਈਆ । ਜਿਸ ਦਾ ਠਾਕਰ ਸੁਵਾਮੀ ਦਿਤਾ ਗਿਆਨ, ਇੰਦਰ ਸਿੰਘ ਸਿੰਘ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮੰਦਰ ਇਕ ਸੁਹਾਈਆ ।

ਧਰਨੀ ਕਹੇ ਗੁਰ ਅਵਤਾਰ ਪੈਗ਼ੰਬਰ ਮੇਰਾ ਵੇਖੋ ਮੀਤ, ਮਿੱਤਰਾਂ ਸਚ ਜਣਾਈਆ । ਜਿਸ ਨੂੰ ਜੁਗ ਚੌਕੜੀ ਸਭ ਨੇ ਰੱਖਿਆ ਚੀਤ, ਚਿਤਰ ਕੇ ਸਕਿਆ ਨਾ ਕੋਇ ਵਖਾਈਆ । ਜੋ ਜੁਗ ਜੁਗ ਬਦਲਦਾ ਰਿਹਾ ਰੀਤ, ਰੀਤੀਵਾਨ ਅਗੰਮ ਅਥਾਹੀਆ । ਸੋ ਸਭ ਦੀ ਅੰਤਰ ਮਨ ਕਲਪਣਾ ਕਰੇ ਪਤਤ ਪੁਨੀਤ, ਪਤਤ ਪਾਵਨ ਦਇਆ ਕਮਾਈਆ । ਜਿਸ ਨੂੰ ਕਹਿੰਦੇ ਸਦਾ ਜਗਜੀਤ, ਜਗ ਜੀਵਣ ਦਾਤਾ ਇਕ ਅਖਵਾਈਆ । ਜਿਸ ਦਾ ਲੇਖਾ ਨਾਲ ਮੰਦਰ ਮਸੀਤ, ਕਾਅਬਿਆਂ ਫੋਲ ਫੁਲਾਈਆ । ਉਹ ਆਤਮ ਪਰਮਾਤਮ ਬੰਧਾਏ

ਸਭ ਦੀ ਪ੍ਰੀਤ, ਪ੍ਰੀਤਮ ਹੋ ਕੇ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ ।

ਨਾਰਦ ਕਹੇ ਧਰਨੀਏ ਤੇਰੇ ਉਤੇ ਹੋਣਾ ਵਕਤ ਸੁਹੰਝਣਾ, ਸੋਹਣੀ ਮਿਲੇ ਵਡਿਆਈਆ । ਘਰ ਸੁਹਾਏ ਆਦਿ ਨਿਰੰਜਣਾ, ਬੰਕ ਦੁਵਾਰਾ ਵੇਖ ਵਖਾਈਆ । ਜਿਥੇ ਇਕੋ ਦੀਪਕ ਜਗਣਾ, ਜੋਤੀ ਜੋਤ ਡਗਮਗਾਈਆ । ਜੋ ਸਭ ਦਾ ਹੋਵੇ ਸੱਜਣਾ, ਮੀਤ ਮੁਰਾਰਾ ਅਗੰਮ ਅਥਾਹੀਆ । ਜੋ ਨਾਮ ਨਿਧਾਨ ਦੀ ਚਾੜ੍ਹੇ ਰੰਗਣਾ, ਰੰਗਤ ਆਪਣੀ ਆਪ ਪਰਗਟਾਈਆ । ਉਹ ਭਗਤੋ ਤੁਹਾਡੀ ਭਗਤੀ ਦਾ ਮਨਾਵੇ ਸਗਨਾ, ਸਗਲੇ ਸੰਗੀ ਆਪ ਰਖਾਈਆ । ਨਿਰਗੁਣ ਧਾਰ ਲਾਵੇ ਅੰਗਣਾ, ਅੰਗੀਕਾਰ ਆਪ ਹੋ ਜਾਈਆ । ਅੰਤਰ ਨਿਰੰਤਰ ਦੇਵੇ ਅਨੰਦਨਾ, ਅਨੰਦ ਅਨੰਦ ਵਿਚੋਂ ਪਰਗਟਾਈਆ । ਲੇਖੇ ਲੱਗੇ ਪੰਜ ਤਤ ਸਰੀਰ ਪੰਜਨਾ, ਪੰਚਮ ਤਤ ਮਿਲੇ ਮਾਣ ਵਡਿਆਈਆ । ਸੰਮਤ ਸ਼ਹਿਨਸ਼ਾਹੀ ਦਸ ਕਹੇ ਦੀਨ ਦੁਨੀ ਦਾ ਲੇਖਾ ਜਿਸ ਹੱਥ ਮੁਕੰਦ ਮਨੋਹਰ ਮੁਕੰਦਨਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਆਪਣੇ ਹੱਥ ਰਖਾਈਆ ।

ਧਰਨੀ ਕਹੇ ਮੇਰੀ ਪਿਆਰ ਮੁਹੱਬਤ ਵਾਲੀ ਤਰਸ਼ੀਹ, ਖੁਸ਼ੀਆਂ ਨਾਲ ਜਣਾਈਆ । ਭਗਤਾਂ ਦੀ ਭਸਮ ਚਰਨੀ ਦੀ ਧਾਰ ਗੁਰਮੁਖ ਇਕ ਇਕ ਚੂੰਢੀ ਭਰਨਗੇ ਵੀਹ, ਮਾਝਾ ਮਾਲਵਾ ਦੁਆਬਾ ਜੰਮੂ ਵੰਡ ਵੰਡਾਈਆ । ਟਿਕਾਉਣਗੇ ਚੜ੍ਹਦੇ ਵਾਲੀ ਕੂਟ ਵਿਚ ਨੀਂਹ, ਖੁਸ਼ੀਆਂ ਨਾਲ ਰਖਾਈਆ । ਧਰਮ ਦਾ ਬੀਜ ਦੇਣਾ ਬੀਅ, ਸਤਿਜੁਗ ਫਲ ਨਾਲ ਫੁੱਲ ਦਏ ਮਹਿਕਾਈਆ । ਰਵੀਦਾਸ ਦਾ ਲੇਖਾ ਜੋ ਲਿਖਿਆ ਸਾਢੇ ਤਿੰਨ ਹੱਥ ਸੀਅ, ਧਰਨੀ ਧਰਤ ਧਵਲ ਖੁਸ਼ੀ ਬਣਾਈਆ । ਅੱਗੇ ਪਤਾ ਨਹੀਂ ਹੋਣਾ ਕੀ, ਧਰਨੀ ਨਿਵ ਨਿਵ ਸੀਸ ਨਿਵਾਈਆ । ਲੱਖ ਚੁਰਾਸੀ ਪ੍ਰਭ ਦੇ ਜੀਅ, ਜੀਵ ਜੰਤਾਂ ਵਿਚ ਰਖਾਈਆ । ਤੁਹਾਡੇ ਉਤੋਂ ਬਲ ਬਲ ਜਾਵਾਂ ਬੀਅ, ਨਿਵ ਨਿਵ ਲਾਗਾਂ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮੇਲਾ ਆਪ ਮਿਲਾਈਆ ।

ਧਰਨੀ ਕਹੇ ਮਿੱਟੀ ਖਾਕ ਭਸਮ ਰੱਖਣੀ ਨੀਂਹ ਥੱਲੇ ਇਕ ਇਕ ਚੂੰਡੀ, ਬੀਸ ਬੀਸਾ ਰੰਗ ਰੰਗਾਈਆ । ਉਤੇ ਧਰਮ ਧਾਰ ਦੀ ਹੋਵੇ ਖੂੰਡੀ, ਖੜਗਾਂ ਖੰਡਿਆਂ ਬਾਹਰ ਸਮਝਾਈਆ । ਧਰਨੀ ਕਹੇ ਮੈਂ ਬਿਨਾ ਜ਼ਬਾਨ ਤੋਂ ਕੂੰਦੀ, ਕੂਕ ਕੂਕ ਸੁਣਾਈਆ । ਮੈਨੂੰ ਸਾਰ ਸਾਰਿਆਂ ਬੁੱਤ ਰੂਹ ਦੀ, ਰੂਹ ਬੁੱਤਾਂ ਵੇਖ ਵਖਾਈਆ । ਮੈਂ ਖ਼ਬਰ ਸੁਣੀ ਉਸ ਸ਼ਬਦ ਗੁਰੂ ਦੀ, ਜੋ ਗੁਰ ਅਵਤਾਰ ਪੈਗ਼ੰਬਰਾਂ ਦਏ ਵਡਿਆਈਆ । ਭਗਤੋ ਅੱਜ ਦਾ ਲੇਖਾ ਤੇ ਸਤਿਜੁਗ ਧਾਰ ਸ਼ੁਰੂ ਦੀ, ਸਤਿ ਧਰਮ ਸਾਚਾ ਰੰਗ ਰੰਗਾਈਆ । ਅਜੇ ਤੇ ਖੇਲ ਹੋਣੀ ਦੂਤੂ ਦੂਤੂ ਦੀ, ਸੱਤਾਂ ਸਾਲਾਂ ਤੋਂ ਬਾਦ ਏਥੇ ਧਰਮ ਦੇ ਝੰਡੇ ਝੁੱਲਣੇ ਚਾਈ ਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਖੇਲ ਆਪ ਖਿਲਾਈਆ ।

ਧਰਨੀ ਕਹੇ ਮੇਰੇ ਉਤੇ ਬਣਨਾ ਗ੍ਰਹਿ ਮੰਦਰ, ਸੋਹਣੀ ਮਿਲੇ ਵਡਿਆਈਆ । ਜਿਥੇ ਭਗਤਾਂ ਦਾ ਭਗਤੀ ਧਾਰ ਤੁਟਣਾ ਬਜ਼ਰ ਕਪਾਟੀ ਜੰਦਰ, ਜਿੰਦਗੀ ਵਿਚੋਂ ਜਿੰਦਗੀ ਦਏ ਬਦਲਾਈਆ । ਪਰਕਾਸ਼ ਹੋਵੇ ਅੰਧੇਰੀ ਕੰਦਰ, ਤਨ ਵਜੂਦ ਨੂਰ ਨੁਰਾਨਾ ਡਗਮਗਾਈਆ । ਮਨੂਆ ਦਹਿ ਦਿਸ਼ਾ ਨਾ ਉਠ ਉਠ ਧਾਵੇ ਬੰਦਰ, ਮਨ ਮਨਸਾ ਨਾ ਕੋਇ ਹਲਕਾਈਆ । ਜਨ ਭਗਤਾਂ ਹਰਿਜਨਾਂ ਸੂਫੀਆਂ ਸੰਤਾਂ ਲੇਖੇ ਲੱਗੇ ਤਤ ਪੰਜਣ, ਪੰਚਮ ਦਾ ਮੇਲਾ ਮਿਲੇ ਸਹਿਜ ਸੁਭਾਈਆ । ਕਿਸੇ ਦੇ ਅੰਤਸ਼ਕਰਨ ਵਿਚ ਨਾ ਹੋਵੇ ਰੰਜਣ, ਰੰਜਸ਼

ਅੰਦਰੋਂ ਬਾਹਰ ਕਢਾਈਆ । ਧਰਨੀ ਕਹੇ ਮੇਰੇ ਉਤੇ ਜੁਗ ਚੌਕੜੀਆਂ ਕੇਤੇ ਲੰਘਣ, ਸਤਿਜੁਗ ਤਰੇਤਾ ਦੁਆਪਰ ਕਲਜੁਗ ਭੱਜੇ ਵਾਹੋ ਦਾਹੀਆ । ਕੋਟਨ ਵਾਰ ਦੀਨ ਦੁਨੀ ਸ਼ਰਅ ਦੀ ਲੱਗੀ ਅਗਨ, ਭਸਮ ਹੋ ਕੇ ਮਿਟੀ ਖਾਕ ਵਿਚ ਮਿਲਾਈਆ । ਕੋਟਲ ਵਾਰ ਮੇਰੇ ਉਤੇ ਸ਼ਾਦਿਆਨੇ ਵੱਜਣ, ਗੁਰ ਅਵਤਾਰ ਪੈਗ਼ੰਬਰ ਧੁਰ ਦੇ ਰਾਗ ਨਾਦ ਗਏ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ ।

ਨਾਰਦ ਕਹੇ ਧਰਨੀਏ ਮੇਰਾ ਜੀਅ ਕਰਦਾ ਮੈਂ ਤੈਨੂੰ ਕਰਾਂ ਇਕ ਮਖੌਲ, ਮਸਖਰਾ ਹੋ ਕੇ ਦਿਆਂ ਸੁਣਾਈਆ । ਤੈਨੂੰ ਧਰਨੀ ਕਹਾਂ ਧਰਤ ਕਹਾਂ ਧਵਲ ਕਹਾਂ ਕਿ ਕਹਿਵਾਂ ਧੌਲ, ਧਰਮ ਨਾਲ ਦੇ ਜਣਾਈਆ । ਸਚ ਦੱਸ ਤੇਰਾ ਅਵਤਾਰ ਪੈਗ਼ੰਬਰਾਂ ਨਾਲ ਕੀ ਕੌਲ, ਵਾਅਦਾ ਗੁਰੂ ਦੁਰਦੇਵ ਕੀ ਜਣਾਈਆ । ਮੇਰਾ ਜੀਅ ਕਰਦਾ ਕੂੜ ਕੁੜਿਆਰ ਦਾ ਵਜਾ ਦੇਵਾਂ ਢੋਲ, ਡੰਕਾ ਸੁਣਾਵਾਂ ਥਾਉਂ ਥਾਈਆ । ਸਾਰੀ ਸ੍ਰਿਸ਼ਟੀ ਦੀ ਦ੍ਰਿਸ਼ਟੀ ਜਾਵੇ ਡੋਲ, ਸਾਬਤ ਰਹਿਣ ਕੋਇ ਨਾ ਪਾਈਆ । ਤੇਰਾ ਧਰਮ ਦਾ ਦੁਵਾਰ ਧਰਮ ਦਾ ਮਾਲਕ ਦੇਵੇ ਖੋਲ੍ਹ, ਖਲਕ ਦਾ ਖਾਲਕ ਵੇਖ ਵਖਾਈਆ । ਜਿਸ ਦਾ ਭੇਵ ਜਾਣੇ ਨਾ ਕੋਈ ਪੰਡਤ ਪਾਂਧਾ ਰੌਲ, ਥਿਤਾਂ ਵੰਡ ਨਾ ਕੋਇ ਵੰਡਾਈਆ । ਇਹ ਲੇਖਾ ਉਸ ਦਾ ਜਿਸ ਨੂੰ ਤ੍ਰੈਲੋਕੀ ਨਾਥ ਕਹਿੰਦੇ ਸਾਵਲ ਸੌਲ, ਸਾਂਵਰੀ ਆਪਣਾ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪਰਦਾ ਆਪ ਉਠਾਈਆ ।

ਧਰਨੀ ਕਹੇ ਨਾਰਦਾ ਕੁਛ ਮੈਂ ਵੀ ਦੱਸਣਾ ਜ਼ਰੂਰ, ਜ਼ਰੂਰਤ ਆਪਣੀ ਦਿਆਂ ਜਣਾਈਆ । ਮੈਨੂੰ ਦਿਸਦਾ ਮੇਰੇ ਉਤੇ ਪਿਆ ਫਤੂਰ, ਧਰਮ ਨੂੰ ਫਤਵਾ ਲੱਗਾ ਥਾਉਂ ਥਾਈਆ । ਸਚ ਦਾ ਸਚ ਦਿਸੇ ਨਾ ਨੂਰ, ਨੂਰ ਨੁਰਾਨਾ ਚੰਦ ਨਾ ਕੋਇ ਚਮਕਾਈਆ । ਸਾਚੇ ਨਾਮ ਦੀ ਸੁਣੇ ਕੋਈ ਨਾ ਤੂਰ, ਤੁਰੀਆ ਪਦ ਦੀ ਮੰਜ਼ਲ ਹੱਥ ਕਿਸੇ ਨਾ ਆਈਆ । ਮੈਨੂੰ ਕਲਜੁਗ ਕੂੜ ਕੀਤਾ ਮਸ਼ਹੂਰ, ਚਾਰੋ ਕੁੰਟ ਝੂਠ ਦੇ ਡੰਕੇ ਰਿਹਾ ਵਜਾਈਆ । ਮੈਂ ਆਸਾ ਰੱਖੀ ਮੇਰਾ ਸਾਹਿਬ ਮੈਨੂੰ ਕਦੋਂ ਬਖਸ਼ੇਗਾ ਚਰਨ ਧੂੜ, ਧੂੜੀ ਟਿੱਕੇ ਖ਼ਾਕ ਰਮਾਈਆ । ਜਗਤ ਦਾ ਵਕਤ ਮਿਟੇ ਹਰਿਜਨ ਰਹੇ ਨਾ ਕੋਈ ਮੂਰਖ ਮੂੜ੍ਹ, ਗੁਰਮੁਖ ਹਰਿਜਨ ਭਗਤ ਸੁਹੇਲੇ ਲਏ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਉਠਾਈਆ ।

ਨਾਰਦ ਕਹੇ ਧਰਨੀਏ ਉਹ ਵੇਖ ਲੈ ਕਲਜੁਗ ਕਾਲਾ ਮਲੰਗ, ਨਵ ਖੰਡ ਪ੍ਰਿਥਮੀ ਸਤ ਦੀਪ ਭੱਜੇ ਵਾਹੋ ਦਾਹੀਆ । ਜੋ ਵਜਾਵੇ ਮੋਹ ਮਮਤਾ ਵਾਲਾ ਮਰਦੰਗ, ਮੋਹ ਮਮਤਾ ਵਾਲੀ ਨਾਲ ਰਖਾਈਆ । ਜਿਸ ਘਰ ਘਰ ਛੇੜਿਆ ਜੰਗ, ਮਨ ਕਾ ਮਨਕਾ ਦਿਤਾ ਭੁਵਾਈਆ । ਦੀਨ ਦੁਨੀ ਨੂੰ ਕੀਤਾ ਤੰਗ, ਤੰਗ ਦਸਤ ਹੋਈ ਲੋਕਾਈਆ । ਜਿਧਰ ਵੇਖੋਂ ਕਲਜੁਗ ਨੇ ਕੀਤੀ ਭੁੱਖ ਨੰਗ, ਭੁੱਖਿਆਂ ਸਕੇ ਨਾ ਕੋਇ ਰਜਾਈਆ । ਅੰਤਰ ਆਤਮ ਮਿਲੇ ਨਾ ਕਿਸੇ ਅਨੰਦ, ਅਨੰਦ ਵਿਚੋਂ ਅਨੰਦ ਨਾ ਕੋਇ ਪਰਗਟਾਈਆ । ਤੂੰ ਮੇਰਾ ਮੈਂ ਤੇਰਾ ਆਤਮਾ ਪਰਮਾਤਮਾ ਗਾਏ ਕੋਈ ਨਾ ਛੰਦ, ਪਾਰਬ੍ਰਹਮ ਬ੍ਰਹਮ ਸੰਗ ਨਾ ਕੋਇ ਰਖਾਈਆ । ਆਤਮ ਸੇਜ ਸੁਹੰਝਣੀ ਦਿਸੇ ਨਾ ਕਿਸੇ ਪਲੰਘ, ਸੱਬਰ ਯਾਰ ਨਾ ਕੋਇ ਹੰਢਾਈਆ । ਸ੍ਰਿਸ਼ਟੀ ਦੀ ਦ੍ਰਿਸ਼ਟੀ ਅੰਤਸ਼ਕਰਨ ਵਿਚ ਹੋਈ ਰੰਡ, ਪਤੀ ਪਤਵੰਤਾ ਹਰਿ ਕੰਤ ਨਜ਼ਰ ਕਿਸੇ ਨਾ ਆਈਆ । ਨਿਗਾਹ ਮਾਰ ਲੈ ਵਿਚ ਨਵਖੰਡ, ਸੱਤਾਂ ਦੀਪਾਂ ਧਿਆਨ ਲਗਾਈਆ । ਜਿਧਰ ਵੇਖੋਂ ਉਧਰ ਸ਼ਰਅ ਦੀ ਪਵੇ ਡੰਡ, ਡੰਡਾਵਤ ਵਿਚ ਪ੍ਰਭ ਨੂੰ ਸੀਸ ਨਾ ਕੋਇ ਨਿਵਾਈਆ । ਦਰੋਹੀ ਮੱਚੀ ਜੇਰਜ ਅੰਡ, ਉਤਭੁਜ ਸੇਤਜ ਰਹੀ ਕੁਰਲਾਈਆ । ਸ੍ਰਿਸ਼ਟੀ ਦੀ ਧਾਰ ਹੋਈ ਭੇਖ ਪਖੰਡ, ਸਤਿ ਸਚ ਵੇਖਣ ਕੋਇ ਨਾ ਪਾਈਆ । ਮੇਰੀ ਇਕੋ ਆਸ਼ਾ ਇਕੋ

ਮੰਗ, ਮਾਂਗਤ ਹੋ ਕੇ ਝੋਲੀ ਡਾਹੀਆ । ਮੇਰੇ ਸਾਹਿਬ ਸੂਰੇ ਸਰਬੰਗ, ਹਰਿ ਕਰਤੇ ਤੇਰੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ ।

ਧਰਨੀ ਕਹੇ ਸੁਣ ਨਾਰਦ ਮੁਨੀ, ਮੁਨੀਸ਼ਰਾਂ ਬਾਹਰ ਜਣਾਈਆ । ਮੇਰੀ ਪੁਕਾਰ ਅਵਤਾਰ ਪੈਗ਼ੰਬਰਾਂ ਗੁਰੂਆਂ ਸੁਣੀ, ਅਣਸੁਣਤ ਨਜ਼ਰ ਕੋਇ ਨਾ ਆਈਆ । ਜੋ ਜੁਗ ਚੌਕੜੀ ਧਰਮ ਦੀ ਧਾਰ ਬਣੇ ਵਡ ਗੁਣੀ, ਗੁਣਵੰਤ ਜਗਤ ਅਖਵਾਈਆ । ਸ਼ਬਦ ਨਾਮ ਦੀ ਜਣਾਈ ਧੁਨੀ, ਧੁਨ ਆਤਮਕ ਰਾਗ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਆਪ ਸਮਝਾਈਆ ।

ਧਰਨੀ ਕਹੇ ਮੇਰੀ ਨੀਂਹ ਰੱਖਣੀ ਨਾਲ ਜਗਤ ਦੀ ਇੱਟ, ਮਾਟੀ ਕੱਚ ਰੰਗ ਰੰਗਾਈਆ । ਪ੍ਰਭੂ ਵਿਚ ਰੱਖੇ ਬਿਨ ਅੱਖਰਾਂ ਦੇ ਚਿਟ, ਚਿੱਟੇ ਉਤੇ ਕਾਲਾ ਰੰਗ ਨਾ ਕੋਇ ਰੰਗਾਈਆ । ਨੀਲੀ ਲਾਲ ਛਾਹੀ ਦੋਵੇਂ ਰਹੀਆਂ ਪਿਟ, ਦਰੋਹੀ ਤੇਰਾ ਨਾਮ ਦੁਹਾਈਆ । ਕਲਮਾਂ ਕਾਨੀਆਂ ਕਹਿਣ ਅਸੀਂ ਕਿਥੇ ਜਾਈਏ ਟਿਕ, ਕਵਣ ਧਾਮ ਮਿਲੇ ਵਡਿਆਈਆ । ਕਿਸ ਦੇ ਉਤੇ ਆਸ਼ਾ ਦਈਏ ਸਿੱਟ, ਸਿਟੇਬਾਜ਼ੀ ਵੇਖੀ ਜਗਤ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪਲੂ ਆਪ ਫੜਾਈਆ ।

ਧਰਨੀ ਕਹੇ ਮੇਰੇ ਵੇਖ ਲੈ ਪਿਛਲੇ ਕਰਮ, ਕਾਂਡਾਂ ਬਾਹਰ ਜਣਾਈਆ । ਜੁਗ ਜੁਗ ਦਾ ਤੱਕ ਲੈ ਧਰਮ, ਨਾਰਦਾ ਬਿਨ ਅੱਖਾਂ ਅੱਖ ਖੁਲਾਈਆ । ਕਲਜੁਗ ਤਕ ਲੈ ਕੀ ਝਗੜਾ ਵਰਨ ਬਰਨ, ਜ਼ਾਤ ਜ਼ਾਤੀ ਕੀ ਚਤੁਰਾਈਆ । ਮੇਰੇ ਨੇਤਰ ਨੈਣਾਂ ਆਵੇ ਸ਼ਰਮ, ਪ੍ਰਭ ਨੂੰ ਭੁੱਲੀ ਸਰਬ ਲੋਕਾਈਆ । ਮੇਰਾ ਲੇਖਾ ਨਾਲ ਉਸ ਕਰਨੀ ਕਰਨ, ਜੋ ਕਰਨੀ ਕਰਤਾ ਧੁਰਦਰਗਾਹੀਆ । ਮੈਂ ਉਸ ਦਾ ਪੱਲੂ ਲੱਗੀ ਫੜਨ, ਬਿਨ ਹੱਥਾਂ ਹੱਥ ਉਠਾਈਆ । ਉਸ ਦੀ ਮੰਜ਼ਲ ਲੱਗੀ ਚੜ੍ਹਨ, ਬਿਨ ਕਦਮਾਂ ਕਦਮ ਟਿਕਾਈਆ । ਉਸੇ ਦਾ ਨਾਮ ਲੱਗੀ ਪੜ੍ਹਨ, ਤੂੰ ਮੇਰਾ ਮੈਂ ਤੇਰਾ ਦੂਜਾ ਨਜ਼ਰ ਕੋਇ ਨਾ ਆਈਆ । ਉਸੇ ਦੇ ਫਰਾਕ ਵਿਚ ਵੈਰਾਗ ਵਿਚ ਲੱਗੀ ਸੜਨ, ਬਿਰਹੁ ਅੰਦਰੋਂ ਰਹੀ ਕੁਰਲਾਈਆ । ਮੇਰੇ ਪ੍ਰਭੂ ਝਗੜਾ ਮੇਟ ਦੇ ਪੰਜ ਤਤ ਧੜਨ, ਸੀਸ ਜਗਦੀਸ ਆਪਣੇ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਗ੍ਰਿਹ ਆਪ ਸੁਹਾਈਆ ।

ਧਰਨੀ ਕਹੇ ਜਨ ਭਗਤੋ ਮੇਰੀ ਇਕ ਬੇਨੰਤੀ, ਖੁਸ਼ੀਆਂ ਵਿਚ ਸੁਣਾਈਆ । ਇਹ ਲੇਖਾ ਨਹੀਂ ਕਿਸੇ ਪੰਡਤੀ, ਅਕਲ ਬੁੱਧੀ ਨਾ ਕੋਇ ਵਡਿਆਈਆ । ਆਸਾ ਨਹੀਂ ਕਿਸੇ ਮਨ ਦੀ, ਤ੍ਰਿਸ਼ਨਾ ਕਲਪਨਾ ਨਾ ਕੋਇ ਰਲਾਈਆ । ਇਹ ਖੇਲ ਅਗੰਮੇ ਚੰਨ ਦੀ, ਜੋ ਨੂਰ ਨੁਰਾਨਾ ਆਦਿ ਜੁਗਾਦੀ ਨੂਰ ਅਲਾਹੀਆ । ਇਹ ਅਵਾਜ਼ ਨਹੀਂ ਕਿਸੇ ਕੰਨ ਦੀ, ਸਰਵਣਾਂ ਬਾਹਰ ਸ਼ਨਵਾਈਆ । ਇਹ ਵਡਿਆਈ ਨਹੀਂ ਕਿਸੇ ਧਨ ਦੀ, ਲੋਭ ਲਾਲਚ ਨਾ ਕੋਇ ਵਡਿਆਈਆ । ਇਕ ਪ੍ਰੀਤੀ ਪ੍ਰੀਤਮ ਹੋਵੇ ਜਨ ਦੀ, ਜਨ ਭਗਤੋ ਮਿਲ ਕੇ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਖੇਲ ਆਪ ਖਿਲਾਈਆ ।

ਧਰਨੀ ਕਹੇ ਜਨ ਭਗਤੋ ਮੇਰਾ ਲੇਖਾ ਪ੍ਰਭੂ ਨਾਲ ਆਦਿ, ਜੁਗ ਚੌਕੜੀ ਰੀਤੀ ਚਲੀ ਆਈਆ ।

ਮੇਰੇ ਉਤੇ ਦੀਨ ਦੁਨੀ ਹੁੰਦੀ ਰਹੀ ਬਰਬਾਦ, ਸਤਿਜੁਗ ਤਰੇਤਾ ਦੁਆਪਰ ਮੇਰੀ ਦਏ ਗੁਵਾਹੀਆ । ਪਿਆਰ ਮੁਹੱਬਤ ਵਿਚ ਹੁੰਦੇ ਰਹੇ ਵਿਸਮਾਦ, ਬਿਸਮਲ ਹੋ ਕੇ ਆਪਣਾ ਖੇਲ ਖਿਲਾਈਆ । ਮੈਂ ਜੁਗ ਜੁਗ ਸੁਣਦੀ ਰਹੀ ਨਾਦ, ਸ਼ਬਦੀ ਧਾਰ ਬਿਨ ਅੱਖਰਾਂ ਅੱਖਰ ਹੁੰਦੀ ਸ਼ਨਵਾਈਆ । ਮੇਰਾ ਲਹਿਣਾ ਦੇਣਾ ਅੰਤ ਕਲਜੁਗ ਸਭ ਤੋਂ ਬਾਦ, ਆਖਰ ਆਖਰ ਦਿਆਂ ਦ੍ਰਿੜਾਈਆ । ਜਿਸ ਕਾਰਨ ਨਾਨਕ ਵਜਾਈ ਰਬਾਬ, ਸਿਤਾਰ ਦੀਨ ਦੁਨੀ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਗ੍ਰਿਹਿ ਇਕ ਵਖਾਈਆ ।

ਧਰਨੀ ਕਹੇ ਜਨ ਭਗਤੋ ਧਰਮ ਦੁਵਾਰਾ ਵਸਣਾ, ਸਤਿਜੁਗ ਮਿਲੇ ਮਾਣ ਵਡਿਆਈਆ । ਦੀਨਾਂ ਮਜ਼੍ਹਬਾਂ ਬਹਿ ਬਹਿ ਹੱਸਣਾ, ਏਕੋ ਖੁਸ਼ੀ ਬਣਾਈਆ । ਨੌ ਖੰਡ ਪ੍ਰਿਥਮੀ ਨੱਸਣਾ, ਭੱਜੇ ਵਾਹੋ ਦਾਹੀਆ । ਨਾਮ ਅੰਮਿਉਂ ਰਸ ਚੱਖਣਾ, ਬਿਨ ਰਸਨਾ ਰਸ ਚਖਾਈਆ । ਤੁਹਾਡੀ ਪਿਆਰ ਮੁਹੱਬਤ ਵਾਲੀ ਦੱਛਣਾ, ਪ੍ਰਭ ਲੇਖੇ ਲਏ ਲਗਾਈਆ । ਸਚ ਪ੍ਰੇਮ ਵਿਚੋਂ ਕੋਈ ਰਹੇ ਨਾ ਸੱਖਣਾ, ਕਾਇਆ ਚੋਲੀ ਦਏ ਰੰਗਾਈਆ । ਲਹਿਣਾ ਦੇਣਾ ਹੱਥੋ ਹੱਥਣਾ, ਅੱਗੇ ਹੁਦਾਰ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਭੇਵ ਆਪ ਚੁਕਾਈਆ ।

ਧਰਨੀ ਕਹੇ ਜਨ ਭਗਤੋ ਮੇਰੇ ਪ੍ਰੇਮ ਦਾ ਸਾਚਾ ਦਰਸ, ਨੈਣ ਦੀਦ ਖੁਸ਼ੀ ਬਣਾਈਆ । ਮੇਰੀ ਪੂਰੀ ਹੋਈ ਹਰਸ, ਹਵਸ ਦਿਤੀ ਮਿਟਾਈਆ । ਨਿਰਗੁਣ ਧਾਰ ਕੀਤਾ ਤਰਸ, ਜੋਤ ਨੂਰ ਨੂਰ ਰੁਸ਼ਨਾਈਆ । ਮੇਰਾ ਸੁਹੰਝਣਾ ਹੋਇਆ ਫ਼ਰਸ਼, ਮਿਟੀ ਖਾਕ ਖੁਸ਼ੀ ਬਣਾਈਆ । ਅੰਬਰਾਂ ਤੋਂ ਵੇਖਣ ਅਵਤਾਰ ਪੈਗ਼ੰਬਰ ਗੁਰੂ ਗੁਰਦੇਵ ਨਾਲ ਅਰਸ਼, ਅਰਸ਼ੀ ਪ੍ਰੀਤਮ ਸੋਭਾ ਪਾਈਆ । ਨਾ ਸੋਗ ਰਿਹਾ ਨਾ ਹਰਖ, ਚਿੰਤਾ ਗ਼ਮ ਨਾ ਕੋਇ ਜਣਾਈਆ । ਇਸ ਭਗਤ ਦੁਵਾਰ ਤੇ ਸਾਰੀ ਸ੍ਰਿਸ਼ਟੀ ਦੀ ਹੋਣੀ ਪਰਖ, ਪਰਖਣਹਾਰਾ ਇਕੋ ਧੁਰ ਦਾ ਮਾਹੀਆ । ਇਹਦਾ ਲੇਖਾ ਸਤਿਜੁਗ ਧਾਰ ਦੀ ਸਤਿਜੁਗ ਵਾਲੀ ਬਰਖ, ਬਰਸ ਆਪਣੀ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪਰਦਾ ਆਪ ਚੁਕਾਈਆ ।

ਧਰਨੀ ਕਹੇ ਮੇਰੇ ਉਤੇ ਸੋਭਦੀ ਪਰਾਂਦੀ ਲਾਲ, ਲਾੜੀ ਮੌਤ ਖੁਸ਼ੀ ਬਣਾਈਆ । ਨਾਰੀਅਲ ਕਹਿਣ ਅਸੀਂ ਵੀ ਬਣਨਾ ਵਿਚ ਦਲਾਲ, ਵਿਚੋਲੇ ਜਗਤ ਜਗਤ ਜਣਾਈਆ । ਕੂੜ ਕੁੜਿਆਰਾਂ ਕਰਨੀ ਭਾਲ, ਖੋਜਣਾ ਥਾਉਂ ਥਾਈਆ । ਸਾਡਾ ਲੇਖਾ ਨਹੀਂ ਸ਼ਾਹ ਕੰਗਾਲ, ਊਚਾਂ ਨੀਚਾਂ ਵੰਡ ਨਾ ਕੋਇ ਵੰਡਾਈਆ । ਸਾਡੀ ਇਕ ਬੇਨੰਤੀ ਤੇ ਇਕ ਸੁਵਾਲ, ਦੂਜੀ ਆਸ ਨਾ ਕੋਇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸਚ ਸਚ ਪਰਗਟਾਈਆ ।

ਧਰਨੀ ਕਹੇ ਮੇਰਾ ਅੰਤ ਅਖੀਰੀ ਸੰਦੇਸ਼, ਸੰਧਿਆ ਸਰਘੀ ਬਾਹਰ ਜਣਾਈਆ । ਜਨ ਭਗਤੋ ਤੁਹਾਡੀ ਭਗਤੀ ਰਹੇ ਹਮੇਸ਼, ਭਗਵਨ ਦੇਵੇ ਮਾਣ ਵਡਿਆਈਆ । ਤੁਹਾਡਾ ਲੇਖਾ ਤੱਕੇ ਬਾਸ਼ਕ ਸੁਹੰਝਣਾ ਸ਼ੇਸ਼, ਵਿਸ਼ਨੂੰ ਰੰਗ ਰੰਗਾਈਆ । ਬ੍ਰਹਮਾ ਦਏ ਆਦੇਸ਼, ਸੁਖਨ ਸੋਹਲੇ ਆਪ ਜਣਾਈਆ । ਸ਼ੰਕਰ ਹੋਵੇ ਪੇਸ਼, ਧਰਮ ਧਾਰ ਦ੍ਰਿੜਾਈਆ । ਅਵਾਜ਼ ਦੇਵੇ ਆਪ ਗਣੇਸ਼, ਗਣਪਤ ਕੀ ਸੁਣਾਈਆ । ਤੇਈ ਅਵਤਾਰ ਕਹਿਣ ਜਗਤ ਬੁੱਧੀ ਨਾ ਰਹੇ ਮਲੇਸ਼, ਕੂੜੀ ਕਿਰਿਆ ਡੇਰਾ ਢਾਹੀਆ । ਪੈਗ਼ੰਬਰ ਕਹਿਣ ਝਗੜਾ ਮਿਟੇ ਮੁਲਾ ਸ਼ੇਖ, ਮੁਸਾਇਕਾਂ ਰੰਗ ਰੰਗਾਈਆ । ਜੋ ਸੰਦੇਸ਼ ਦਿਤਾ ਨਾਨਕ ਨਿਰਗੁਣ ਗੋਬਿੰਦ ਦਸ ਦਸਮੇਸ਼, ਦੀਨ ਮਜ਼੍ਹਬ ਵੰਡ ਨਾ ਕੋਇ ਵੰਡਾਈਆ । ਸਭ ਦਾ ਪਰਮਾਤਮ ਆਤਮ ਧਾਰ ਏਕ, ਦੂਜਾ ਨਜ਼ਰ ਕੋਇ ਨਾ ਆਈਆ । ਜਨ ਭਗਤੋ

ਭਗਤਾਂ ਦੀ ਸਾਹਿਬ ਉਤੇ ਟੇਕ, ਟਿੱਕੇ ਮਸਤਕ ਧੂੜੀ ਖਾਕ ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਖੁਲ੍ਹਾਈਆ ।

ਧਰਨੀ ਕਹੇ ਜਨ ਭਗਤੋ ਖੁਸ਼ੀਆਂ ਨਾਲ ਪਰਸ਼ਾਦ ਵੰਡਣਾ, ਮੇਰੀ ਖੁਸ਼ੀ ਬਣਾਈਆ । ਨਾਤਾ ਸਭ ਦੇ ਨਾਲ ਗੰਢਣਾ, ਮੁਹੱਬਤ ਮੁਹੱਬਤ ਵਿਚ ਰਖਾਈਆ । ਪੱਲੂ ਸਤਿਗੁਰ ਸ਼ਬਦ ਕਦੇ ਨਾ ਛੱਡਣਾ, ਨਾਤਾ ਤੁੱਟੇ ਜਗਤ ਲੋਕਾਈਆ । ਤੁਹਾਡਾ ਲੇਖੇ ਲੱਗੇ ਨਾੜੀ ਮਾਸ ਹੱਡਣਾ, ਬੂੰਦ ਰਕਤ ਆਪਣਾ ਰੰਗ ਰੰਗਾਈਆ । ਭਰਮ ਭੁਲੇਖਾ ਦੂਈ ਦਵੈਤ ਵਾਲਾ ਕੱਢਣਾ, ਸ਼ਰਅ ਸ਼ਰੀਅਤ ਦੇਣੀ ਤਜਾਈਆ । ਤੁਸੀਂ ਇਕੋ ਪਰਮ ਪੁਰਖ ਦੀ ਯਦਣਾ, ਖੇਲ ਤੱਕਣਾ ਆਤਮ ਪਰਮਾਤਮ ਥਾਉਂ ਥਾਈਆ । ਮੇਰੀ ਧਰਮ ਧਾਰ ਹੱਦਣਾ, ਹਦ ਹਦੂਦ ਇਕ ਰਖਾਈਆ । ਸਚ ਪਰਕਾਸ਼ ਦਾ ਦੀਪਕ ਜਗਣਾ, ਜਾਗਰਤ ਜੋਤ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਸੂਰਾ ਸਰਬੰਗਣਾ, ਸੂਰਬੀਰ ਨੂਰੀ ਨੂਰ ਇਕ ਅਖਵਾਈਆ ।

✪ ✪ ✪ ✪ ✪
✪ ✪ ✪ ✪ ✪

✪ ੯ ਮਾਘ ਸ਼ਹਿਨਸ਼ਾਹੀ ਸੰਮਤ ਦਸ ਹਰਿ ਭਗਤ ਦੁਵਾਰ ਧੀਰਪੁਰ ਕਿੰਗਜ਼ਵੇ ਕੈਂਪ ਦਿਲੀ-੯ ਰਾਤ ਦੇ ਸਮੇਂ ✪

ਨੌਂ ਮਾਘ ਕਹੇ ਮੇਰੀ ਨਮੋ ਨਮੋ ਨਿਮਸਕਾਰਾ, ਡੰਡਾਵਤ ਬੰਦਨਾ ਸੱਯਦਿਆਂ ਵਿਚ ਸੀਸ ਝੁਕਾਈਆ । ਬਿਨ ਰਸਨਾ ਜਿਹਵਾ ਸ਼ਬਦੀ ਧਾਰ ਬੋਲ ਜੈਕਾਰਾ, ਢੋਲਾ ਸੋਹਲਾ ਇਕੋ ਇਕ ਸੁਣਾਈਆ । ਨਿਰਗੁਣ ਸਰਗੁਣ ਵੇਖਾਂ ਖੇਲ ਅਪਾਰਾ, ਜੋ ਅਪਰੰਪਰ ਸੁਵਾਮੀ ਵੇਖ ਵਖਾਈਆ । ਸ਼ਾਹੋ ਭੂਪ ਵੇਖਾਂ ਸਿਕਦਾਰਾ, ਸ਼ਹਿਨਸ਼ਾਹ ਨੂਰ ਅਲਾਹੀਆ । ਜਿਸ ਦਾ ਖੇਲ ਸਦਾ ਜੁਗ ਚਾਰਾ, ਸਤਿਜੁਗ ਤਰੇਤਾ ਦੁਆਪਰ ਕਲਜੁਗ ਵੰਡ ਵੰਡਾਈਆ । ਉਹ ਜੋਤੀ ਜਾਤਾ ਪੁਰਖ ਬਿਧਾਤਾ ਦੇਵਣਹਾਰ ਸਹਾਰਾ, ਸਿਰ ਸਿਰ ਹੱਥ ਟਿਕਾਈਆ । ਜਿਸ ਦਾ ਲਹਿਣਾ ਦੇਣਾ ਨਾਲ ਜਮਨ ਕਿਨਾਰਾ, ਘਾਟ ਕੰਢਾ ਖੋਜ ਖੁਜਾਈਆ । ਜਿਸ ਦੀ ਆਸ਼ਾ ਰੱਖ ਕੇ ਗਿਆ ਕ੍ਰਿਸ਼ਨ ਮੁਰਾਰਾ, ਮੋਹਣ ਮਾਧਵ ਆਪਣਾ ਭੇਵ ਚੁਕਾਈਆ । ਜਿਸ ਪੈਗ਼ੰਬਰਾਂ ਨੂਰ ਕੀਤਾ ਜ਼ਾਹਰਾ, ਜ਼ਾਹਰ ਜ਼ਹੂਰ ਡਗਮਗਾਈਆ । ਜਿਸ ਸਤਿ ਧਰਮ ਚਲਾਇਆ ਨਾਅਰਾ, ਗੁਰੂ ਗੁਰਦੇਵ ਦੇਵ ਦ੍ਰਿੜਾਈਆ । ਸੋ ਪਾਰਬ੍ਰਹਮ ਪਤਿਪਰਮੇਸ਼ਵਰ ਆਦਿ ਜੁਗਾਦੀ ਪਰਵਰਦਿਗਾਰਾ, ਸਾਂਝਾ ਯਾਰ ਨੂਰ ਅਲਾਹੀਆ । ਜਿਸ ਲਹਿਣਾ ਦੇਣਾ ਪੂਰਬ ਕਰਜ਼ ਦੇਣਾ ਉਤਾਰਾ, ਮਕਰੂਜ਼ ਆਪਣਾ ਲੇਖ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ ।

ਨੌਂ ਮਾਘ ਕਹੇ ਮੈਂ ਖੁਸ਼ੀਆਂ ਦੇ ਵਿਚ ਹੱਸਾਂ, ਮੁਸਕਰਾਹਟ ਨਜ਼ਰ ਕਿਸੇ ਨਾ ਆਈਆ । ਮੈਂ ਗੁਰ ਅਵਤਾਰ ਪੈਗ਼ੰਬਰਾਂ ਦੱਸਾਂ, ਬਿਨ ਢੋਲੇ ਸੋਹਲੇ ਰਾਗ ਦ੍ਰਿੜਾਈਆ । ਬਿਨ ਕਦਮਾਂ ਜਗਤ ਜਹਾਨ ਨੱਸਾਂ, ਨਵ ਸਤ ਭੱਜਾਂ ਵਾਹੋ ਦਾਹੀਆ । ਬਿਨ ਨੇਤਰਾਂ ਵੇਖਾਂ ਰੈਣ ਅੰਧੇਰੀ ਮੱਸਾ, ਸਾਚਾ ਚੰਦ ਨਾ ਕੋਇ ਚਮਕਾਈਆ । ਅੰਮ੍ਰਿਤ ਧਾਰ ਮਿਲੇ ਕਿਸੇ ਨਾ ਰਸਾ, ਰਸਨਾ ਜਿਹਵਾ ਦੀਨ ਦੁਨੀ ਨਾ ਕੋਇ ਹਲਕਾਈਆ । ਕਿਸੇ ਨਜ਼ਰ ਨਾ ਆਵੇ ਹੋੜਾ ਉਪਰ, ਸੱਸਾ, ਹਾਹੇ ਟਿਪੀ ਹੰ ਬ੍ਰਹਮ ਭੇਵ ਨਾ ਕੋਇ ਚੁਕਾਈਆ । ਪ੍ਰਭੂ ਅੰਤਰ ਨਿਰੰਤਰ ਦਿਸੇ ਕਿਸੇ ਨਾ ਵਸਾ, ਵਾਸਤਵਕ ਰੰਗ ਸਾਚਾ ਨਾ ਕੋਇ ਚੜ੍ਹਾਈਆ । ਸਚ ਪ੍ਰੇਮ ਦਾ ਕਰੇ ਕੋਈ ਨਾ ਜਸਾ,

ਸਿਫ਼ਤੀ ਸਿਫ਼ਤ ਸਿਫ਼ਤ ਸਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਸੰਗ ਆਪ ਬਣਾਈਆ ।

ਨੌਂ ਮਾਘ ਕਹੇ ਮੇਰਾ ਖੁਸ਼ੀਆਂ ਵਾਲਾ ਵਕਤ, ਪ੍ਰਭ ਦੇਵੇ ਮਾਣ ਵਡਿਆਈਆ । ਮੈਂ ਪ੍ਰਸਿੱਧ ਹੋਵਾਂ ਵਿਚ ਜਗਤ, ਦੀਨ ਦੁਨੀ ਨਾਲ ਮਿਲ ਕੇ ਵੱਜੇ ਵਧਾਈਆ । ਮੇਰੇ ਸਾਹਿਬ ਸੁਵਾਮੀ ਮਾਣ ਦੇਣਾ ਆਪਣੇ ਭਗਤ, ਭਗਵਨ ਆਪਣੇ ਰੰਗ ਰੰਗਾਈਆ । ਆਤਮ ਧਾਰ ਬਖ਼ਸ਼ਣੀ ਸ਼ਕਤ, ਜੋਤੀ ਜਾਤਾ ਡਗਮਗਾਈਆ । ਲੇਖੇ ਲਾਉਣਾ ਬੂੰਦ ਰਕਤ, ਹੱਡ ਮਾਸ ਨਾੜੀ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਧੁਰ ਦਾ ਪਰਦਾ ਆਪ ਉਠਾਈਆ ।

ਨਵ ਮਾਘ ਕਹੇ ਮੇਰਾ ਲੇਖਾ ਨਾਲ ਅਮਾਮ, ਜੋ ਅਮਲਾਂ ਤੋਂ ਰਹਿਤ ਨੂਰ ਅਲਾਹੀਆ । ਜਿਸ ਦੀ ਵੱਖਰੀ ਸਦਾ ਕਲਾਮ, ਕਲਮਿਆਂ ਬਾਹਰ ਪੜ੍ਹਾਈਆ । ਉਹ ਦੇਵਣਹਾਰਾ ਪੈਗ਼ਾਮ, ਬਿਨ ਅੱਖਰਾਂ ਅੱਖਰ ਸ਼ਨਵਾਈਆ । ਸੋ ਪੂਰਾ ਕਰੇ ਆਪਣਾ ਕਾਮ, ਕਾਮਨਾ ਜਗਤ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਟਣਹਾਰਾ ਅੰਧੇਰੀ ਸ਼ਾਮ, ਸ਼ਮਾ ਨੂਰ ਜੋਤ ਕਰੇ ਰੁਸ਼ਨਾਈਆ ।

ਨਵ ਮਾਘ ਕਹੇ ਮੈਂ ਖੁਸ਼ੀਆਂ ਦੇ ਵਿਚ ਝੁਕਦਾ, ਬਿਨ ਸੀਸ ਸੀਸ ਜਗਦੀਸ ਨਿਵਾਈਆ । ਜਿਸ ਭੇਵ ਖੁਲ੍ਹਾਉਣਾ ਇਕ ਤੁਕ ਦਾ, ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਪੜਦਾ ਦਏ ਉਠਾਈਆ । ਭਗਤਾਂ ਕੋਲੋਂ ਕਦੇ ਨਾ ਹੋਵੇ ਲੁਕਦਾ, ਸਨਮੁਖ ਹੋ ਕੇ ਸੋਭਾ ਪਾਈਆ । ਨਾਤਾ ਜੋੜੇ ਪਿਤਾ ਪੁੱਤ ਦਾ, ਪੂਤ ਸਪੂਤੇ ਗੋਦ ਉਠਾਈਆ । ਜਿਸ ਦਾ ਵਕਤ ਸੁਹੰਞਣਾ ਹੋਣਾ ਆਪਣੀ ਰੁੱਤ ਦਾ, ਰੁਤੜੀ ਭਗਤਾਂ ਨਾਲ ਮਹਿਕਾਈਆ । ਮੈਂ ਚਾਕਰ ਉਸ ਅਬਿਨਾਸ਼ੀ ਅਚੁੱਤ ਦਾ, ਜੋ ਪਾਰਬ੍ਰਹਮ ਪਤਿਪਰਮੇਸ਼ਵਰ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਦਾ ਮਾਲਕ ਹੋਏ ਸਹਾਈਆ ।

ਨਵ ਮਾਘ ਕਹੇ ਮੇਰਾ ਝੁਕੇ ਇਕੋ ਸੀਸ, ਜਗ ਨੇਤਰ ਨਜ਼ਰ ਕੋਇ ਨਾ ਆਈਆ । ਮੇਰਾ ਮਾਲਕ ਇਕ ਜਗਦੀਸ਼, ਜਗਦੀਸ਼ਰ ਨੂਰ ਅਲਾਹੀਆ । ਜਿਸ ਦਾ ਪੀਸਣ ਰਿਹਾ ਪੀਸ, ਕਲਜੁਗ ਚੱਕੀ ਕੂੜ ਚਲਾਈਆ । ਉਹ ਵੇਖਣਹਾਰਾ ਕਲਮੇ ਨਾਮ ਹਦੀਸ, ਹਜ਼ਰਤਾਂ ਦੀ ਧਾਰ ਖੋਜ ਖੁਜਾਈਆ । ਜਿਸ ਨੂੰ ਕਿਹਾ ਬੀਸ ਇਕੀਸ, ਵੀਹ ਇਕੀਹ ਗੁਰਦਾਸ ਨਾਲ ਵਡਿਆਈਆ । ਜੋ ਲੇਖਾ ਜਾਣੇ ਰਾਗ ਛਤੀਸ, ਬਤੀਸਾ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਮਾਲਕ ਆਪਣਾ ਰੰਗ ਰੰਗਾਈਆ ।

ਨਵ ਮਾਘ ਕਹੇ ਮੇਰਾ ਖੁਸ਼ੀਆਂ ਵਾਲਾ ਮਹੀਨਾ, ਪ੍ਰਭ ਦੇਵੇ ਮਾਣ ਵਡਿਆਈਆ । ਜਨ ਭਗਤਾਂ ਠਾਂਢਾ ਹੋਵੇ ਸੀਨਾ, ਅਗਨੀ ਤਤ ਨਾ ਕੋਇ ਬੁਝਾਈਆ । ਕਿਉਂ ਪ੍ਰਭੁ ਪ੍ਰੇਮ ਪਿਆਰ ਵਿਚ ਜਿਸ ਨੇ ਜੀਣਾ, ਜਨ ਰਸਨਾ ਸਿਫਤ ਸਲਾਹੀਆ । ਉਹ ਲੇਖ ਚੁਕਾਏ ਲੋਕ ਤੀਨਾ, ਤ੍ਰੈਗੁਣ ਦਾ ਡੇਰਾ ਢਾਹੀਆ । ਨਾਮ ਰੰਗ ਚੜ੍ਹਾਏ ਭੀਨਾ, ਭਿੰਨੜੀ ਰੈਣ ਨਾਲ ਮਿਲਾਈਆ । ਲੇਖੇ ਲਾਵੇ ਜਨ ਭਗਤਾਂ ਜਗਤ ਜੁਗਤ ਦਾ ਜੀਣਾ, ਜਿੰਦਗੀ ਆਪਣੇ ਕਦਮ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਪਰਦਾ ਆਪ ਉਠਾਈਆ ।

ਨਵ ਮਾਘ ਕਹੇ ਮੇਰਾ ਵਕਤ ਸੁਹੰਞਣਾ ਆਇਆ, ਪ੍ਰਭ ਦੇਵੇ ਮਾਣ ਵਡਿਆਈਆ । ਮੈਂ ਨਿਵ

ਨਿਵ ਸੀਸ ਝੁਕਾਇਆ, ਬਿਨ ਕਦਮਾਂ ਲਾਗਾ ਪਾਈਆ । ਬਿਨ ਰਸਨਾ ਜਿਹਵਾ ਗਾਇਆ, ਬਿਨ ਸਿਫ਼ਤੀ ਸਿਫ਼ਤ ਸਲਾਹੀਆ । ਤੂੰ ਸ਼ਾਹੋ ਭੂਪ ਬੇਪਰਵਾਹਿਆ, ਪਾਰਬ੍ਰਹਮ ਤੇਰੀ ਵਡਿਆਈਆ । ਜਿਸ ਭਗਤਾਂ ਭਾਗ ਲਗਾਇਆ, ਕਾਇਆ ਮਾਟੀ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿ ਸਚ ਤੇਰੀ ਵਡਿਆਈਆ ।

ਨਵ ਮਾਘ ਕਹੇ ਮੈਂ ਖ਼ੁਸ਼ੀਆਂ ਦੇ ਵਿਚ ਨੱਚਦਾ, ਟੱਪਾਂ ਕੁੱਦਾਂ ਚਾਈ ਚਾਈਆ । ਮੈਂ ਬਚਨ ਦੱਸਾਂ ਸਚ ਦਾ, ਸਚ ਸਚ ਸਮਝਾਈਆ । ਜਨ ਭਗਤੋ ਕਾਇਆ ਮਾਟੀ ਭਾਂਡਾ ਕੱਚ ਦਾ, ਅੰਤ ਰਹਿਣ ਕੋਇ ਨਾ ਪਾਈਆ । ਆਤਮਾ ਪਿਆਰਾ ਕਰੇ ਪਰਮੇਸ਼ਵਰ ਪਤਿ ਦਾ, ਬ੍ਰਹਮ ਮੇਲਾ ਮੇਲਣਾ ਸਹਿਜ ਸੁਭਾਈਆ । ਤੁਹਾਡਾ ਲੇਖਾ ਮੁੱਕੇ ਹੱਡ ਮਾਸ ਨਾੜੀ ਰੱਤ ਦਾ, ਰਤਨ ਅਮੋਲਕ ਹੀਰੇ ਲਏ ਬਣਾਈਆ । ਮਾਰਗ ਦੱਸੇ ਇਕੋ ਸਤਿ ਦਾ, ਸਤਿ ਸਤਿਵਾਦੀ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ ।

ਨਵ ਮਾਘ ਕਹੇ ਮੇਰਾ ਵਕਤ ਸੁਹੰਵਣਾ, ਪ੍ਰਭ ਦੇਵੇ ਮਾਣ ਵਡਿਆਈਆ । ਮੈਂ ਧੂੜੀ ਕਰਾਂ ਮਜ਼ਨਾ, ਦੁਰਮਤ ਮੈਲ ਧੁਵਾਈਆ । ਘਰ ਸੁਵਾਮੀ ਮਿਲੇ ਸੱਜਣਾ, ਖੋਜਣ ਦੀ ਲੋੜ ਰਹੇ ਨਾ ਰਾਈਆ । ਜਿਸ ਦਾ ਨਾਮ ਨਗਾਰਾ ਡੰਕਾ ਵੱਜਣਾ, ਦੋ ਜਹਾਨ ਕਰੇ ਸ਼ਨਵਾਈਆ । ਮੈਂ ਉਸ ਨੂੰ ਕਰਾਂ ਬੰਦਨਾ, ਨਿਵ ਨਿਵ ਲਾਗਾ ਪਾਈਆ । ਜੋ ਗ਼ਮੀ ਮੇਟੇ ਰੰਜਣਾ, ਰੰਜ਼ਸ਼ ਅੰਦਰੋਂ ਬਾਹਰ ਕਢਾਈਆ । ਜੋ ਝਗੜਾ ਮੁਕਾਏ ਤਤ ਪੰਜਣਾ, ਪੰਚਮ ਦੇਵੇ ਮਾਣ ਵਡਿਆਈਆ । ਜਿਸ ਨੂੰ ਕਹਿੰਦੇ ਦਰਦ ਦੁੱਖ ਭੈ ਭੰਜਣਾ, ਭਵ ਸਾਗਰ ਪਾਰ ਕਰਾਈਆ । ਉਹ ਲੇਖਾ ਜਾਣੇ ਆਹਲਾ ਅਦਨਾ, ਸ਼ਾਹ ਸੁਲਤਾਨਾਂ ਖੋਜ ਖੁਜਾਈਆ । ਜੋ ਸ਼ਰਅ ਦੀ ਮੇਟੇ ਹਦਨਾ, ਹਦੂਦ ਇਕੋ ਇਕ ਰਖਾਈਆ । ਜੋ ਮਾਲਕ ਸੂਰਾ ਸਰਬੰਗਣਾ, ਸਚ ਸੁਵਾਮੀ ਨੂਰ ਅਲਾਹੀਆ । ਜਿਸ ਦਾ ਦੀਪਕ ਜੋਤੀ ਜਗਣਾ, ਦੋ ਜਹਾਨਾ ਡਗਮਗਾਈਆ । ਉਹ ਝਗੜਾ ਮੇਟੇ ਕਾਇਆ ਮਾਟੀ ਬਦਨਾ, ਤਨ ਵਜੂਦਾਂ ਪੰਧ ਮੁਕਾਈਆ । ਜਨ ਭਗਤਾਂ ਕਰੇ ਕਾਰ ਅੰਗਣਾ, ਅੰਗੀਕਾਰ ਆਪ ਹੋ ਜਾਈਆ । ਸਚ ਪ੍ਰੇਮ ਦੀ ਚਾੜ੍ਹੇ ਰੰਗਣਾ, ਨਿਰਗੁਣ ਦੇਵੇ ਮਾਣ ਵਡਿਆਈਆ । ਮਾਨਸ ਜਨਮ ਨਾ ਹੋਵੇ ਭੰਗਣਾ, ਜੋ ਚਲ ਆਏ ਸਰਨਾਈਆ । ਸਤਿਗੁਰ ਚੁੱਕੇ ਆਪਣੇ ਕੰਧਣਾ, ਸ਼ੌਹ ਦਰਿਆ ਨਾ ਕੋਇ ਰੁੜ੍ਹਾਈਆ । ਨਾਮ ਮੁਹਾਣਾ ਦੇਵੇ ਵੰਞਣਾ, ਬੇੜਾ ਇਕੋ ਇਕ ਵਖਾਈਆ । ਜਿਸ ਦੀ ਜਗਤ ਹੋਵੇ ਨਾ ਵੰਡਣਾ, ਹਿੱਸਾ ਦੀਨ ਦੁਨੀ ਨਾ ਪਾਈਆ । ਉਹ ਪੰਧ ਮੁਕਾਏ ਧਰਨੀ ਧਰਤ ਧਵਲ ਧੌਲ ਬ੍ਰਹਿਮੰਡਣਾ, ਪਾਰਬ੍ਰਹਮ ਪ੍ਰਭ ਆਪਣਾ ਸੰਗ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਸੁਵਾਮੀ ਬੇਪਰਵਾਹੀਆ ।

ਨਵ ਮਾਘ ਕਹੇ ਪ੍ਰਭੂ ਮੇਰੀ ਇਕ ਅਰਜ਼ੋਈ, ਆਰਜ਼ੂ ਤੇਰੇ ਚਰਨ ਟਿਕਾਈਆ । ਜਨ ਭਗਤਾਂ ਮਿਲੇ ਕਿਤੇ ਨਾ ਢੋਈ, ਸਿਰ ਸਿਰ ਹੱਥ ਨਾ ਕੋਇ ਟਿਕਾਈਆ । ਨਵ ਸਤ ਪਈ ਦਰੋਹੀ, ਹਾਹਾਕਾਰ ਵਿਚ ਲੋਕਾਈਆ । ਕਲਜੁਗ ਸ੍ਰਿਸ਼ਟੀ ਦ੍ਰਿਸ਼ਟੀ ਅੰਦਰੋਂ ਮੋਹੀ, ਮੁਹੱਬਤ ਸਚ ਨਾਮ ਤੁੜਾਈਆ । ਕੀ ਹੋਇਆ ਜੇ ਤੇਰਾ ਭਗਤ ਕੋਈ ਕੋਈ, ਕੋਟਾਂ ਵਿਚੋਂ ਵਿਰਲਾ ਨਜ਼ਰੀ ਆਈਆ । ਨਿਝਰ ਧਾਰ ਬੂੰਦ ਸੁਵਾਂਤੀ ਕਵਲ ਨਾਭੀ ਵਿਚੋਂ ਚੋਈ, ਬਿਨ ਰਸਨਾ ਰਸ ਚਖਾਈਆ । ਉਨ੍ਹਾਂ ਸੁਰਤ ਉਠਾਈ ਸੋਈ, ਸੁੱਤਿਆਂ ਲਿਆ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਮੰਗ ਮੰਗਾਈਆ ।

ਨਵ ਮਾਘ ਕਹੇ ਮੈਂ ਨਿਮਸਕਾਰ ਕਰਾਂ ਡੰਡਾਵਤ, ਸਾਹਿਬ ਸਤਿਗੁਰ ਸੀਸ ਨਿਵਾਈਆ । ਮੇਰੇ ਪਰਮ

ਪੁਰਖ ਦੀਨ ਦੁਨੀ ਦੀ ਤੱਕ ਅਦਾਵਤ, ਚਾਰੋ ਕੁੰਟ ਧਿਆਨ ਲਗਾਈਆ । ਸ਼ਰਅ ਦੀ ਸ਼ਰਅ ਤੋਂ ਹੋਈ ਬਗਾਵਤ, ਬਗਲਗੀਰ ਰਹਿਣ ਕੋਇ ਨਾ ਪਾਈਆ । ਤੂੰ ਮਾਲਕ ਸਹੀ ਸਲਾਮਤ, ਵਾਹਿਦ ਮੁਰਸ਼ਦ ਨੂਰ ਅਲਾਹੀਆ । ਕਿਸ ਬਿਧ ਦੀਨ ਦੁਨੀ ਦੇ ਉਤੇ ਆਉਣੀ ਕਿਆਮਤ, ਕਲਮਿਆਂ ਦਿਆ ਮਾਲਕਾ ਦੇਣਾ ਸਮਝਾਈਆ । ਕਿਸ ਬਿਧ ਮੇਟੇ ਅੰਧੇਰੀ ਸ਼ਾਮਤ, ਸ਼ਮਾ ਨੂਰ ਜੋਤ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਨਾਮ ਦੀ ਦੇ ਨਿਆਮਤ, ਵਸਤ ਅਤੋਲ ਅਤੁਲ ਆਪ ਵਰਤਾਈਆ ।

✪ ✪ ✪ ✪ ✪
✪ ✪ ✪ ✪ ✪

### ✪ ੧੪ ਮਾਘ ਸ਼ਹਿਨਸ਼ਾਹੀ ਸੰਮਤ ਦਸ ਹਰਿ ਭਗਤ ਦੁਵਾਰ ਦਿੱਲੀ ✪

ਉਨੀਂ ਸੌ ਪੰਝੱਤਰ ਜਨਵਰੀ ਕਹੇ ਮੇਰਾ ਦਿਵਸ ਸਤਾਈ, ਦੋ ਸਤ ਆਤਮ ਪਰਮਾਤਮ ਨਿਰਗੁਣ ਸਰਗੁਣ ਧਾਰ ਮਿਲ ਕੇ ਵੱਜੇ ਵਧਾਈਆ । ਆਦਿ ਜੁਗਾਦਿ ਜੁਗ ਚੌਕੜੀ ਸਤਿਜੁਗ ਤਰੇਤਾ ਦੁਆਪਰ ਕਲਜੁਗ ਦੀਨ ਦੁਨੀ ਸਤਿ ਧਰਮ ਦੇ ਹਰਿਜਨ ਸਾਚੇ ਰਾਹੀ, ਰਹਿਬਰ ਮਾਲਕ ਖਾਲਕ ਇਕੋ ਨੂਰ ਅਲਾਹੀਆ । ਜਿਸ ਦਾ ਸੰਦੇਸ਼ਾ ਦੇ ਕੇ ਗਏ ਚਾਈਂ ਚਾਈਂ, ਰਾਮਾ ਕ੍ਰਿਸ਼ਨਾ ਰਮਾਇਣ ਗੀਤਾ ਗੰਢ ਪੁਵਾਈਆ । ਹਜ਼ਰਤ ਮੂਸਾ ਈਸਾ ਮੁਹੰਮਦ ਜਿਸ ਨੂਰ ਅਲ੍ਹਾ ਦੀ ਦਿਤੀ ਦੁਹਾਈ, ਮਬੀਉਲ ਜ਼ਮਾ ਜ਼ੁਕਸਤੇ ਨਜ਼ੂਆ ਨੂਰੇ ਖੁਦਾ ਮਹਿਬਾਨ ਬੀਦੋ ਬੇਪਰਵਾਹੀਆ । ਗੁਰੂਆਂ ਜਿਸ ਦਾ ਸੰਦੇਸ਼ਾ ਦਿਤਾ ਸੋ ਪੁਰਖ ਅਕਾਲਾ ਲੱਖ ਚੁਰਾਸੀ ਸਰਬ ਮਲਾਹੀ, ਨਵ ਸਤ ਬ੍ਰਹਿਮੰਡ ਖੰਡ ਪੁਰੀ ਲੋਅ ਅਕਾਸ਼ ਪਤਾਲ ਗਗਨ ਗਗਨੰਤਰ ਜ਼ਿਮੀ ਅਸਮਾਨ ਨੌਜੁਵਾਨ ਸ੍ਰੀ ਭਗਵਾਨ ਆਪਣਾ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਸੰਗ ਆਪ ਬਣਾਈਆ ।

ਸਤਾਈ ਜਨਵਰੀ ਕਹੇ ਮੇਰੀ ਨਮੋ ਨਮੋ ਨਿਮਸਕਾਰ, ਡੰਡਾਵਤ ਬੰਦਨਾ ਸੱਯਦਿਆਂ ਵਿਚ ਸੀਸ ਝੁਕਾਈਆ । ਜੋ ਪਰਮ ਪੁਰਖ ਪਰਮਾਤਮ ਮੇਲਾ ਮੇਲੇ ਵਿਚ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਵਿਸ਼ਨ ਬ੍ਰਹਮਾ ਸ਼ਿਵ ਜਿਸ ਦੀ ਦੇਣ ਗੁਵਾਹੀਆ । ਚਾਰ ਜੁਗ ਦੇ ਸਾਸਤਰ ਕਰਨ ਪੁਕਾਰ, ਨਿਰਅੱਖਰ ਧਾਰ ਅੱਖਰਾਂ ਵਿਚ ਪਰਗਟਾਈਆ । ਜਿਸ ਦਾ ਲਹਿਣਾ ਦੇਣਾ ਲੇਖਾ ਤਨ ਵਜੂਦ ਮਾਟੀ ਖਾਕ ਪਾਵਣਹਾਰਾ ਸਾਰ, ਲੱਖ ਚੁਰਾਸੀ ਅੰਡਜ਼ ਜੇਰਜ ਉਤਭੁਜ ਸੇਤਜ ਚਾਰੇ ਖਾਣੀ ਵੇਖ ਵਖਾਈਆ । ਸੋ ਪੁਰਖ ਅਕਾਲਾ ਦੀਨ ਦਿਆਲਾ ਪਰਵਰਦਿਗਾਰ ਸਾਂਝਾ ਯਾਰ, ਰਾਮ ਰਹੀਮਾ ਕ੍ਰਿਸ਼ਨਾ ਕਾਹਨਾ ਮਰਦ ਮਰਦਾਨਾ ਇਕ ਅਖਵਾਈਆ । ਜੋ ਭਗਤਾਂ ਸੰਤਾਂ ਸੂਫੀਆਂ ਅੰਤਰ ਨਿਰੰਤਰ ਨਿਝ ਨੇਤਰ ਦੇਵਣਹਾਰ ਦੀਦਾਰ, ਜੋਤੀ ਜਾਤਾ ਪੁਰਖ ਬਿਧਾਤਾ ਇਕੋ ਨਜ਼ਰੀ ਆਈਆ । ਜਿਸ ਦਾ ਨਾਦ ਸ਼ਬਦ ਧੁਨ ਤਨ ਮੰਦਰ ਅੰਦਰ ਸਚੀ ਧੁਨਕਾਰ, ਬਿਨ ਰਸਨਾ ਜਿਹਵਾ ਬੱਤੀ ਦੰਦ ਸਿਫ਼ਤੀ ਢੋਲੇ ਨਾਮ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਆਪ ਰੰਗਾਈਆ ।

ਸਤਾਈ ਜਨਵਰੀ ਕਹੇ ਮੇਰੀ ਨਮੋਂ ਨਮੋ ਡੰਡਾਵਤ, ਪਰਮ ਪੁਰਖ ਪਰਮਾਤਮ ਸੀਸ ਨਿਵਾਈਆ । ਜੋ ਏਥੇ ਉਥੇ ਦੋ ਜਹਾਨਾਂ ਸਹੀ ਸਲਾਮਤ, ਨੂਰ ਅਲ੍ਹਾ ਬੇਪਰਵਾਹ ਇਕ ਅਖਵਾਈਆ । ਜਿਸ ਦੀਨ ਦੁਨੀ ਜ਼ਾਤ ਪਾਤ ਦੀਨ ਮਜ਼੍ਹਬ ਮੇਟਣੀ ਬਗਾਵਤ, ਬਗਲਗੀਰ ਚਾਰ ਵਰਨ ਅਠਾਰਾਂ ਬਰਨ ਦੇਣ ਗਵਾਹੀਆ । ਤੂੰ ਪੁਰਖ ਅਕਾਲਾ ਦੀਨ ਦਿਆਲਾ ਜੋਤੀ ਧਾਰ ਸਭ ਨੂੰ ਸਾਚੇ ਨਾਮ ਦੀ ਦੇਵੇ ਦਾਅਵਤ, ਬਿਨ ਰਸਨਾ ਜਿਹਵਾ

ਅੰਮ੍ਰਿਤ ਰਸ ਨਿਝਰ ਦਏ ਝਿਰਾਈਆ । ਜਿਸ ਦਾ ਨਾਮ ਕਲਮਾ ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਅਗੰਮੀ ਅਮਾਨਤ, ਨਿਆਮਤ ਸਤਿ ਸਚ ਜਗਤ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮੇਲਾ ਆਪ ਮਿਲਾਈਆ ।

ਸਤਾਈ ਜਨਵਰੀ ਕਹੇ ਮੇਰਾ ਦਿਵਸ ਦਿਹਾੜਾ ਚੰਗਾ, ਪ੍ਰਭ ਦੇਵੇ ਮਾਣ ਵਡਿਆਈਆ । ਜਨ ਭਗਤਾਂ ਅੰਤਰ ਨਿਰੰਤਰ ਵਹਾਏ ਹਿਰਦੇ ਧਾਰ ਜਲ ਗੰਗਾ, ਗੋਦਾਵਰੀ ਜਮਨਾ ਸੁਰਸਤੀ ਨਾਲ ਮਿਲਾਈਆ । ਹਰਿਜਨ ਪ੍ਰਭੂ ਭਗਤ ਨਿਝ ਨੇਤਰ ਰਹੇ ਕੋਇ ਨਾ ਅੰਧਾ, ਅੰਧ ਅਗਿਆਨ ਦਏ ਮਿਟਾਈਆ । ਆਤਮ ਪਰਮਾਤਮ ਪਾਰਬ੍ਰਹਮ ਬ੍ਰਹਮ ਈਸ਼ ਜੀਵ ਜਗਦੀਸ਼ਰ ਲਾਏ ਆਪਣੇ ਅੰਗਾ, ਅੰਗੀਕਾਰ ਇਕ ਅਖਵਾਈਆ । ਜਿਸ ਦੇ ਹੁਕਮ ਵਿਚ ਸਤਿਜੁਗ ਤਰੇਤਾ ਦੁਆਪਰ ਲੰਘਾ, ਕਲਜੁਗ ਵੇਖਣਹਾਰਾ ਥਾਉਂ ਥਾਈਂਆ । ਨੌ ਖੰਡ ਪ੍ਰਿਥਮੀ ਸੱਤ ਦੀਪ ਕੂੜੀ ਕਿਰਿਆ ਕਰੇ ਦੰਗਾ, ਮਨ ਕਲਪਣਾ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਵਰ, ਸਚ ਦੁਵਾਰਾ ਏਕੰਕਾਰਾ ਇਕ ਇਕੱਲਾ ਇਕ ਪਰਗਟਾਈਆ ।

ਸਤਾਈ ਜਨਵਰੀ ਕਹੇ ਮੇਰੀ ਪੁਕਾਰ, ਪੁਨਹ ਪੁਨਹ ਸੀਸ ਨਿਵਾਈਆ । ਮੈਂ ਚਾਹੁੰਦੀ ਸਾਰੀ ਸ੍ਰਿਸ਼ਟੀ ਦਾ ਇਕ ਹੋਵੇ ਜੈਕਾਰ, ਨਾਮ ਢੋਲਾ ਸੋਹਲਾ ਇਕੋ ਰਾਗ ਜਣਾਈਆ । ਇਕੋ ਮੰਦਰ ਹੋਵੇ ਦੁਵਾਰ, ਗੁਰੂਦੁਵਾਰਾ ਸ਼ਿਵਦੁਵਾਲੇ ਮੱਠ ਚਰਚਾਂ ਵੰਡ ਨਾ ਕੋਇ ਵੰਡਾਈਆ । ਇਕੋ ਸ਼ਬਦ ਹੋਵੇ ਧੁਨਕਾਰ, ਨਾਮ ਨਿਧਾਨਾ ਵੱਜੇ ਵਧਾਈਆ । ਇਕੋ ਨੂਰ ਹੋਵੇ ਉਜਿਆਰ, ਜੋਤੀ ਜਾਤਾ ਹਰ ਘਟ ਅੰਦਰ ਬੈਠਾ ਨਜ਼ਰੀ ਆਈਆ । ਇਕੋ ਸ਼ਾਹੋ ਭੂਪ ਹੋਵੇ ਸਿਕਦਾਰ, ਸ਼ਾਹ ਸੁਲਦਾਨਾ ਇਕ ਅਖਵਾਈਆ । ਇਕੋ ਹੁਕਮ ਸੰਦੇਸਾ ਦੇਵੇ ਧੁਰ ਦੀ ਧਾਰ, ਧਰਮ ਦਾ ਮਾਰਗ ਇਕ ਸਮਝਾਈਆ । ਦੀਨ ਮਜ਼੍ਹਬ ਜ਼ਾਤ ਪਾਤ ਊਚ ਨੀਚ ਰਾਓ ਰੰਕ ਵਖਾਏ ਘਰ ਬਾਰੁ, ਜਿਸ ਘਰ ਵਸੇ ਧੁਰ ਦਾ ਮਾਹੀਆ । ਜਗਤ ਧਰਨੀ ਧਰਤ ਧਵਲ ਧੌਲ ਉਤੇ ਵੇਖੇ ਵਿਗਸੇ ਪਾਵੇ ਸਾਰ, ਪਾਰਬ੍ਰਹਮ ਪਤਿਪਰਮੇਸ਼ਵਰ ਆਪਣਾ ਖੇਲ ਖਿਲਾਈਆ । ਸਤਾਈ ਜਨਵਰੀ ਕਹੇ ਜਿਸ ਧਰਤੀ ਉਤੇ ਧੀਰ ਪੁਰ ਬਣਨਾ ਭਗਤ ਦੁਵਾਰ, ਇਹ ਨਿਸ਼ਾਨਾ ਕ੍ਰਿਸ਼ਨਾ ਕਾਹਨਾ ਜਮਨ ਕਿਨਾਰੇ ਸੀਆ ਗੋਪਾਲ ਹੋ ਕੇ ਬੰਸਰੀ ਧੁਨ ਨਾਲ ਗਿਆ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਸੰਗੀ ਇਕ ਅਖਵਾਈਆ ।

ਧਰਨੀ ਕਹੇ ਮੈਂ ਜੁਗ ਜੁਗ ਰਹੀ ਘੁੰਮਦੀ, ਭੱਜੀ ਵਾਹੋ ਦਾਹੀਆ । ਸ੍ਰੀ ਭਗਵਾਨ ਦੇ ਚਰਨ ਰਹੀ ਚੁੰਮਦੀ, ਬਿਨ ਬੁੱਲ੍ਹਾਂ ਰਸ ਚਖਾਈਆ । ਉਸ ਦੀ ਮਧੁਰ ਧੁਨ ਰਹੀ ਸੁਣਦੀ, ਜੋ ਬਿਨ ਕੰਨਾਂ ਕਰੀ ਸ਼ਨਵਾਈਆ । ਮੇਰੀ ਖੇਲ ਆਦਿ ਜੁਗਾਦਿ ਮਾਲਕ ਕੁੰਨ ਦੀ, ਦੋ ਜਹਾਨਾ ਵੇਖ ਵਖਾਈਆ । ਖਬਰ ਯਾਦ ਰੱਖਣੀ ਹੁਣ ਦੀ, ਸਹਿਜ ਨਾਲ ਰਹੀ ਦ੍ਰਿੜਾਈਆ । ਜਿਸ ਵੇਲੇ ਕਲਜੁਗ ਵਿਚਾਰ ਰਹੀ ਨਾ ਪਾਪ ਪੁੰਨ ਦੀ, ਕੂੜ ਚਾਰੋਂ ਕੁੰਟ ਹਲਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਵਰਤਾਈਆ ।

ਧਰਨੀ ਕਹੇ ਮੈਂ ਕਾਹਨ ਦੇ ਛੋਹੇ ਚਰਨ, ਮੇਰੇ ਅੰਤਰ ਖੁਸ਼ੀ ਆਈਆ । ਮੇਰਾ ਖੁਲ੍ਹਿਆ ਹਰਨ ਫਰਨ, ਪਰਦਾ ਪਰਦਿਆਂ ਵਿਚੋਂ ਉਠਾਈਆ । ਮੈਂ ਭੈ ਵਿਚ ਲੱਗੀ ਡਰਨ, ਨਿਉਂ ਨਿਉਂ ਸੀਸ ਨਿਵਾਈਆ । ਪੱਲੂ ਲਗੀ ਫੜਨ, ਆਪਣੀ ਗੰਢ ਪੁਵਾਈਆ । ਧਰਨੀ ਕਹੇ ਮੈਨੂੰ ਇਸ਼ਾਰਾ ਦਿਤਾ ਧਰਤੀ ਕਲਜੁਗ ਅੰਤ ਜਿਸ ਵੇਲੇ ਸ੍ਰਿਸ਼ਟੀ ਮਨ ਕਲਪਣਾ ਵਿਚ ਲੱਗੀ ਸੜਨ, ਚਾਰੋਂ ਕੁੰਟ ਅਗਨ ਨਾ ਕੋਇ ਬੁਝਾਈਆ ।

ਕੂੜੀ ਵਿਦਿਆ ਲੱਗੀ ਪੜ੍ਹਨ, ਆਤਮ ਵਿਦਿਆ ਜਾਂਣ ਭੁਲਾਈਆ । ਘਰ ਘਰ ਸ਼ਰੀਰ ਹੰਕਾਰੀ ਬਣੇ ਗੜ੍ਹਨ, ਹਉਮੇ ਹੰਗਤਾ ਨਾ ਕੋਇ ਮਿਟਾਈਆ । ਸਾਚੇ ਮੰਦਰ ਸਚ ਦੁਵਾਰ ਜਗਿਆਸੂ ਮੂਲ ਨਾ ਵੜਨ, ਜਗਤ ਵਾਸਨਾ ਭੱਜਣ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ ।

ਧਰਨੀ ਕਹੇ ਪ੍ਰਭੂ ਸਾਚੇ ਭਗਤਾਂ ਦੇ ਅਧਾਰ, ਸਿਰ ਸਿਰ ਹੱਥ ਟਿਕਾਈਆ । ਚਾਰ ਵਰਨਾਂ ਦੇ ਪਿਆਰ, ਸ਼ੱਤਰੀ ਬ੍ਰਹਮਣ ਸ਼ੂਦਰ ਵੈਸ਼ ਵੰਡ ਨਾ ਕੋਇ ਵੰਡਾਈਆ । ਦੀਨਾਂ ਮਜ਼੍ਹਬਾਂ ਇਕ ਵਖਾ ਸਚਾ ਘਰ ਘਰ ਬਾਹਰ, ਦਰਗਾਹ ਸਾਚੀ ਸਚਖੰਡ ਮੁਕਾਮੇ ਹੱਕ ਹੱਕ ਸਮਝਾਈਆ । ਮੇਰੀ ਅੰਤ ਕੰਤ ਭਗਵੰਤ ਸਦੀ ਚੌਧਵੀਂ ਪੈਜ ਸੁਵਾਰ, ਤੇਰੇ ਅੱਗੇ ਮੰਗ ਮੰਗਾਈਆ । ਮੇਰੀ ਆਸ਼ਾ ਪੁਰਾਣੀ ਸਾਰੀ ਦੁਨੀਆ ਉਤੇ ਸਾਰੀ ਸ੍ਰਿਸ਼ਟੀ ਮਾਨਵਤਾ ਦਾ ਇਕੋ ਤੇਰੇ ਪਿਆਰ ਦਾ ਹੋਵੇ ਭਗਤ ਦੁਵਾਰ, ਭਗਵਨ ਸਭ ਨੂੰ ਮਿਲਕੇ ਵੱਜੇ ਵਧਾਈਆ । ਦੂਈ ਦੁਵੈਤ ਸ਼ਰਅ ਸ਼ਰਾਇਤ ਅੰਦਰੋਂ ਕੱਢਣੀ ਬਾਹਰ, ਮਨ ਕਲਪਣਾ ਕੂੜ ਕਿਰਿਆ ਕਰਨੀ ਆਪ ਸਫਾਈਆ । ਤੂੰ ਸ਼ਾਹੋ ਭੂਪ ਸ਼ਹਿਨਸ਼ਾਹ ਸਿਕਦਾਰ, ਤੇਰੇ ਹੱਥ ਵਡਿਆਈਆ । ਧਰਨੀ ਕਹੇ ਏਸ ਧਾਮ ਦਾ ਲੇਖ ਲਿਖਣ ਲਈ ਆ ਗਏ ਇਨਸਪੈਕਟਰ ਸਾਹਿਬ ਤੇ ਨਾਲ ਤਹਿਸੀਲਦਾਰ, ਤਸੱਲੀ ਕਰਕੇ ਜਾਣ ਚਾਈਂ ਚਾਈਂਆ । ਇਹ ਕੋਈ ਠੱਗਾਂ ਚੋਰਾਂ ਦਾ ਨਹੀਂ ਬਜ਼ਾਰ, ਮਜ਼੍ਹਬੀ ਵੰਡ ਨਾ ਕੋਇ ਵੰਡਾਈਆ । ਏਥੇ ਇਕੋ ਪਰਮ ਪੁਰਖ ਪਰਮਾਤਮ ਨੂੰ ਹੋਣੀ ਨਿਮਸਕਾਰ, ਦੂਜਾ ਇਸ਼ਟ ਨਾ ਕੋਇ ਮਨਾਈਆ । ਆਤਮਾ ਪਰਮਾਤਮਾ ਪਰਮਾਤਮਾ ਆਤਮਾ ਹੋਵੇ ਜੈ ਜੈਕਾਰ, ਤੂੰ ਮੇਰਾ ਮੈਂ ਤੇਰਾ ਸਾਚਾ ਮੇਲਾ ਮਿਲੇ ਸਹਿਜ ਸੁਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਨਿੱਤ ਨਵਿਤ ਨਿਰਗੁਣ ਸਰਗੁਣ ਖੇਲੇ ਖੇਲ ਅਗੰਮ ਅਪਾਰ, ਅਲਖ ਅਗੋਚਰ ਅਗੰਮ ਅਥਾਹ ਬੇਪਰਵਾਹ, ਪਰਵਰਦਿਗਾਰ ਸਾਂਝੇ ਯਾਰ ਨੂਰ ਅਲ੍ਹਾ ਇਕ ਅਖਵਾਈਆ ।